ਬਾਬ-48

## ਦੂਜੀ ਉਦਾਸੀ ਭਾਗ-4

# ਬੁਰਹਾਨਪੁਰ ਤੋਂ ਸਿਰਸਾ

**ਬੁਰਹਾਨਪੁਰ** (ਅੰਦਾਜ਼ਨ ਜਨਵਰੀ 1517 ਈ.)

ਮੱਧ ਪ੍ਰਦੇਸ ਦਾ ਬੁਰਹਾਨਪੁਰ ਸ਼ਹਿਰ ਤਾਪਤੀ ਨਦੀ ਕੰਢੇ ਮਹਾਰਾਸ਼ਟਰ ਦੀ ਸਰਹੱਦ ਤੇ ਹੈ। ਇਤਹਾਸ ਵਿੱਚ ਬੁਰਹਾਨਪੁਰ ਨੂੰ ਦੱਖਣ ਦਾ ਦਰਵਾਜਾ ਕਹਿ ਕੇ ਯਾਦ ਕੀਤਾ ਜਾਂਦਾ ਹੈ। ਮੱਧ ਕਾਲ ਵਿੱਚ ਇਹ ਬਿਦਰ ਦੀ ਬਾਹਮਣੀ ਰਿਆਸਤ ਤੇ ਮੁਗਲ ਸਲਤਨਤ ਤੋਂ ਵੱਖਰੀ ਹੀ ਸੀ। ਇਸ ਰਿਆਸਤ ਕੋਲ 20 ਕਿ. ਮੀ. ਉਰੇ ਅਸੀਰਗੜ੍ਹ ਨਾਂ ਦਾ ਕਿਲਾ ਸੀ ਜਿਸ ਨੂੰ ਕੋਈ ਫਤਹਿ ਸੀ ਕਰ ਸਕਿਆ।ਮੁਗਲ ਰਾਜ ਹੋਣ ਤੋਂ ਪਹਿਲਾਂ ਇਥੇ ਫਾਰੂਕੀ ਬੰਸ ਦਾ ਰਾਜ ਸੀ। ਅਕਬਰ ਨੇ ਵੱਡੀ ਸਿਆਸਤ ਤੇ ਦਾਅ-ਪੇਚ ਦੀ ਨੀਤੀ ਖੇਡ ਇਨ੍ਹੰ ਜਿਤਿਆ ਸੀ। ਬਾਦਸ਼ਾਹ ਬਣਨ ਤੋਂ ਪਹਿਲਾਂ ਤਰਤੀਬਵਾਰ ਸ਼ਾਹਜਾਦਾ ਸ਼ਾਹ ਜਹਾਨ ਤੇ ਔਰੰਗਜੇਬ ਲੰਮੇ ਸਮੇਂ ਤੱਕ ਇਸ ਸ਼ਹਿਰ ਵਿੱਚ ਸੂਬੇਦਾਰ ਰਹੇ ਸਨ।




ਜਦੋਂ ਗੁਰੂ ਸਾਹਿਬ ਨੇ ਇਸ ਸ਼ਹਿਰ ਵਿੱਚ ਚਰਨ ਪਾਏ ਓਦੋਂ ਇਥੋਂ ਦਾ ਰਾਜਾ ਮੀਰਾਂ ਆਦਿਲ ਖਾਂ (ਅਜ਼ੀਮ ਹਮਾਯੂ) (1510-1520 ਈ) ਸੀ। ਬੜੀ ਰਾਜਨੀਤਕ ਕੱਸ਼ ਮਕੱਸ਼ ਚਲ ਰਹੀ ਸੀ। ਰਾਜੇ ਨੂੰ ਆਪਣਾ ਨਵਾਂ ਨਵਾਂ ਰਾਜ ਖੁਸਣ ਦਾ ਖਤਰਾ ਰਹਿੰਦਾ ਸੀ ਇਸ ਕਰਕੇ ਇਸ ਰਾਜੇ ਦੇ ਸਹੁਰੇ ਗੁਜਰਾਤ ਦੇ ਬਾਦਸ਼ਾਹ ਮੁਜੱਫਰ ਸ਼ਾਹ ਦੂਜੇ ਨੇ ਵੱਡੀ ਫੌਜ ਭੇਜ ਕੇ ਇਹਦੀ ਮਦਦ ਕੀਤੀ ਸੀ।

ਗੁਰੂ ਸਾਹਿਬ ਇਸ ਨਗਰ ਪਹੁੰਚੇ ਤਾਂ ਇਥੋਂ ਦੇ ਹਿੰਦੂ ਵਪਾਰੀਆਂ ਨੇ ਗੁਰੂ ਸਾਹਿਬ ਵਿੱਚ ਖਾਸੀ ਦਿਲਚਸਪੀ ਦਿਖਾਈ। ਜਿਵੇ ਪਹਿਲਾਂ ਲਿਖਿਆ ਹੈ ਗੁਰੂ ਸਾਹਿਬ ਦਾ ਜੱਸ ਦੂਰ ਦੂਰ ਤੱਕ ਫੈਲ ਚੁੱਕਾ ਸੀ। ਜਦੋਂ ਵਪਾਰੀਆਂ ਨੂੰ ਪਤਾ ਲੱਗਾ ਕਿ ਸਾਹਿਬ ਦੂਰ ਦੂਰ ਲੰਕਾ ਤੱਕ ਤੀਰਥ ਯਾਤਰਾ ਕਰਕੇ ਆਏ ਹਨ ਤਾਂ ਉਨਾਂ ਆਪਣੀ ਮਜਬੂਰੀ ਜ਼ਾਹਿਰ ਕੀਤੀ ਕਿ ਸਾਡੇ ਵਾਸਤੇ 68 ਤੀਰਥ ਅਸਥਾਨਾਂ ਤੇ ਯਾਤਰਾ ਤੇ ਜਾਣਾ ਮੁਸ਼ਕਲ ਹੈ। ਗੁਰੂ ਸਾਹਿਬ ਨੇ ਉਨਾਂ ਨੂੰ ਸਮਝਾਇਆ ਕਿ ਮੈਂ ਤੀਰਥ ਯਾਤਰਾ ਨਹੀ ਕਰ ਰਿਹਾ। ਮੈਂ ਤਾਂ ਤੀਰਥਾਂ ਤੇ ਜਾ ਕੇ ਲੋਕਾਂ ਨੂੰ ਸੁਚੇਤ ਕਰ ਰਿਹਾ ਹੈ ਕਿ ਤੀਰਥ ਤੁਹਾਡੇ ਕੋਲ ਹੈ ਐਵੇ ਨਾਂ ਭਟਕਦੇ ਫਿਰੋ। ਭਾਈ ਜੇ ਤੀਰਥ ਯਾਤਰਾ ਨਾਲ ਹੀ ਮੁਕਤੀ ਮਿਲਦੀ ਹੋਵੇ ਤਾਂ ਆਹ ਸਾਧੂ ਸੰਤ ਤਾਂ ਸਾਰੀ ਜ਼ਿੰਦਗੀ ਭਰਮਦੇ ਹੀ ਰਹਿੰਦੇ ਨੇ। ਸਵਾਲ ਹੈ ਸਰਬ ਵਿਆਪਕ ਪ੍ਰਭੂ ਦੀ ਹੋਂਦ ਨੂੰ ਸਮਝਣ ਦਾ। ਉਹਦੀ ਹਸਤੀ ਤੇ ਵਿੱਚਾਰ ਕਰਨ ਦਾ। ਫਿਰ ਉਹਦੇ ਗੁਣ ਗਾਉਣੇ। ਜਸ ਗਾਉਣਾ ਭਾਵ ਨਾਮ ਜਪਣਾ। ਨਾਮ ਹੀ ਤੀਰਥ ਯਾਤਰਾ ਹੈ। ਸਾਹਿਬ ਉਪਦੇਸ਼ ਕਰ ਰਹੇ ਸਨ ਕਿ ਮਰਦਾਨੇ ਨੇ ਰਬਾਬ ਛੇੜ ਦਿੱਤੀ। ਸਾਹਿਬ ਨੇ ਸ਼ਬਦ ਉਚਾਰਿਆ:

ਮਾਰੂ ਅਸਟਪਦੀਆ ਮਹਲਾ ੧ ਘਰੁ ੧ ੴ ਸਤਿਗੁਰ ਪ੍ਰਸਾਦਿ ॥

ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ ॥ ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ ॥ ਸਾਚੋ ਸਾਹਿਬੁ ਨਿਰਮਲੋ ਮਨਿ ਮਾਨੈ ਏਕਾ ॥੧॥ ਤੂ ਅਜਰਾਵਰੁ ਅਮਰੁ ਤੂ ਸਭ ਚਾਲਣਹਾਰੀ ॥ ਨਾਮੁ ਰਸਾਇਣੁ ਭਾਇ ਲੈ ਪਰਹਰਿ ਦੁਖੁ ਭਾਰੀ ॥੧॥ ਰਹਾਉ ॥ ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥ ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ ॥ ਅਠਸਠਿ ਤੀਰਥ ਹਰਿ ਨਾਮੁ ਹੈ ਕਿਲਵਿਖ ਕਾਟਣਹਾਰਾ ॥੨॥ ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥ ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥ ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ ॥੩॥ ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥ ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥ ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ ॥੪॥ ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ॥ ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ॥ ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ ॥੫॥ ਸਾਚੀ ਸੰਗਤਿ ਥਾਨੁ ਸਚੁ ਸਚੇ ਘਰ ਬਾਰਾ ॥ ਸਚਾ ਭੋਜਨੁ ਭਾਉ ਸਚੁ ਸਚੁ ਨਾਮੁ ਅਧਾਰਾ ॥ ਸਚੀ ਬਾਣੀ ਸੰਤੋਖਿਆ ਸਚਾ ਸਬਦੁ ਵੀਚਾਰਾ ॥੬॥ ਰਸ ਭੋਗਣ ਪਾਤਿਸਾਹੀਆ ਦੁਖ ਸੁਖ ਸੰਘਾਰਾ ॥ ਮੋਟਾ ਨਾਉ ਧਰਾਈਐ ਗਲਿ ਅਉਗਣ ਭਾਰਾ ॥ ਮਾਣਸ ਦਾਤਿ ਨ ਹੋਵਈ ਤੂ ਦਾਤਾ ਸਾਰਾ ॥੭॥ ਅਗਮ ਅਗੋਚਰੁ ਤੂ ਧਣੀ ਅਵਿਗਤੁ ਅਪਾਰਾ ॥ ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ ॥ ਨਾਨਕ ਮੇਲੁ ਨ ਚੂਕਈ ਸਾਚੇ ਵਾਪਾਰਾ ॥

ਜਿਵੇ ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ ਭਾਰਤ ਵਿੱਚਲੇ ਮੁਸਲਮਾਨ ਹੁਕਮਰਾਨ ਅਮੂਮਨ ਆਪਣੇ ਨਾਲ ਪੰਜਾਬੀ ਲੋਕਾਂ ਨੂੰ ਰੱਖਦੇ ਸਨ, ਕਿਉਂਕਿ ਪੰਜਾਬੀ ਵਪਾਰੀ ਫਾਰਸੀ ਵੀ ਸਮਝਿਆ ਕਰਦੇ ਸਨ। ਬੁਰਹਾਨ ਪੁਰ ਵਿੱਚ ਵੀ ਕਈ ਖਤਰੀ ਤੇ ਅਰੋੜੇ ਪਰਵਾਰ ਆ ਅਬਾਦ ਹੋ ਚੁੱਕੇ ਸਨ। ਗੁਰੂ ਸਾਹਿਬ ਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਲੱਗ ਪਾਸੇ ਸਾਰੇ ਪੰਜਾਬੀ ਸਿੱਖੀ ਦੇ ਦਾਇਰੇ ਵਿੱਚ ਆ ਗਏ। ਸ਼ਹਿਰ ਵਿੱਚ ਧਰਮਸਾਲ ਵੀ ਹੁੰਦੀ ਸੀ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਇਥੋਂ ਦੀ ਸੰਗਤ ਨੂੰ ਵੱਡਾ ਮੇਲ ਕਿਹਾ ਤੇ ਸ਼ਹਿਰ ਦੇ ਗੁਰਸਿਖਾਂ ਬਾਰੇ ਵੀ ਵਰਨਣ ਕੀਤਾ ਹੈ।

ਮੇਲ ਵਡਾ ਬੁਰਹਾਨ ਪੁਰ ਸਨਮੁਖ ਸਿਖ ਸਹਜ ਪਰਗਾਸ॥<br>
ਭਗਤ ਭਈਆ ਭਗਵਾਨਦਾਸ ਨਾਲ ਬੋਲਦਾ ਘਰੇ ਉਦਾਸ॥

ਭਾਈ ਭਗਵਾਨ ਦਾਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਲੰਮੀ ਉਮਰ ਹੰਢਾਈ ਤੇ ਗੁਰੂ ਹਰਗੋਬਿੰਦ ਸਾਹਿਬ ਦੇ ਵੇਲਿਆਂ 'ਚ ਉਹਦਾ ਦਿਹਾਂਤ ਹੋਇਆ। ਅੰਦਾਜ਼ਾ ਹੈ ਕਿ ਭਗਵਾਨ ਦਾਸ ਦੇ ਵਡੇਰਿਆਂ ਵਿੱਚੋਂ ਹੀ ਕਿਸੇ ਨੇ ਗੁਰੂ ਨਾਨਕ ਪਾਤਸ਼ਾਹ ਦੀ ਸਥਾਪਤ ਸੰਗਤ ਨੂੰ ਅੱਗੇ ਤੋਰਿਆ ਸੀ। ਦਿਲਚਸਪ ਗੱਲ ਇਹ



ਗੁਰਦੁਆਰਾ ਸਾਹਿਬ ਰਾਜਘਾਟ ਪਾਤਸ਼ਾਹੀ ਪਹਿਲੀ ਬੁਹਰਾਨਪੁਰ।

ਹੈ ਕਿ ਭਾਈ ਭਗਵਾਨ ਦਾਸ ਖੁੱਦ ਪੰਜਾਬੀ ਨਹੀ ਸੀ। ਅੱਗੋ ਉਹਦਾ ਖਾਨਦਾਨ ਫਿਰ ਹਿੰਦੂ ਧਰਮ ਵਿੱਚ ਪਰਤ ਚੁੱਕਾ ਹੈ। ਦਰ ਅਸਲ ਕਿਸੇ ਬਰਾਦਰੀ ਵਿੱਚ ਜੇ ਕੋਈ ਇੱਕਾ ਦੁੱਕਾ ਸਿੱਖ ਬਣੇਗਾ ਤਾਂ ਉਹਦੀਆਂ ਆਉਣ ਵਾਲੀਆਂ ਪੀੜੀਆਂ ਫਿਰ ਵਾਪਸ ਮੂਲ ਧਰਮ ਵਿੱਚ ਚਲੀਆਂ ਜਾਂਦੀਆਂ ਹਨ। ਜਦੋਂ ਵਿਆਹ ਉਪਰੰਤ ਦੂਜੇ ਧਰਮ ਦੀਆਂ ਧੀਆਂ ਘਰ ਆਉਦੀਆਂ ਹਨ ਤਾਂ ਉਹ ਆਪਣਾ ਧਰਮ ਆਪਣੇ ਬੱਚਿਆਂ ਤੱਕ ਪਹੁੰਚਾ ਦਿੰਦੀਆਂ ਹਨ। ਭਾਰਤ ਵਿੱਚ ਕਿਉਕਿ ਵਿਆਹ ਮੌਕੇ ਲੋਕ ਜਾਤ ਪਾਤ ਵੇਖਦੇ ਹਨ ਜਿਸ ਕਾਰਨ ਸਿੱਖੀ ਨੂੰ ਵੱਡਾ ਧੱਕਾ ਲੱਗਾ ਹੈ। ਅੱਜ ਸ਼ੁਕਰ ਹੈ ਗੁਰੂ ਦੇ ਸਿੱਖ ਜਾਤ ਪਾਤ ਦੇ ਬੰਧਨ ਤੋਂ ਮੁਕਤ ਹੁੰਦੇ ਜਾਂ ਰਹੇ ਹਨ ਜਿਸ ਕਾਰਨ ਪੰਜਾਬੋਂ ਬਾਹਰ ਦੀ ਸਿੱਖੀ ਦਾ ਭਵਿਖ ਰੋਸ਼ਨ ਹੈ।

ਅੱਜ ਵੀ ਬੁਰਹਾਨਪੁਰ ਵਿਖੇ ਜਿਹੜਾ ਮੁੱਖ ਗੁਰਅਸਥਾਨ⊙ ਹੈ ਉਹ ਵੱਡੀ ਸੰਗਤ ਹੀ ਕਹਾਉਦਾ ਹੈ। ਮੁੱਖ ਗੁਰਦੁਆਰਾ ਅੱਜ ਉਸ ਅਸਥਾਨ ਤੇ ਸ਼ੁਸ਼ੋਭਿਤ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਮੁਤਬੰਨੇ ਪੁੱਤਰ ਅਜੀਤ ਸਿੰਘ ਦੇ ਪੁੱਤਰ ਹਠੀ ਸਿੰਘ ਦੀ ਸਮਾਧੀ ਹੈ। ਇਹ ਅਸਥਾਨ ਬੁਰਹਾਨਪੁਰ ਸ਼ਹਿਰ ਦੀ ਚਾਰ ਦੀਵਾਰੀ ਤੋਂ ਬਾਹਰ ਹੈ। ਨੰਦੇੜ ਨੂੰ ਜਾਂਦੇ ਵਕਤ ਦਸਮ ਪਾਤਸ਼ਾਹ ਵੀ ਇਸੇ ਹੀ ਅਸਥਾਨ ਤੇ ਕੁਝ ਸਮਾਂ ਠਹਿਰੇ ਸਨ। ਇਥੇ ਦਸਮ ਪਾਤਸ਼ਾਹ ਦੇ ਮੁਬਾਰਕ ਦਸਤਖਤਾਂ ਵਾਲੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਮੌਜੂਦ ਹੈ ਜਿਸ ਦੀ ਕਿਨਾਰੀ ਤੇ ਸੁਨਿਹਰੀ ਵੇਲ ਹੈ।

ਗੁਰਸਿੱਖਾਂ ਨੇ ਉਂਜ ਉਹ ਟਿਕਾਣਾ ਵੀ ਸਾਂਭਿਆ ਹੋਇਆ ਹੈ ਜਿੱਥੇ ਗੁਰੂ ਨਾਨਕ ਸਾਹਿਬ ਤਾਪਤੀ ਦੇ ਕੰਢੇ ਬਿਰਾਜੇ ਸਨ। ਇਹ ਗੁਰਧਾਮ ਰਾਜਘਾਟ ਗੁਰਦੁਆਰਾ ਪਾਤਸ਼ਾਹੀ ਪਹਿਲੀ ਕਹਾਉਦਾ ਹੈ।◆

ਹੇਠ ਸ਼ੁਸ਼ੋਭਿਤ ਸ਼ਬਦ ਵੀ ਏਥੇ ਹੀ ਰਚਿਆ ਗਇਆ ਸੀ।

ਗਉੜੀ ਮਹਲਾ ੧ ਦਖਣੀ ॥ ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ ਆਪਿ ਭੁਲਾਏ ਠਉਰ ਨ ਠਾਉ ॥ ਤੂੰ ਸਮਝਾਵਹਿ ਮੇਲਿ ਮਿਲਾਉ ॥੧॥ ਨਾਮੁ ਮਿਲੈ ਚਲੈ ਮੈ ਨਾਲਿ ॥ ਬਿਨੁ ਨਾਵੈ ਬਾਧੀ ਸਭ ਕਾਲਿ ॥੧॥ ਰਹਾਉ ॥ ਖੇਤੀ ਵਣਜੁ ਨਾਵੈ ਕੀ ਓਟ ॥ ਪਾਪੁ ਪੁੰਨੁ ਬੀਜ ਕੀ ਪੋਟ ॥ ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥ ਸਾਚੇ ਗੁਰ ਕੀ ਸਾਚੀ ਸੀਖ ॥ ਤਨੁ ਮਨੁ ਸੀਤਲੁ ਸਾਚੁ ਪਰੀਖ ॥ ਜਲ ਪੁਰਾਇਨਿ ਰਸ ਕਮਲ ਪਰੀਖ ॥ ਸਬਦਿ ਰਤੇ ਮੀਠੇ ਰਸ ਈਖ ॥੩॥ ਹੁਕਮਿ ਸੰਜੋਗੀ ਗੜਿ ਦਸ ਦੁਆਰ ॥ ਪੰਚ ਵਸਹਿ ਮਿਲਿ ਜੋਤਿ ਅਪਾਰ ॥ ਆਪਿ ਤੁਲੈ ਆਪੇ ਵਣਜਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੫॥

ਇਥੇ ਕੁਝ ਦਿਨ ਰਹਿ ਕੇ ਗੁਰੂ ਸਾਹਿਬ ਓਂਕਾਰੇਸ਼ਵਰ ਨੂੰ ਰਵਾਨਾ ਹੋ ਗਏ।

-----◈-----

ਪੈੜ ਸਫਾ

◆ਸਾਈਕਲ ਯਾਤਰੀ- ⊙ 'ਜਿੰਦਗੀਨਾਮੇ' ਦਾ ਲਿਖਾਰੀ ਪਹਿਲਾਂ ਨਾਸਤਕ ਹੁੰਦਾ ਸੀ। ਫਿਰ ਸਰਕਾਰੀ ਨੌਕਰੀ ਦੌਰਾਨ, ਸੰਨ 1985 ਤੋਂ 1988 ਤੱਕ ਇਥੇ ਬੁਰਹਾਨਪੁਰ ਇਸ ਹੀ ਗੁਰਦੁਆਰੇ ਦੇ ਮੁਲਾਜਮ ਕਵਾਟਰਾਂ ਵਿੱਚ ਰਿਹਾ ਸੀ। ਜਿਸ ਕਾਰਨ ਗੁਰਮਤ ਵਿੱਚ ਕੁਝ ਸ਼ਰਧਾ ਬਣੀ। ਫਿਰ ਇਸ ਸ਼ਹਿਰ ਵਿੱਚ ਇੰਚ ਇੰਚ ਤੇ ਇਤਹਾਸਿਕ ਖੰਡਰਾਂਤ ਜਾਂ ਇਮਾਰਤਾਂ ਹਨ ਜਿਸ ਕਰਕੇ ਲਿਖਾਰੀ ਦੀ ਇਤਹਾਸ ਵਿੱਚ ਵੀ ਦਿਲਚਸਪੀ ਵਧ ਗਈ। ਸ਼ਹਿਰ ਦੇ ਪੁਰਾਤਤਵ ਬਾਰੇ ਲੇਖ ਭਾਰਤ ਦੇ ਵੱਡੇ ਅੰਗਰੇਜੀ ਅਖਬਾਰਾਂ ਵਿੱਚ ਓਨੀ ਦਿਨੀ ਇਸ ਦਾਸਰੇ ਵਲੋਂ ਛਪਦੇ ਰਹੇ ਸਨ। ਇਥੋਂ ਦਾ 450 ਪੁਰਾਣਾ ਪਾਣੀ ਸਪਲਾਈ ਵਾਲਾ ਸਿਸਟਮ ਅੱਜ ਵੀ ਚਲ ਰਿਹਾ ਹੈ।

## ਫਰਵਰੀ 1515

## ਮਨਧਾਤਾ ਓਂਕਾਰੇਸ਼ਵਰ ਵਿਖੇ ਬਾਬੇ ਦੀ ਆਰਤੀ ਉਤਾਰੀ ਗਈ

ਬੁਰਹਾਨ ਤੋਂ 20 ਕਿ.ਮੀ. ਉਤਰ ਵਲ ਚਲਕੇ ਗੁਰੂ ਸਾਹਿਬ ਨੇ ਅਸੀਰਗੜ੍ਹ ਕਿਲਾ ਵੇਖਿਆ।

ਅੱਗੇ ਫਿਰ ਪਹਾੜ ਪਾਸੇ 100 ਕਿ.ਮੀ. ਚਲ ਕੇ ਗੁਰੂ ਸਾਹਿਬ ਓਂਕਾਰੇਸ਼ਵਰ ਪਹੁੰਚ ਗਏ। ਨਰਬਦਾ ਨਦੀ ਕਿਨਾਰੇ ਟਾਪੂ ਤੇ ਮੌਜੂਦ ਓਂਕਾਰੇਸ਼ਵਰ ਬਹੁਤ ਰਮਣੀਕ ਫਿਜਾ ਵਿੱਚ ਮੌਜੂਦ ਹੈ। ਇਥੇ ਨਰਬਦਾ ਨਦੀ ਵਿੱਚ ਉੱਤਰ ਪਾਸਿਓ ਆ ਇੱਕ ਨਾਲਾ ਮਿਲਦਾ ਹੈ ਦੂਸਰਾ ਇਥੇ ਟਾਪੂ ਹੈ ਜਿਸ ਕਾਰਨ ਨਦੀ 'ਤ' ਅੱਖਰ ਦੀ ਸ਼ਕਲ ਬਣਾਉਦੀ ਹੈ। ਹਿੰਦੂ ਇਨੂੰ ਪਵਿਤਰ 'ਓਮ' ਦਾ ਨਿਸ਼ਾਨ ਮੰਨਦੇ ਹਨ। ਇਸ ਕਰਕੇ ਇਸ ਜੋਤੀਲਿੰਗ ਦਾ ਨਾਂ




ਓਂਕਾਰੇਸ਼ਵਰ ਹੈ। ਜਿਸ ਟਾਪੂ ਤੇ ਇਹ ਮੰਦਰ ਮੌਜੂਦ ਹੈ ਉਸ ਟਾਪੂ ਜਾਂ ਪਹਾੜੀ ਨੂੰ ਮਨਧਾਤਾ ਪਹਾੜੀ ਕਿਹਾ ਜਾਂਦਾ ਹੈ। ਇਥੇ ਕੋਈ ਦਰਜਨ ਭਰ ਪੁਰਾਤਨ ਮੰਦਰ ਹਨ। ਕਿਸੇ ਭੁਚਾਲ ਆਦਿ ਕਰਕੇ ਡਿੱਗ ਚੁੱਕੇ ਦੋ ਮੰਦਰਾਂ ਦਾ ਮਲਬਾ ਵੀ ਪਿਆ ਹੈ। ਇਥੇ ਨਾਥ ਜੋਗੀਆਂ ਦਾ ਇੱਕ ਬਹੁਤ ਵਿਸ਼ਾਲ ਤੇ ਖੂਬਸੂਰਤ ਮੰਦਰ ਨਿਰਮਾਣ ਅਧੀਨ ਸੀ ਕਿ ਕੰਮ ਵਿਚੇ ਛੱਡਣਾ ਪਿਆ ਸੀ ਜੋਗੀਆਂ ਨੂੰ। ਇਸ ਮੰਦਰ ਦੀ ਕੁਰਸੀ ਤੇ ਬਹੁਤ ਹੀ ਸੁੰਦਰ ਹਾਥੀ ਉਕਰੇ ਹੋਏ ਨੇ। ਮੁੱਖ ਓਂਕਾਰੇਸ਼ਵਰ ਮੰਦਰ 11 ਵੀ ਸਦੀ ਦੀ ਬਣਤਰ ਹੈ। ਓਨਾਂ ਸਦੀਆਂ ਵਿੱਚ ਰਾਜਪੂਤ ਰਾਜਿਆਂ ਨੇ ਬਹੁਤ ਹੀ ਸੋਹਣੇ ਮੰਦਰ ਬਣਵਾਏ ਸਨ।

ਇਸ ਇਲਾਕੇ ਵਿੱਚ ਭੀਲ ਆਦਿ ਵਾਸੀਆਂ ਦਾ ਰਾਜ ਹੁੰਦਾ ਸੀ। ਕਿਹਾ ਜਾਂਦਾ ਹੈ ਕਿ 1165 ਈ. ਵਿਚ ਇਥੋਂ ਦੇ ਪੰਡੇ ਦਰਿਆਓ ਗੋਸਾਈਂ ਦੀ ਕਿਸੇ ਗੱਲੋਂ ਰਾਜਾ ਨੱਥੂ ਭੀਲ ਨਾਲ ਠੰਣ ਗਈ। ਗੁਸਾਈਂ ਨੇ ਰਾਜਸਥਾਨੀ ਰਾਜਿਆਂ ਕੋਲ ਚੁਗਲੀ ਕੀਤੀ ਕਿ ਭੀਲ ਮੰਦਰ ਦੇ ਕੰਮ ਵਿੱਚ ਵੀ ਦਖਲਅੰਦਾਜੀ ਦਿੰਦਾ ਹੈ। ਰਾਜਪੂਤਾਨਾ ਨਰੇਸ਼ ਨੇ ਝਾਲਰਾਪਟਣ ਦੇ ਸੂਬੇਦਾਰ ਭਰਤ ਸਿੰਘ ਨੂੰ ਜੋ ਰਾਜੇ

ਦਾ ਭਰਾ ਸੀ ਨੂੰ ਹੁਕਮ ਕੀਤਾ ਕਿ ਜਾਓ ਤੇ ਜਾ ਕੇ ਭੀਲ ਨੂੰ ਸਬਕ ਸਿੱਖਾਓ। ਭੀਲ ਨੇ ਉਲਟਾ ਆਪਣੀ ਧੀ ਦਾ ਡੋਲਾ ਭਰਤ ਸਿੰਘ ਦੇ ਲੜਕੇ ਨੂੰ ਦੇ ਕੇ ਭਰਤ ਸਿੰਘ ਨਾਲ ਰਿਸ਼ਤੇਦਾਰੀ ਬਣਾ ਲਈ। ਆਖਿਰ ਪੰਡੇ ਨੂੰ ਝੁੱਕਣਾ ਪਿਆ। ਸੋ ਇਸ ਮੰਦਰ ਵਿੱਚ ਭੀਲ ਰਾਜੇ ਦੀ ਦਖਲ ਅੰਦਾਜ਼ੀ ਚਲਦੀ ਆ ਰਹੀ ਹੈ ਤੇ ਮੰਦਰ ਦੇ ਨਾਲ ਹੀ ਰਾਜੇ ਦੇ ਮਹਿਲ ਨੇ।

ਇਸ ਜਗਾ ਤੇ ਨਰ ਬਲੀ ਦਾ ਵੱਖਰਾ ਤੇ ਚਲਾਕੀ ਭਰਿਆ ਰੂਪ ਹੁੰਦਾ ਸੀ। 1865ਈ. ਨੂੰ ਇੱਕ ਅੰਗਰੇਜ ਯਾਤਰੀ ਨੇ ਬਲੀ ਦਾ ਅੱਖੀ ਡਿੱਠਾ ਹਾਲ ਲਿਖਿਆ ਹੈ। ਬਲੀ ਨਾਲ ਸਨਸਨੀ ਪੈਦਾ ਹੁੰਦੀ ਸੀ ਤੇ ਲੋਕਾਂ ਦੀ ਮੰਦਰ ਵਿਖੇ ਆਮਦ ਵਧਦੀ ਸੀ ਜਿਸ ਕਰਕੇ ਪੁਜਾਰੀ ਇਸ ਨੂੰ ਉਤਸ਼ਾਹ ਦਿੰਦੇ ਸਨ। ਮੰਦਰ ਦੇ ਚੜ੍ਹਦੇ ਪਾਸੇ ਬੀਰਖਲਾ ਨਾਂ ਦੀ ਪਹਾੜੀ ਹੈ ਜਿਸ ਦੀ ਨਰਬਦਾ ਨਦੀ ਦੇ ਨਾਲ ਬਿਲਕੁਲ ਕੰਧ ਵਾਂਙੂ ਸਿੱਧੀ ਚੜਾਈ ਹੈ। ਓਥੇ ਅਫਵਾਹ ਹੁੰਦੀ ਸੀ ਕਿ ਜਿਹੜਾਂ ਇਸ ਪਹਾੜੀ ਤੋਂ ਛਾਂਲ ਮਾਰੇਗਾ ਉਹ ਸਿੱਧਾ ਸਵੱਰਗਾਂ ਨੂੰ ਜਾਏਗਾ ਤੇ ਜਿਹੜਾ ਬਚ ਜਾਏਗਾ ਉਹਨੂੰ ਇਥੋਂ ਦਾ ਰਾਜਾ ਮੰਨ ਲਿਆਂ ਜਾਏਗਾ। ਉਹ ਲਿਖਦਾ ਹੈ ਕਿ ਉਜੈਨ ਵਾਲੇ ਪਾਸਿਓ ਇੱਕ ਭਾਈ ਪੂਰਾ ਸੱਜ ਧੱਜ ਕੇ ਲੋਕਾਂ ਨਾਲ ਆਇਆ। ਸਰੀਰ ਤੇ ਕਈ ਥਾਂਈ ਸੰਧੂਰ ਮਲਿਆ ਹੋਇਆ ਸੀ। ਅੰਗਰੇਜ ਲਿਖਦਾ ਹੈ ਕਿ ਉਸ ਸ਼ਰਧਾਲੂ ਨੇ ਬੜੇ ਮਰਦਾਵੇ ਲਹਿਜੇ ਨਾਲ ਛਾਲ ਮਾਰੀ ਤੇ ਹੇਠਾਂ ਡਿਗਦੇ ਸਾਰ ਸਰੀਰ ਉਹਦਾ ਪਾਟ ਗਿਆ। ਬਾਕੀ ਮੇਲਾ ਹੋਵੇ ਤਾਂ ਹਜਾਰਾਂ ਲੱਖਾਂ ਦੀ ਭੀੜ ਜੁੜਦੀ ਸੀ। ਉਂਜ ਸਾਧੂ ਸੰਨਿਆਸੀ ਤਾਂ ਸੈਕੜਿਆਂ ਦੀ ਗਿਣਤੀ ਵਿੱਚ ਹਰ ਵੱਡੇ ਤੀਰਥ ਅਸਥਾਨ ਤੇ ਰਹਿੰਦੇ ਹੀ ਸਨ ਤੇ ਓਨਾਂ ਦਾ ਆਉਣ ਜਾਣ ਬਣਿਆ ਰਹਿੰਦਾ ਸੀ।

ਜਦੋਂ ਗੁਰੂ ਸਾਹਿਬ ਇਥੇ ਆਏ, ਪੁਜਾਰੀਆਂ ਨੇ ਹੱਥਾਂ ਤੇ ਚੁੱਕ ਲਿਆ। ਗੁਰੂ ਸਾਹਿਬ ਦੀ ਆਰਤੀ ਵੀ ਉਤਾਰੀ ਗਈ।* ਗੁਰਬਾਣੀ ਵਿਚ ਵੀ ਇਸ ਬਾਬਤ ਇਸ਼ਾਰਾ ਮਿਲਦਾ ਹੈ।

-----◈-----

## ਦਖਣੀ ਓਅੰਕਾਰ ਦੀ ਰਚਨਾ ⊙

ਓਂਕਾਰੇਸ਼ਵਰ ਰਹਿੰਦਿਆਂ ਗੁਰੂ ਸਾਹਿਬ ਨੇ ਬਹੁਤ ਬਾਣੀ ਰਚੀ। ਪਰ ਜੋ ਪ੍ਰਚਾਰਿਆ ਸਿਰਫ ਅੰਗ 929 ਤੇ ਆਉਣ ਵਾਲੀ ਬਾਣੀ ਰਾਮਕਲੀ ਵਿੱਚ 'ਦਖਣੀ ਓਅੰਕਾਰੁ" ਓਅੰਕਾਰਿ ਬ੍ਰਹਮਾ ਉਤਪਤਿ ॥ ਨੂੰ ਹੀ ਜਾਂਦਾ ਹੈ। ਓਂਕਾਰੇਸ਼ਵਰ ਵਿਖੇ ਵੀ ਸਾਧੂਆਂ ਤੇ



ਗੁਰਦੁਆਰਾ ਪਹਿਲੀ ਪਾਤਸ਼ਾਹੀ ਓਕਾਰੇਸ਼ਵਰ

ਪੰਡਤਾਂ ਨਾਲ ਰੂਹਾਨੀਅਤ ਤੇ ਡੂੰਘੀਆਂ ਵੀਚਾਰਾਂ ਹੋਈਆਂ ਸਨ। ਬਾਣੀ ਵਿੱਚ ਕੁਲ 54 ਪਉੜੀਆਂ ਹਨ। ਜੋ ਵੱਖ ਵੱਖ ਮੌਕਿਆਂ ਤੇ ਓਂਕਾਰੇਸ਼ਵਰ ਵਿਖੇ ਉਚਾਰੀਆਂ ਗਈਆਂ ਹਨ। ਕਿ:

1. ਕਿ ਰੱਬ ਨਿਰਾ ਨਿਰੰਕਾਰ ਹੀ ਨਹੀ ਉਹ ਸਰਗੁਣ ਹੈ ਉਹ ੧ਓ ਹੈ। ਆਪਣੀ ਰਚਨਾ ਵਿੱਚ ਸਮਾਇਆ ਹੋਇਆ ਹੈ। ਜੋ ਦਿਸ ਰਿਹਾ ਹੈ ਸਭ ਓਹੋ ਹੀ ਹੈ। ਫਿਰ ਇਕੋ ਇੱਕ ਨਿਰੰਕਾਰ। ਅਵਤਾਰਵਾਦ ਦੇ ਸਿਧਾਂਤ ਨੂੰ ਨਕਾਰਨਾ।
2. ਸੱਚ ਨੂੰ ਪਛਾਨਣਾ: ਸਤਿਨਾਮ ਦਾ ਸਿਧਾਂਤ।
3. ਗੁਰੂ ਦੀ ਅਹਿਮੀਅਤ।
4. ਈਸ਼ਵਰ ਦੀ ਬੇਅੰਤਤਾ।
5. ਨਾਲ ਹੀ ਜੋਗੀਆਂ ਨੂੰ ਉਪਦੇਸ ਦਿੱਤਾ ਕਿ ਸਬਦ ਬਿਨਾਂ ਭਗਤੀ ਨਿਰਾਰਥ ਹੈ। ਅਸਲ ਗਿਆਨੀ ਉਹ ਹੈ ਜੋ ਨਿਰੰਕਾਰ ਈਸ਼ਵਰ ਦੇ ਗੁਣਾਂ ਤੇ ਵੀਚਾਰ ਤੇ ਖੋਜ ਕਰਦਾ ਹੈ।
6. ਹਉਮੈ ਦੇ ਸਿਧਾਂਤ ਦੀ ਵਿਆਖਿਆ ਕੀਤੀ ਗਈ ਹੈ।

ਇਸ ਬਾਣੀ ਤੋਂ ਲੱਗਦਾ ਹੈ ਕਿ ਕੋਈ ਸੱਜਣ ਸੁਲਤਾਨਪੁਰ ਜਾਂ ਤਲਵੰਡੀ ਤੋਂ ਇਥੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਮਿਲਿਆ ਸੀ ਜਿਸ ਨੇ ਸਭ ਸੁਖ ਸੁਨੇਹਾ ਦਿੱਤਾ ਸੀ। **"ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥" "ਦਹ ਦਿਸ ਢੂਢਿ ਘਰੈ ਮਹਿ ਪਾਇਆ ॥ ਮੇਲੁ ਭਇਆ ਸਤਿਗੁਰੂ ਮਿਲਾਇਆ ॥"** ਹੋਰ ਪਤਾ ਲੱਗਦਾ ਹੈ ਕਿ ਸਾਹਿਬ ਦੀ ਭੈਣ ਗੁਰੂ ਜੀ ਨੂੰ ਬਹੁਤ ਯਾਦ ਕਰ ਰਹੀ ਹੈ, **"ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥ ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ ॥"** ਕਿਸੇ ਰਾਜਾ ਦੀ ਜਿਆਦਤੀ ਵਲ ਵੀ ਇਸ਼ਾਰਾ ਹੈ, **"ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥ ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥"**

ਗੁਰੂ ਸਾਹਿਬ ਦੀ ਇਥੇ ਜੋ ਆਓ ਭਗਤ ਹੋਈ ਸੀ ਉਸ ਬਾਬਤ ਵੀ ਦੋ ਤਿੰਨ ਥਾਂਈ ਜਿਕਰ ਹੈ. **" ਪ੍ਰੀਤਮ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ " ਬਿਨੁ ਸਾਚੇ ਨਹੀ ਦਰਗਹ ਮਾਨੁ ॥" "ਕਰਤੇ ਹਥਿ ਵਡਿਆਈਆ ਬੂਝਹੁ ਗੁਰ ਬੀਚਾਰਿ ॥"**

-----◈-----



ਗੁਰੂ ਸਾਹਿਬ ਦੇ ਵੇਲਿਆਂ ਦਾ ਓਂਕਾਰੇਸ਼ਵਰ ਦਾ ਸਿੱਧ ਨਾਥ ਮੰਦਰ ਇਹਦੀ ਚਿਣਾਈ ਚਲ ਰਹੀ ਸੀ ਕਿ ਕੋਈ ਐਸੀ ਆਫਤ ਆਈ ਕਿ ਕੰਮ ਵਿਚੇ ਹੀ ਰੁਕ ਗਇਆ। ਇਹਦੀ ਕੁਰਸੀ ਤੇ ਚੁਫੇਰੇ ਬਣੇ ਹਾਥੀ ਦੱਸਦੇ ਹਨ ਕਿ ਜੇ ਪੂਰਾ ਹੁੰਦਾ ਤਾਂ ਮੰਦਰ ਦਾ ਗੌਰਵ ਹੀ ਵੱਖਰਾ ਹੋਣਾ ਸੀ। ਕਾਸ਼ ਰਿੱਧੀਆਂ ਸਿੱਧੀਆਂ ਦਾ ਮਾਲਕ ਮਹੰਤ ਭਵਿਖ ਨਾਂ ਵੇਖ ਸਕਿਆ।

**ਪੈੜ ਸੂਹ**

⊙ ਸਰੋਤ ਸੋਢੀ- (ਦੱਖਣੀ ਓਅੰਕਾਰ ਨੂੰ ਕਹਿਣਾ ਕਿ ਇਹ ਬਨਾਰਸ ਵਿਖੇ ਰਚੀ ਗਈ ਸੀ ਵੱਡੀ ਭੁਲ ਹੈ ਕਿਉਕਿ ਇੱਕ ਤਾਂ ਬਾਣੀ ਦੇ ਨਾਂ ਤੋਂ ਹੀ ਸਾਫ ਹੋ ਜਾਂਦਾ ਹੈ ਦੂਸਰਾ ਬਿਧਾਤਾ ਬਿਧਾਤਾ ਸ਼ਬਦ ਦਾ ਬਾਰ ਬਾਰ ਆਉਣਾ ਵੀ ਇਸ ਥਾਂ ਨਾਲ ਜੋੜਦਾ ਹੈ। ਇਨੂੰ ਮੰਧਾਤਾ ਓਕਾਰੇਸ਼ਵਰ ਵੀ ਕਿਹਾ ਜਾਦਾ ਹੈ। ਓਕਾਰੇਸ਼ਵਰ ਵਿਖੇ ਸ਼ਾਹੀ ਮਹਿਲਾਂ ਦੇ ਨੇੜੇ ਹੀ ਯਾਦਗਾਰ ਗੁਰਦੁਆਰਾ ਸਾਹਿਬ ਵੀ ਮੌਜੂਦ ਹੈ।)

ਓਕਾਰੇਸ਼ਵਰ

## ਬਾਬਾ ਜੀ ਇਹ ਮਨ ਨਹੀ ਵੱਸ ਆਉਦਾ। ਇਹਦਾ ਕੀ ਕਰੀਏ? –ਇਕ ਸਾਧੂ ਪੁੱਛਦੈ

ਗੁਰੂ ਸਾਹਿਬ ਓਕਾਰੇਸ਼ਵਰ ਬਿਰਾਜੇ ਹੋਏ ਸਨ। ਸਾਧੂ ਸੰਤ ਆਪਣੇ ਆਪਣੇ ਸਵਾਲ ਕਰ ਰਹੇ ਸਨ। ਚਿੱਤਗਿਰੀ ਨਾਂ ਦਾ ਇੱਕ ਬੜੇ ਸੂਝਵਾਨ ਮਹੰਤ ਗੁਰੂ ਸਾਹਿਬ ਨੂੰ ਪੁੱਛਣ ਲੱਗਾ ਕਿ ਬਾਬਾ ਜੀ ਲੱਖ ਯਤਨ ਕਰੀਦੇ ਨੇ ਪਾਠ ਪੂਜਾ ਵਿੱਚ ਮਨ ਨਹੀ ਲੱਗਦਾ। ਓਤੋਂ ਓਤੋਂ ਅਸੀ ਪੂਜਾ ਕਰ ਰਹੇ ਹੁੰਦੇ ਹਾਂ ਮੰਨ ਕਿਤੇ ਦਾ ਕਿਤੇ ਪਹੁੰਚਿਆ ਹੁੰਦਾ ਹੈ। ਬਾਬਾ ਜੀ ਕੀ ਇਸ ਦਾ ਵੀ ਕੋਈ ਇਲਾਜ ਹੈਗਾ ਕਿ ਇਹ ਸਾਰੀ ਜਿੰਦਗੀ ਏਸੇ ਹੀ ਤਰਾਂ ਚਲਦਾ ਰਹੇਗਾ? ਚਿੱਤਗਿਰੀ ਦੇ ਇਸ ਸਵਾਲ ਤੇ ਹਰ ਕਿਸੇ ਨੇ ਹਾਮੀ ਭਰੀ ਕਿ ਬਾਬਾ ਜੀ ਇਹ ਬਹੁਤ ਮਹੱਤਵ ਵਾਲਾ ਸਵਾਲ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਇਹ ਅਧਿਆਤਮ ਦਾ ਮੂਲ ਸਵਾਲ ਹੈ। ਕਰਤਾ-ਪੁਰਖ ਦੇ ਇਸ ਵਰਤਾਰੇ ਨੂੰ ਸਮਝਣ ਲਈ ਤੁਹਾਨੂੰ ਭਗਵਾਨ ਦੁਆਰਾ ਰਚੇ ਨਾਟਕ ਦੀ ਸਮਝ ਹੋਣੀ ਚਾਹੀਦੀ ਹੈ। ਕਰਤਾਰ ਨੇ ਇਹ ਜਗਤ-ਤਮਾਸ਼ਾ ਏਸੇ ਹਉਮੇ ਦੇ ਤਹਿਤ ਹੀ ਤਾਂ ਸੁਚਾਰੂ ਕੀਤਾ ਹੋਇਆ ਹੈ। ਹਉਮੈ ਭਾਵ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ। ਇਸ ਡਰਾਮੇ ਦੀ ਜਿਨੂੰ ਸਮਝ ਆ ਗਈ ਉਹਦਾ ਮੰਨ ਵੀ ਲੱਗਣਾ ਸ਼ੁਰੂ ਹੋ ਜਾਏਗਾ। (ਵਿਸਥਾਰ ਵਿੱਚ ਜਿਵੇ ਗੁਰੂ ਸਾਹਿਬ ਨੇ ਸਮਝਾਇਆ ਉਸ ਲਈ ਵੇਖੋ ਸਫਾ-108)

ਇਸ ਮੌਕੇ ਗੁਰੂ ਸਾਹਿਬ ਨੇ ਗੁਆਰੇਰੀ ਗਉੜੀ ਵਿੱਚ ਇੱਕ ਸ਼ਬਦ ਵੀ ਬੋਲਿਆ:

ਨਾ ਮਨੁ ਮਰੈ ਨ ਕਾਰਜੁ ਹੋਇ ॥ ਮਨੁ ਵਸਿ ਦੂਤਾ ਦੁਰਮਤਿ ਦੋਇ ॥ ਮਨੁ ਮਾਨੈ ਗੁਰ ਤੇ ਇਕੁ ਹੋਇ ॥੧॥ ਨਿਰਗੁਣ ਰਾਮੁ ਗੁਣਹ ਵਸਿ ਹੋਇ ॥ ਆਪੁ ਨਿਵਾਰਿ ਬੀਚਾਰੇ ਸੋਇ ॥੧॥ ਰਹਾਉ ॥ ਮਨੁ ਭੂਲੋ ਬਹੁ ਚਿਤੈ ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥ ਮਨੁ ਮਾਨੈ ਹਰਿ ਏਕੰਕਾਰੁ ॥੨॥ ਮਨੁ ਭੂਲੋ ਮਾਇਆ ਘਰਿ ਜਾਇ ॥ ਕਾਮਿ ਬਿਰੂਧਉ ਰਹੈ ਨ ਠਾਇ ॥ ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥ ਗੈਵਰ ਹੈਵਰ ਕੰਚਨ ਸੁਤ ਨਾਰੀ ॥ ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਐ ਖੇਲਣੁ ਕਾਚੀ ਸਾਰੀ ॥੪॥ ਸੰਪਉ ਸੰਚੀ ਭਏ ਵਿਕਾਰ ॥ ਹਰਖ ਸੋਕ ਉਭੇ ਦਰਵਾਰਿ ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥ ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥ ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥ ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥ ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥੮॥੩॥

ਗੁਰੂ ਸਾਹਿਬ ਨੇ ਕਿਹਾ ਕਿ ਗੱਲ ਤਾਂ ਬੜੀ ਸਧਾਰਨ ਜਿਹੀ ਹੈ ਪਰ ਪੱਲੇ ਉਹਦੇ ਪੈਣੀ ਹੈ ਜਿਹਦੇ ਤੇ ਨਿਰੰਕਾਰ ਦੀ ਕਿਰਪਾ ਹੋਵੇ। ਗੁਰਮੁਖ ਫਿਰ ਗਿਆਨ ਰਾਂਹੀ ਇਸ ਮੰਨ ਨੂੰ ਮਾਰਦਾ ਹੈ। ਜਦੋਂ ਮੰਨ ਵਿੱਚ ਮਾੜੀ ਚਿਤਵਨੀ ਉਪਜਦੀ ਹੈ, ਸੁਚੇਤ ਮੰਨ ਓਸੇ ਵੇਲੇ ਉਨੂੰ ਇਹ ਯਾਦ ਦਿਵਾ ਕੇ ਟਿਕਾਣੇ ਤੇ ਲੈ ਆਉਦਾ ਹੈ ਕਿ ਭਾਈ ਜਿਸ ਬਾਬਤ ਤੂੰ ਸੋਚ ਰਿਹਾ ਹੈ ਉਹ ਤਾਂ ਛਿਲ ਹੈ।

ਗੁਰੂ ਸਾਹਿਬ ਦਾ ਵਿਸਥਾਰ ਪੂਰਬਕ ਦਿੱਤਾ ਜਵਾਬ ਸੁਣ ਕੇ ਸਾਧੂ ਸੰਤ ਧੰਨ ਧੰਨ ਕਰ ਉਠੇ। ਬਾਬਾ ਨਾਨਕ ਤੂੰ ਧੰਨ ਹੈ।

ਕੁਝ ਦਿਨ ਇਥੇ ਰਹਿਣ ਉਪਰੰਤ ਗੁਰੂ ਸਾਹਿਬ ਨਰਬਦਾ ਦੇ ਨਾਲ ਨਾਲ ਹੇਠਾਂ ਨੂੰ ਰਵਾਨਾ ਹੋ ਗਏ।

-----◈-----


ਗੁਰੂ ਸਾਹਿਬ ਦੀ ਅਗਲੀ ਮੰਜ਼ਿਲ ਮਹਾਕਾਲੇਸ਼ਵਰ ਉਜੈਨ:

## ਮਾਂਡੋ ਦੇ ਰਾਹ –ਠੱਗ ਨਾਲ ਹੀ ਹੋ ਤੁਰੇ

ਗੁਰੂ ਸਾਹਿਬ ਓਕਾਰੇਸ਼ਵਰ ਤੋਂ ਮਾਲਵਾ ਦੇਸ ਦੀ ਰਾਜਧਾਨੀ ਮਾਂਡੋ ਨੂੰ ਜਦੋਂ ਰਵਾਨਾ ਹੋਏ ਤਾਂ ਠੱਗ ਨਾਲ ਹੀ ਹੋ ਤੁਰੇ। ਠੱਗਾਂ ਨੇ ਗੁਰੂ ਸਾਹਿਬ ਦੀ ਮੰਨਤਾਂ ਵੇਖ ਲਈ ਸੀ। ਕਿਉਕਿ ਹਰ ਕੋਈ ਗੁਰੂ ਸਾਹਿਬ ਅੱਗੇ ਝੁੱਕ ਰਿਹਾ ਸੀ। ਇਥੋਂ ਤੱਕ ਕਿ ਮੰਦਰਾਂ ਦੇ ਪੁਜਾਰੀ ਵੀ ਗੁਰੂ ਸਾਹਿਬ ਦੀ ਸ਼ਰਨ ਵਿੱਚ ਆ ਰਹੇ ਸਨ। ਠੱਗਾਂ ਨੇ ਮਹਿਸੂਸ ਕੀਤਾ ਕਿ ਇਹ 'ਮਹੰਤ' ਜਰੂਰ ਮਾਲਦਾਰ ਹੋਵੇਗਾ ਕਿਉਕਿ ਇਨੂੰ ਬਹੁਤ ਭੇਟਾਵਾਂ ਮਿਲ ਰਹੀਆਂ ਸਨ।

ਪੁਰਾਣੇ ਜਮਾਨੇ ਵਿੱਚ ਠੱਗੀ ਇੱਕ ਧੰਧਾ ਹੀ ਹੁੰਦਾ ਸੀ। ਉਹ ਬੜੇ ਤਰੀਕੇ ਨਾਲ ਭੋਲੇ ਮੁਸਾਫਰਾਂ ਦਾ ਭਰੋਸਾ ਜਿੱਤਦੇ ਸਨ। ਕਦੀ ਉਹ ਜੰਝ ਦਾ ਰੂਪ ਬਣਾ ਕੇ ਚਲਦੇ। ਕਦੀ ਨਾਲ ਬੁੱਢੇ ਬੰਦੇ ਹੁੰਦੇ। ਕਦੀ ਨਾਲ ਕੋਈ ਬੀਮਾਰ ਬੰਦਾ ਬਣ ਜਾਂਦਾ। ਕਦੀ ਜਨਾਨੀਆਂ ਤੇ ਮੁਟਿਆਰਾਂ ਨਾਲ ਹੁੰਦੀਆਂ। ਅਗਲੇ ਦਾ ਭਰੋਸਾ ਜਿੱਤ ਲੈਂਦੇ ਸਨ। ਫਿਰ ਕੋਈ ਚੀਜ ਖਾਣ ਨੂੰ ਦੇਣੀ ਜਿਸ ਵਿੱਚ ਧਤੂਰਾ ਮਿਲਿਆ ਹੁੰਦਾ ਸੀ। ਬੰਦਾ ਬੇਹੋਸ਼ ਹੋ ਜਾਂਣਾ ਤੇ ਫਿਰ ਉਨੂੰ ਲੁੱਟ ਲੈਂਦੇ ਸਨ। ਭਰੋਸੇ 'ਚ ਆ ਚੁੱਕੇ ਬੰਦੇ ਨੂੰ ਕਈ ਵਾਰੀ ਤਾਂ ਉਹ ਸਿੱਧਾ ਗੱਲ ਵਿੱਚ ਫਾਹੀ ਹੀ ਪਾ ਕੇ ਖਤਮ ਕਰ ਦਿੰਦੇ ਸਨ।

ਰਸਤੇ ਜਦੋਂ ਜਾ ਰਹੇ ਸਨ ਤਾਂ ਗੁਰੂ ਸਾਹਿਬ ਠੱਗਾਂ ਨੂੰ ਤਾੜ ਗਏ ਤਾਂ ਮਰਦਾਨੇ ਨੂੰ ਵੇਖ ਮੁਸਕਰਾਅ ਰਹੇ ਸਨ। ਅੱਗੋਂ ਮਰਦਾਨਾ ਪੁੱਛਣ ਲੱਗ ਪਿਆ ਕਿ ਸਾਹਿਬ ਜੀ ਕੀ ਗੱਲ ਹੈ ਤੁਸੀ ਮੁਸਕਰਾ



ਠੱਗ ਗੁਰੂ ਨੂੰ ਮੁਤਾਸਰ ਕਰਨ ਦੀ ਕੋਸ਼ਿਸ਼ ਵਿਚ- ਬੀ:40

ਰਹੇ ਹੋ। ਸਾਹਿਬ ਕਹਿਣ ਲੱਗੇ ਮਰਦਾਨਿਆ ਛੇਤੀ ਹੀ ਪਤਾ ਲੱਗ ਜਾਊ। ਇਸ਼ਾਰਾ ਦਿੱਤਾ ਕਿ ਇਨਾਂ ਹੱਥੋਂ ਕੁਝ ਖਾਈਂ ਨਾਂ।

ਗੁਰੂ ਸਾਹਿਬ ਨਰਬਦਾ ਦਰਿਆ ਦੇ ਨਾਲ ਨਾਲ ਚਲ ਰਹੇ ਸਨ। ਇਲਾਕਾ ਵੀ ਸਾਰਾ ਜੰਗਲੀ ਸੀ। ਸ਼ਰਧਾਲੂਆਂ ਲਈ ਟਾਂਗੇ ਟੱਟੂ ਤਾਂ ਮਿਲਦੇ ਹੀ ਹੋਣਗੇ। ਇਹ ਪੂਰਾ ਇਲਾਕਾ ਧਾਰਮਿਕ

ਅਸਥਾਨਾਂ ਨਾਲ ਭਰਿਆ ਪਿਆ ਹੈ। (ਓਕਾਰੇਸ਼ਵਰ, ਮੰਡਲੇਸ਼ਵਰ, ਮਾਹੇਸ਼ਵਰ, ਖਰਗੋਨ - ਊਂਨ ਵਿੱਚ ਤਾਂ 12ਵੀ ਸਦੀ ਵਿੱਚ 100 ਮੰਦਰ ਸਨ) ਮਾਂਡੋ ਜਾਣ ਲਈ ਪਹਿਲਾ ਪੜਾਅ ਮੰਡਲੇਸ਼ਵਰ ਕੀਤਾ। ਮੰਡਲੇਸ਼ਵਰ ਵੀ ਪ੍ਰਸਿਧ ਹਿੰਦੂ ਧਾਰਮਿਕ ਅਸਥਾਨ ਹੈ। ਜਿੱਥੇ 8 ਵੀ ਸਦੀ ਈ. ਵਿੱਚ ਸ਼ੰਕਰਚਾਰੀਆ ਨੂੰ ਮੰਦਾਨਾ ਮਿਸ਼ਰਾ ਮਿਲਿਆ ਸੀ।

ਮੰਡਲੇਸ਼ਵਰ ਵਿਖੇ ਠੱਗਾਂ ਨੇ ਬੜੀ ਕੋਸ਼ਿਸ਼ ਕੀਤੀ ਮਰਦਾਨੇ ਤੇ ਗੁਰੂ ਸਾਹਿਬ ਨੂੰ ਕੁਝ ਖਵਾਉਣ ਦੀ ਪਰ ਇਹ ਲੋਕ ਤਾਂ ਆਦਤਨ ਕਈ ਕਈ ਦਿਨ ਭੁੱਖੇ ਰਹਿ ਜਾਂਦੇ ਸਨ। ਫਿਰ ਮਰਦਾਨਾ ਆਪਣੇ ਨਾਲ ਭੁੱਜੇ ਦਾਣੇ ਵਗੈਰਾ ਲੈ ਕੇ ਚਲਦਾ ਹੁੰਦਾ ਸੀ। ਠੱਗਾਂ ਦੀਆਂ ਸਾਰੀਆਂ ਵਿਉਂਤਾਂ ਨਾਕਾਮ ਰਹਿ ਰਹੀਆਂ ਸਨ।

ਅਗਲੇ ਦਿਨ ਸਾਹਿਬ ਲਾਗੇ ਦੇ ਅਸਥਾਨ ਜਿਹੜਾ ਮੰਡਲੇਸ਼ਵਰ ਤੋਂ ਸਿਰਫ 8 ਕਿਲੋਮੀਟਰ ਦੀ ਵਿਥ ਤੇ ਨਰਬਦਾ ਕੰਢੇ ਹੈ ਓਥੇ ਜਾ ਸਾਧੂਆਂ ਨੂੰ ਮਿਲੇ ਤੇ ਨਾਮ ਦਾ ਪ੍ਰਚਾਰ ਕੀਤਾ। ਏਥੇ ਰੌਣਕਾਂ ਜਿਆਦਾ ਹੋਣ ਕਰਕੇ ਇੱਕ ਦਿਨ ਠਹਿਰ ਹੀ ਗਏ। ਬਾਬੇ ਦਾ ਆਉਣਾ ਸੁਣ ਕੇ ਦੂਰ ਦੂਰ ਤੋਂ ਲੋਕ ਵੀ ਆ ਪਹੁੰਚੇ ਸਨ।

ਤੀਸਰੇ ਦਿਨ ਰਵਾਨਾ ਹੋਵੇ ਤਾਂ ਠੱਗ ਗੁਰੂ ਸਾਹਿਬ ਨਾਲ ਗੱਲੀ ਪਿਆ। ਕਹਿਣ ਲੱਗਾ ਮਹਾਤਮਾ ਜੀ ਤੁਹਾਡੇ 'ਚ ਕੀ ਸਿਫਤ ਹੈ ਕਿ ਹਰ ਕੋਈ ਤੁਹਾਡੇ ਅੱਗੇ ਨਿਉ ਨਿਉਂ ਕੇ ਮਿਲ ਰਿਹਾ ਹੈ। ਕੁਝ ਸਾਡੇ ਵੀ ਪੱਲੇ ਪਾਉਗੇ? ਗੁਰੂ ਸਾਹਿਬ ਨੇ ਕਿਹਾ ਪੱਲੇ ਤਾਂ ਫਿਰ ਪਉ ਜੇ ਤੁਸੀ ਸਾਡਾ ਕਹਿਣਾ ਮੰਨੋਗੇ ਤਾਂ। ਮੋਮੋਠੱਗ ਬੋਲ ਪਿਆ ਜੀ ਅਸੀ ਤਾਂ ਤਾਬਿਆਦਾਰ ਹਾਂ, ਤੁਹਾਡੇ ਦਾਸ ਹਾਂ, ਤੁਸੀ ਹੁਕਮ ਤਾਂ ਕਰੋ।

ਗੁਰੂ ਸਾਹਿਬ ਨੇ ਕਿਹਾ ਕਿ ਜੋ ਤੁਹਾਨੂੰ ਵੱਡਿਆਈਆਂ ਮਿਲਦੀਆਂ ਹਨ ਤਾਂ ਇਹ ਤੁਹਾਡੇ ਪੂਰਬਲੇ ਕਰਮਾਂ ਦਾ ਲੇਖਾ ਹੁੰਦਾ ਹੈ। ਜੋ ਅੱਜ ਕਲ੍ਹ ਤੁਸੀ ਬੀਜ ਰਹੇ ਹੋ ਇਹ ਕੱਲ੍ਹ ਨੂੰ ਤੁਹਾਨੂੰ ਵੱਢਣਾ ਪੈਣਾ ਹੈ। ਪਾਪੀ ਬੰਦਿਆਂ ਨੂੰ ਰੱਬ ਟੀਸੀ ਤੇ ਖੜ੍ਹ ਕੇ ਫਿਰ ਮੂਧਾ ਕਰਦਾ ਹੈ। ਭਰ ਜਵਾਨੀ 'ਚ ਉਲਾਦ ਦਾ ਦੁੱਖ ਪੈਂਦਾ ਹੈ। ਕਾਰੋਬਾਰ ਵਿੱਚ ਨੁਕਸਾਨ। ਬੰਦਾ ਫਿਰ ਟੁੱਟਦਾ ਹੈ। ਮਤ ਸੋਚੋ ਕਿ ਨਿਰੰਕਾਰ ਨੂੰ ਤੁਹਾਡੀ ਕਰਤੂਤ ਦਾ ਪਤਾ ਨਹੀ। ਓਹ ਓਨਾਂ ਹੀ ਤੁਹਾਡੇ ਨੇੜੇ ਹੈ ਜਿੰਨਾਂ ਤੁਸੀ ਆਪਣੇ ਆਪ ਦੇ ਹੋ।

ਇਹ ਗੱਲਾਂ ਤਾਂ ਠੱਗਾ ਨੂੰ ਸੂਲਾਂ ਵਾਙੂ ਚੁੱਭ ਰਹੀਆਂ ਸਨ। ਭਵਿਖ ਹਨੇਰਾ ਦਿਸ ਰਿਹਾ ਸੀ। ਵੱਡੇ ਠੱਗ ਦੇ ਘਰ ਕੁਝ ਸਮਾਂ ਪਹਿਲਾਂ ਹੀ ਮੌਤ ਵੀ ਹੋਈ ਸੀ। ਇਨੇ ਨੂੰ ਕਿਤੇ ਫਿਰ ਇੱਕ ਥਾਂ ਜਦੋਂ ਬੈਠੇ ਤਾਂ ਮਰਦਾਨੇ ਨੇ ਤਾਰ ਛੇੜ ਲਈ। ਗੁਰੂ ਸਾਹਿਬ ਨੇ ਧਨਾਸਰੀ ਰਾਗ ਵਿੱਚ ਸ਼ਬਦ ਗਾਵਿਆ:

ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ ॥ ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥ ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥ ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ ॥ ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥ ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥੧॥

ਠੱਗ ਕਹਿਣ ਲੱਗਾ ਇਹਦਾ ਕੀ ਮਤਲਬ? ਗੁਰੂ ਸਾਹਿਬ ਨੇ ਕਿਹਾ ਇਹ ਤਾਂ ਇੱਕ ਜਨਾਨੀ ਦੀ ਕਹਾਣੀ ਹੈ ਜਿਹੜੀ ਸਮਝਦੀ ਸੀ ਕਿ ਮੈਂ ਦੁਨੀਆਂ ਨੂੰ ਚਾਰਦੀ ਹਾਂ ਪਰ ਅਸਲ ਵਿੱਚ ਵਿਚਾਰੀ ਆਪ ਠੱਗੀ ਗਈ ਏ। ਜਿਨੂੰ ਕੁਝ ਸਮਝ ਨਹੀ। ਜਿਨੂੰ ਕੁਝ ਅਹਿਸਾਸ ਨਹੀ ਕਿ ਕੀ ਹੋਣ ਵਾਲਾ ਹੈ। ਜਿੰਨੇ ਜਿੰਦਗੀ ਵਿੱਚ ਕੋਈ ਗੁਣ ਪੈਦਾ ਨਾਂ ਕੀਤਾ ਕੋਈ ਚੰਗਾ ਕੰਮ ਨਾਂ ਕੀਤਾ। ਅੱਗੇ ਜਾ ਕੇ ਵਿਚਾਰੀ ਕੀ ਦੱਸੇਗੀ ਕਿ ਕੀ ਕੀਤਾ। ਵਿਚਾਰੀ ਨੂੰ ਪਤਾ ਨਹੀ ਕਿ ਇਹ ਜਵਾਨੀ ਢੱਲਨ ਵਾਲੀ ਹੈ ਤੇ ਸਿਰ ਤੇ ਬੁਢਾਪਾ ਆਉਣ ਵਾਲਾ ਹੈ।


ਧਤੂਰਾ - ਠੱਗਾ ਦਾ ਹਥਿਆਰ

ਕਿਉਕਿ ਭਰੋਸਾ ਜਿੱਤਣ ਵਾਸਤੇ ਠੱਗ ਕੋਈ ਚੀਜ ਆਪ ਖਾਂਦੇ ਤੇ ਜਹਿਰ ਵਾਲੀ ਮੁਸਾਫਿਰ ਨੂੰ ਖਵਾ ਦਿੰਦੇ ਸਨ। ਭਾਣਾ ਰੱਬ ਦਾ। ਭੁਲੇਖੇ ਨਾਲ ਠੱਗ ਦੇ ਮੁੰਡੇ ਨੇ ਜਹਿਰ ਵਾਲੀ ਵਸਤੂ ਖਾ ਲਈ। ਢਾਂਣੀ ਵਿੱਚ ਘੁਸਰ-ਮੁਸਰ ਤੋਂ ਬਾਦ ਭੜਥੂ ਪੈ ਗਿਆ।

ਗੁਰੂ ਸਾਹਿਬ ਨੇ ਉੱਚੀ ਸੁਰ ਵਿੱਚ ਸ਼ਬਦ ਬੋਲਿਆ:

ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥ ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ ॥ ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ ॥ ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥ ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ ॥ ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ ॥੨॥


ਮੁੰਡੇ ਦੀ ਹਾਲਤ ਵੇਖ ਠੱਗਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਹੁਣ ਤੱਕ ਠੱਗ ਸਮਝ ਚੁੱਕੇ ਸਨ ਕਿ ਬਾਬਾ ਕੋਈ ਪ੍ਰਮੇਸ਼ਰ ਦਾ ਦੂਤ ਹੈ। ਜਾਣੀ ਜਾਣ ਹੈ। ਠੱਗ ਗੁਰੂ ਸਾਹਿਬ ਅੱਗੇ ਗਿੜਗਿੜਾਇਆ ਕਿ ਬਾਬਾ ਮੁੰਡੇ ਨੂੰ ਬਚਾ ਲੈ। ਹੁਣ ਠੱਗਾਂ ਦੀ ਭਾਵਨੀ ਬਦਲ ਚੁੱਕੀ ਸੀ। ਠੱਗ ਨਿਆਸਰਾ ਹੋ ਚੁੱਕਾ ਸੀ। ਗੁਰੂ ਸਾਹਿਬ ਨੂੰ ਤਰਸ ਆਇਆ ਤਾਂ ਲਾਗੋਂ ਮਰਦਾਨੇ ਨੂੰ ਕਹਿ ਕੇ ਇੱਕ ਬੂਟੀ ਦੇ ਪੱਤੇ ਮੰਗਵਾਏ ਤੇ ਕਿਹਾ ਕਿ ਮੁੰਡੇ ਨੂੰ ਖਵਾ ਦਿਓ। ਮੁੰਡੇ ਦਾ ਜ਼ਹਿਰ ਲਹਿਣਾ ਸ਼ੁਰੂ ਹੋ ਗਿਆ। ਠੱਗ ਪੂਰੀ ਤਰਾਂ ਦਿਲੋਂ ਹੋ ਕੇ ਗੁਰੂ ਸਾਹਿਬ ਦੇ ਚਰਨੀ ਲੱਗ ਚੁੱਕੇ ਸਨ।

ਹੁਣ ਮਰਦਾਨਾ ਮੁਸਕਰਾਅ ਰਿਹਾ ਸੀ। ਹੱਥ ਰਬਾਬ ਤੇ ਸੀ। ਗੁਰੂ ਸਾਹਿਬ ਨੇ ਸ਼ਬਦ ਪੂਰਾ ਕੀਤਾ:

ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ ॥ ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ ॥ ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ ॥ ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ ॥ ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ ॥ ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ ॥੩॥ ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥ ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ ॥ ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥ ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥ ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥ ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥੪॥ ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥ ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥ ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ ॥ ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ ॥ ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥ ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥੫॥੩॥

ਇਹ ਘਟਨਾ ਮਾਂਡੋ ਲਾਗੇ ਦੀ ਹੈ। ਸਾਹਿਬ ਚਾਹੁੰਦੇ ਤਾਂ ਠੱਗਾਂ ਨੂੰ ਪੁਲਿਸ ਹਵਾਲੇ ਕਰ ਸਕਦੇ ਸਨ। ਪਰ ਬਾਬੇ ਨੇ ਠੱਗਾਂ ਤੇ ਵੀ ਤਰਸ ਕੀਤਾ। ਠੱਗਾਂ ਨੇ ਦਿਲੋਂ ਹੋ ਕੇ ਤੋਬਾ ਕੀਤੀ ਤੇ ਗੁਰੂ ਸਾਹਿਬ ਨੂੰ ਭਰੋਸਾ ਦਿਆਇਆ ਕਿ ਅੱਗੇ ਤੋਂ ਧਰਮ ਦੀ ਕਿਰਤ ਕਰਨਗੇ। ਸਾਹਿਬ ਨੇ ਉਨਾਂ ਦੀ ਭਾਵਨਾ ਵੇਖ ਨਾਮ ਦੀ ਦਾਤ ਬਖਸ਼ੀ।

-----◈-----




ਜ਼ਮਾਰਚ 1517

## ਮਾਂਡੋ ਦਾ ਗਧੇ ਸ਼ਾਹ ਕਪੂਰ

ਓਂਕਾਰੇਸ਼ਵਰ ਤੋਂ ਸਾਹਿਬ ਮੰਡਲੇਸ਼ਵਰ ਆ ਕੇ ਰਾਤ ਰਹੇ ਤੇ ਫਿਰ ਅੱਗੇ ਮਹੇਸ਼ਵਰ ਹੁੰਦੇ ਹੋਏ ਮਾਂਡੋ ਕਿਲੇ ਦੇ ਭੰਗੀ ਦਰਵਾਜੇ ਕੋਲ ਡੇਰਾ ਲਾ ਲਿਆ।

ਮਾਂਡੋ ਦਾ ਵਿਸ਼ਾਲ ਕਿਲਾ ਕਈ ਮੀਲਾਂ ਵਿੱਚ ਫੈਲਿਆ ਹੋਇਆ ਸੀ। ਇਹਦਾ ਘੇਰਾ 82 ਕਿ.ਮੀ. ਹੋਣ ਕਰਕੇ ਇਹ ਹਿੰਦੁਸਤਾਨ ਦਾ ਸਭ ਤੋਂ ਵੱਡਾ ਕਿਲਾ ਹੈ। ਦੱਖਣ ਪਾਸੇ ਤਾਂ ਪਹਾੜੀ ਇਹਦੀ ਕੁਦਰਤੀ ਦੀਵਾਰ ਹੈ। ਇਸ ਸ਼ਹਿਰ ਦਾ ਵੀ ਵਿਜੈਨਗਰ ਵਾਲਾ ਹਾਲ ਹੋਇਆ ਹੈ। ਬੇਚਰਾਗ ਹੋ ਚੁੱਕਾ ਹੈ ਸਿਰਫ ਸ਼ਾਹੀ ਇਮਾਰਤਾਂ ਹੀ ਬਚੀਆਂ ਹੋਈਆ ਹਨ। ਅਜ ਕਲ ਤਫਰੀ ਕਰਨ ਵਾਲਿਆਂ ਦੀ ਚੋਖੀ ਰੌਣਕ ਰਹਿੰਦੀ ਹੈ।

ਮਰਦਾਨੇ ਦੇ ਹੱਥ ਰਿਆਸਤ ਦੇ ਉਘੇ ਸ਼ਾਹ ਗਧਾ ਚੰਦ ਕਪੂਰ ਨੂੰ ਸੁਨੇਹਾ ਭੇਜਿਆ ਕਿ ਸੁਲਤਾਨਪੁਰ ਲੋਧੀ ਦੇ ਨਵਾਬ ਦੌਲਤ ਖਾਂ ਦਾ ਕਾਰਦਾਰ ਨਾਨਕ ਬੇਦੀ ਜੋ ਹੁਣ ਸਾਧੂ ਬਣ ਚੁੱਕਾ ਹੈ ਉਹ ਤੁਹਾਨੂੰ ਮਿਲਣਾ ਚਾਹੁੰਦਾ ਹੈ। ਕਪੂਰ ਪੰਜਾਬ ਤੋਂ ਆ ਕੇ ਹੀ ਇਥੇ ਸ਼ਾਹੂਕਾਰਾ ਕਰਦਾ ਸੀ ਤੇ ਮਸ਼ਹੂਰ ਸ਼ਾਹੂਕਾਰ ਸੀ। ਰਾਮਟੇਕ ਦੇ ਸਥਾਨ ਤੇ ਵੀ ਇਸ ਨੇ ਸ਼ਰਧਾਲੂਆਂ ਲਈ ਤਲਾਬ ਬਣਵਾਇਆ ਸੀ।

ਸੁਨੇਹਾ ਮਿਲਣ ਮੌਕੇ ਗਧਾ ਚੰਦ ਆਪਣੇ ਕਾਰ ਵਿਹਾਰ ਵਿੱਚ ਰੁੱਝਾ ਪਿਆ ਸੀ। ਮਰਦਾਨੇ ਦੇ ਹੱਥ ਗੁਰੂ ਸਾਹਿਬ ਲਈ ਰੋਟੀ ਪਾਣੀ ਭੇਜ ਦਿੱਤਾ ਤੇ ਕਿਹਾ ਕਿ ਜਿਵੇ ਮੌਕਾ ਮਿਲਦਾ ਮਿਲਣ ਆਵਾਂਗਾ। ਪਰ ਪੂਰਾ ਦਿਨ ਨਿਕਲ ਗਇਆ ਤੇ ਗੱਧੇ ਸ਼ਾਹ ਆਇਆ ਹੀ ਨਾਂ। ਇਹ ਮੰਨੀ ਹੋਈ ਗੱਲ ਵੀ ਹੈ ਕਿ ਮਾਇਆਧਾਰੀ ਬੰਦਾ ਸਮਝਦਾ ਹੈ ਕਿ ਸਾਧੂ ਬਸ ਉਹਦੀ ਮਾਇਆ ਕਰਕੇ ਹੀ ਆਉਦੇ। ਖੈਰ ਅਗਲੇ ਦਿਨ ਉਸ ਸੋਚਿਆ ਕਿ ਚਲੋ ਪੰਜਾਬੋਂ ਸਾਧੂ ਆਇਆ ਹੈ ਦੋ ਚਾਰ ਦਮੜੇ ਦੇ, ਮੱਥਾ ਟੇਕ ਆਉਦੇ ਆ।

ਗੁਰੂ ਸਾਹਿਬ ਨੂੰ ਜਦੋਂ ਮਿਲਿਆ ਦਿਲ ਵਿੱਚ ਆਕੜ ਹੀ ਰਹੀ। ਹਾਲਾਂ ਗੁਰੂ ਸਾਹਿਬ ਨੇ ਉਹਦਾ ਪਿੱਛੋਕੜ ਉਨੂੰ ਯਾਦ ਦਿਵਾਇਆ। ਗੱਲਾਂ ਬਾਤਾਂ ਚਲ ਰਹੀਆਂ ਸਨ ਕਿ ਸਾਹਿਬ ਨੇ ਮਰਦਾਨੇ ਨੂੰ ਇਸ਼ਾਰਾ ਕੀਤਾ ਤਾਂ ਮਰਦਾਨੇ ਨੇ ਵਿਚੇ ਰਬਾਬ ਛੇੜ ਦਿੱਤੀ। ਗਉੜੀ ਰਾਗ ਵਿੱਚ ਸਾਹਿਬ ਨੇ ਸ਼ਬਦ ਗਾਵਿਆ:

ਰਾਮਿ ਨਾਮਿ ਚਿਤੁ ਰਾਪੈ ਜਾ ਕਾ ॥ ਉਪਜੰਪਿ ਦਰਸਨੁ ਕੀਜੈ ਤਾ ਕਾ ॥੧॥ ਰਾਮ ਨ ਜਪਹੁ ਅਭਾਗੁ ਤੁਮਾਰਾ ॥ ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥੧॥ ਰਹਾਉ ॥ ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥੨॥ ਜੋ ਜਨ ਰਾਮ ਭਗਤਿ ਹਰਿ ਪਿਆਰਿ ॥ ਸੇ ਪ੍ਰਭਿ ਰਾਖੇ ਕਿਰਪਾ ਧਾਰਿ ॥੩॥ ਜਿਨ ਕੈ ਹਿਰਦੈ ਹਰਿ ਹਰਿ ਸੋਈ ॥ ਤਿਨ ਕਾ ਦਰਸੁ ਪਰਸਿ ਸੁਖੁ ਹੋਈ ॥੪॥ ਸਰਬ ਜੀਆ ਮਹਿ ਏਕੋ ਰਵੈ ॥ ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥੫॥ ਸੋ ਬੂਝੈ ਜੋ ਸਤਿਗੁਰੁ ਪਾਏ ॥ ਹਉਮੈ ਮਾਰੇ ਗੁਰ ਸਬਦੇ ਪਾਏ ॥੬॥ ਅਰਧ ਉਰਧ ਕੀ ਸੰਧਿ ਕਿਉ ਜਾਨੈ ॥ ਗੁਰਮੁਖਿ ਸੰਧਿ ਮਿਲੈ ਮਨੁ ਮਾਨੈ ॥੭॥ ਹਮ ਪਾਪੀ ਨਿਰਗੁਣ ਕਉ ਗੁਣੁ ਕਰੀਐ ॥ ਪ੍ਰਭ ਹੋਇ ਦਇਆਲੁ ਨਾਨਕ ਜਨ ਤਰੀਐ ॥੮॥੧੬॥

ਗਧੇ ਚੰਦ ਨੇ ਜਦੋਂ ਇਹ ਸਖਤ ਬਾਣੀ ਸੁਣੀ ਤਾਂ ਧੁਰ ਅੰਦਰ ਤੱਕ ਕੰਬ ਉਠਿਆ। ਮੁਆਫ ਮੰਗੀ। ਗੁਰੂ ਸਾਹਿਬ ਨੇ ਨਿਮਰਤਾ ਦੇ ਆਲਮ ਵਿੱਚ ਆ ਕੇ ਫਰਮਾਇਆ ਕਿ ਅਸੀ ਤਾਂ ਆਪ ਪਾਪੀ ਹਾਂ ਬਸ ਨਿਰੰਕਾਰ ਦੇ ਗੁਣ ਗਾਉਦੇ ਫਿਰਦੇ ਹਾਂ। ਜੇ ਕਿਤੇ ਮਾਲਕ ਦਿਆਲ ਹੋ ਗਇਆ ਤਾਂ ਤਰ ਜਾਵਾਂਗੇ।

ਇਹ ਨਿਮਰਤਾ ਵੇਖ ਗੱਧੇ ਚੰਦ ਸਾਹਿਬ ਦੇ ਚਰਨੀ ਢਹਿ ਪਿਆ। ਭੁਲ ਬਖਸ਼ਾਈ ਤੇ ਸਾਹਿਬ ਨੂੰ ਆਪਣੇ ਘਰ ਜਾਣ ਲਈ ਜਿੱਦ ਕੀਤੀ। ਸਾਹਿਬ ਨੇ ਕਿਹਾ ਕਿ ਧਾਰ ਨੂੰ ਜਾਂਦੇ ਵਕਤ ਮਿਲਦੇ ਜਾਵਾਂਗੇ।

ਗੱਧੇ ਚੰਦ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਉਹ ਹੁਣੇ ਬਾਦਸ਼ਾਹ (ਸ਼ਹਾਬੂਦੀਨ ਮਹਿਮੂਦ ਸ਼ਾਹ 1510- 1531ਈ.) ਦਾ ਤੁਹਾਡੇ ਨਾਲ ਮੇਲ ਕਰਾਉਦਾ ਹਾਂ।

ਲਗਦਾ ਹੈ ਰੰਗ ਰਲੀਆਂ ਵਿੱਚ ਗ੍ਰੱਸੇ ਬਾਦਸ਼ਾਹ ਨੇ ਵੀ ਗੁਰੂ ਸਾਹਿਬ ਨੂੰ ਮਿਲਣ ਲਈ ਵਕਤ ਕੱਢਣਾ ਫਜ਼ੂਲ ਸਮਝਿਆ। ਓਥੇ ਫਿਰ ਗੁਰੂ ਸਾਹਿਬ ਨੇ ਹੇਠ ਸ਼ੁਸ਼ੋਭਿਤ ਬਾਣੀ ਰਚੀ:-



ਮਾਡੂ -ਗਧੇ ਚੰਦ ਕਪੂਰ ਦੀ ਹੱਟੀ ਲਾਗਲਾ ਜਹਾਜ ਮਹਿਲ

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥ ਬ੍ਰਹਮ ਕਮਲੁ ਪਇਆਲਿ ਨ ਪਾਇਆ ॥ ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥੧॥ ਜੋ ਉਪਜੈ ਸੋ ਕਾਲਿ ਸੰਘਾਰਿਆ ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ ਰਹਾਉ ॥ ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ ਓਹੁ ਅਬਿਨਾਸੀ ਅਲਖ ਅਭੇਵਾ ॥੨॥ ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥ ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥ ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥੩॥ ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥ ਸਾਹ ਮਰਹਿ ਸੰਚਹਿ ਮਾਇਆ ਦਾਮ ॥ ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥੪॥ ਰਯਤਿ ਮਹਰ ਮੁਕਦਮ ਸਿਕਦਾਰੈ ॥ ਨਿਹਚਲੁ ਕੋਇ ਨ ਦਿਸੈ ਸੰਸਾਰੈ ॥ ਅਫਰਿਉ ਕਾਲੁ ਕੂੜੁ ਸਿਰਿ ਮਾਰੈ ॥੫॥ ਨਿਹਚਲੁ ਏਕੁ ਸਚਾ ਸਚੁ ਸੋਈ ॥ ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ॥ ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥੬॥ ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥ ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥੭॥ ਕਾਲੁ ਜਾਲੁ ਜਿਹਵਾ ਅਰੁ ਨੈਣੀ ॥ ਕਾਨੀ ਕਾਲੁ ਸੁਣੈ ਬਿਖੁ ਬੈਣੀ ॥ ਬਿਨੁ ਸਬਦੈ ਮੂਠੇ ਦਿਨੁ ਰੈਣੀ ॥੮॥ ਹਿਰਦੈ ਸਾਚੁ ਵਸੈ ਹਰਿ ਨਾਇ ॥ ਕਾਲੁ ਨ ਜੋਹਿ ਸਕੈ ਗੁਣ ਗਾਇ ॥ ਨਾਨਕ ਗੁਰਮੁਖਿ ਸਬਦਿ ਸਮਾਇ ॥੯ ॥੧੪॥ ◉

-----◈-----

ਧਾਰ

## ਪੈਂਦੇ ਸਾਰ, ਧਾਰ ਦੇ ਜੋਗੀਆਂ ਬਿਜਾਏ ਪਾਣੀ ਧਾਣੀ ਪੁੱਛਣ ਦੇ, ਬਹਿਸਬਾਜੀ ਸ਼ੁਰੂ ਕਰ ਦਿੱਤੀ ਗੁਰੂ ਸਾਹਿਬ ਨਾਲ ◈

ਕਿਸੇ ਵੇਲੇ ਵੱਡੀ ਰਿਆਸਤ ਰਹੀ ਧਾਰ ਗੁਰੂ ਸਾਹਿਬ ਦੇ ਸਮੇਂ ਠਾਣੇ ਜਿੱਡੀ ਹੈਸੀਅਤ ਵਿੱਚ ਸੀ ਕਿਉਂਕਿ ਲਾਗੇ ਹੀ ਰਾਜਧਾਨੀ ਮਾਂਡੋ ਸੀ। ਪਰ ਧਾਰ ਸ਼ਹਿਰ ਦੀ ਆਪਣੀ ਬਹੁਤ ਹੀ ਅਮੀਰ ਵਿਰਾਸਤ ਸੀ। ਮੁਹੰਮਦ ਤੁਗਲਕ ਨੇ ਬੜਾ ਸ਼ਾਨਦਾਰ ਕਿਲ੍ਹਾ ਬਣਾਇਆ ਸੀ ਇਥੇ। ਕਈ ਲਿਖਾਰੀਆਂ ਨੇ ਰਾਜਾ ਭਰਥਰੀ ਤੇ ਗੋਪੀ ਚੰਦ ਦਾ ਸਬੰਧ ਧਾਰ ਨਾਲ ਦੱਸਿਆ ਹੈ। ਪਰ ਇਤਹਾਸਕਾਰ ਰਾਜਾ ਭੋਜ (1000-1050ਈ ਲੱਗਪਗ) ਨੂੰ ਧਾਰ ਨਾਲ ਜੋੜਦੇ ਹਨ। ਓਥੋਂ ਦੀ ਭੋਜਸ਼ਾਲਾ ਅੱਜ ਵੀ ਇਤਹਾਸਕਾਰਾਂ ਵਾਸਤੇ ਖਿੱਚ ਰਖਦੀ ਹੈ ਜਿੱਥੇ ਸੰਸਕ੍ਰਿਤ ਵਿਆਕਰਨ ਦੇ ਅਸੂਲਾਂ ਬਾਬਤ ਸਿਲਲੇਖ ਹੈ। (ਅਜਿਹਾ ਹੀ ਇੱਕ ਸਿਲਲੇਖ ਊਨ- ਖਰਗੋਨ ਵਿੱਚ ਵੀ ਹੈ) ਜੋਗੀਆਂ ਦਾ ਵੱਡਾ ਕੇਂਦਰ ਰਿਹਾ ਹੈ ਕਿਸੇ ਵੇਲੇ ਧਾਰ।

ਇਥੇ ਮੁਸਲਮਾਨ ਸੂਫੀ ਪੀਰਾਂ ਦੀਆਂ ਦਰਗਾਹਾਂ ਵੀ ਮਸ਼ਹੂਰ ਹਨ। ਬਾਬਾ ਫਰੀਦ ਦੇ ਚੇਲੇ ਹਜਰਤ ਕਮਾਲਉਦੀਨ (1238-1330 ਈ) ਦੀ ਦਰਗਾਹ ਵੀ ਇਥੇ ਹੈ, ਜਿੱਥੇ ਅੱਜ ਤੱਕ ਓਨਾਂ ਦਾ ਚੋਲਾ ਸਾਂਭਿਆ ਪਿਆਂ ਹੈ।

ਗੁਰੂ ਸਾਹਿਬ ਮਾਂਡੋ ਤੋਂ ਜੋਗੀਆਂ ਦੇ ਆਸ਼ਰਮ ਵਿੱਚ ਪਧਾਰੇ ਸਨ। ਜਿਵੇ ਸਾਹਿਬ ਨੇ ਆ ਕੇ ਜੋਗੀਆਂ ਨੂੰ ਆਦੇਸ ਨਮਸਕਾਰ ਕੀਤਾ ਜੋਗੀਆਂ ਨੇ ਆਦਰ ਸਤਿਕਾਰ ਦੇਣ ਦੇ ਬਿਜਾਏ ਗੁਰੂ ਸਾਹਿਬ ਦੀ ਆਮਦ ਨੂੰ ਨਫਰਤ ਨਾਲ ਵੇਖਿਆ। ਕਿਉਂਕਿ ਗੁਰੂ ਸਾਹਿਬ ਦਾ ਪਹਿਰਾਵਾ ਕੁਝ ਅਲੌਕਿਕ ਜਿਹਾ ਹੁੰਦਾ ਸੀ। ਉਨਾਂ ਨੂੰ ਵੇਖ ਕੋਈ ਇਹ ਨਹੀ ਅੰਦਾਜ਼ਾ ਲਾ ਸਕਦਾ ਸੀ ਕਿ ਇਹ ਮੁਸਲਮਾਨ ਹਨ ਜਾਂ ਹਿੰਦੂ। ਗੁਰੂ ਸਾਹਿਬ ਨੇ ਉਨਾਂ ਨੂੰ ਬਹੁਤ ਹਲੀਮੀ ਨਾਲ ਨਿਰਉਤਰ ਕਰ ਦਿੱਤਾ।

ਬਾਦ ਵਿੱਚ ਵਿਚਾਰ ਕਰਨ ਬੈਠੇ ਤਾਂ ਕੋਈ ਜੋਗੀ ਕਹੇ ਜੀ ਮੇਰਾ ਮੰਗਣ ਦਾ ਵਕਤ ਹੋ ਗਿਆ। ਮੈਂ ਘਰੋ ਘਰੀ ਜਾਣਾ ਹੈ। ਕੋਈ ਕਹੇ ਜੀ ਮੇਰੀ ਖਫਨੀ ਪੂਰੀ ਪਾਟ ਗਈ ਹੈ ਮੈਂ ਗੇੜਾ ਲਾ ਆਵਾਂ। ਓਧਰ ਮਰਦਾਨੇ ਨੇ ਰਬਾਬ ਛੇੜ ਦਿੱਤੀ। ਸਾਹਿਬ ਨੇ ਰਾਮਕਲੀ ਵਿੱਚ ਸਬਦ ਉਚਾਰਿਆ:-

ਛਾਦਨੁ ਭੋਜਨੁ ਮਾਗਤੁ ਭਾਗੈ ॥ ਖੁਧਿਆ ਦੁਸਟ ਜਲੈ ਦੁਖੁ ਆਗੈ ॥ ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ ॥ ਗੁਰਮਤਿ ਭਗਤਿ ਪਾਵੈ ਜਨੁ ਕੋਈ ॥੧॥ ਜੋਗੀ ਜੁਗਤਿ ਸਹਜ ਘਰਿ ਵਾਸੈ ॥ ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭੀਖਿਆ ਭਾਇ ਸਬਦਿ ਤ੍ਰਿਪਤਾਸੈ ॥੧॥ ਰਹਾਉ ॥ ਪੰਚ ਬੈਲ ਗਡੀਆ ਦੇਹ ਧਾਰੀ ॥ ਰਾਮ ਕਲਾ ਨਿਬਹੈ ਪਤਿ ਸਾਰੀ ॥ ਧਰ ਤੂਟੀ ਗਾਡੋ ਸਿਰ ਭਾਰਿ ॥ ਲਕਰੀ ਬਿਖਰਿ ਜਰੀ ਮੰਝ ਭਾਰਿ ॥੨॥ ਗੁਰ ਕਾ ਸਬਦੁ ਵੀਚਾਰਿ ਜੋਗੀ ॥ ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥ ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥ ਸਹਜ ਜਗੋਟਾ ਬੰਧਨ ਤੇ ਛੂਟਾ ॥ ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥ ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥ ਨਾਨਕ ਰਾਮ ਭਗਤਿ ਜਨ ਤਰਣਾ ॥੪॥੧੧॥

ਜੋਗੀ ਪੁੱਛਣ ਲੱਗੇ "ਮਹਾਤਮਾ ਜੀ ਯਹਿ ਆਪ ਨੇ ਕਿਆ ਬੋਲਾ?" ਗੁਰੂ ਸਾਹਿਬ ਨੇ ਕਿਹਾ ਤੁਹਾਡੀ ਅਵਸਥਾ ਬਾਰੇ ਕਵਿਤਾ ਕਹੀ ਹੈ। ਤੁਸੀ ਤਾਂ ਘਰੋਂ ਜੋਗ ਦੇ ਖਾਤਰ ਨਿਕਲੇ ਸੀ। ਫਿਰ ਓਨਾਂ ਹੀ ਘਰਾਂ ਵਲ ਦੋੜ ਰਹੇ ਹੋ। ਤੁਸੀ ਲੋਕ ਨਿਗੁਰੇ ਹੋ। ਨਾਮ ਵਿਹੂਣੇ ਹੋ। ਕਾਮ ਕ੍ਰੋਧ ਲੋਭ ਮੋਹ ਹੰਕਾਰ ਵਿੱਚ ਗ੍ਰਸੇ ਹੋਏ ਫਿਰਦੇ ਹੋ। ਕੀ ਫਾਇਦਾ ਹੋਇਆ ਸੰਨਿਆਸ ਲੈਣ ਦਾ?

ਜੋਗੀਆਂ ਹੰਕਾਰ ਛੱਡ ਗੁਰੂ ਸਾਹਿਬ ਦੇ ਚਰਨੀ ਲੱਗੇ।

-----◈-----



ਰਾਜਾ ਭਰਥਰੀ ਦੀ ਧਾਰਾ ਨਗਰੀ - ਕਿਲਾ

## ਸਾਧੂਆਂ ਪੁਛਿਆ, ਬਾਬਾ ਜੀ ਮਰਨ ਤੋਂ ਬਾਦ ਕੀ ਹੁੰਦੈ? ਕਿਹੜੇ ਰਾਹ ਜਾਣਾ ਪੈਂਦਾ?✚(ਧਾਰ)

ਧਾਰ ਵਿਖੇ ਸਾਧੂਆਂ ਦਾ ਹੌਲੀ ਹੌਲੀ ਵੱਡਾ ਇਕੱਠ ਹੋ ਗਿਆ। ਕੁਝ ਜੋਗੀ ਤਾਂ ਅਜੇ ਵੀ ਖਿੱਝੇ ਪਏ ਸਨ ਪਰ ਜਗਿਆਸੂ ਤਰਾਂ ਤਰਾਂ ਦੇ ਸਵਾਲ ਸਾਹਿਬ ਨੂੰ ਕਰ ਰਹੇ ਸਨ। ਓਨਾਂ ਵਿੱਚੋਂ ਇੱਕ ਸਾਧੂ ਨੇ ਪੁੱਛਿਆ ਕਿ ਬਾਬਾ ਜੀ ਜਦੋਂ ਆਪਾਂ ਮਰਨਾਂ ਤਾਂ ਕਿਹੜੇ ਰਾਹ ਜਾਣਾ? ਕੀ ਬੇਬਾਣ ਸਾਨੂੰ ਲੈਣ ਆਉਣਗੇ? ਕੀ ਕੋਈ ਬੇੜੀ

ਪੈੜ ਸੱਚ

⊙ **ਕੀ ਸਬੂਤ ਹੈ ਕਿ ਗੁਰੂ ਸਾਹਿਬ ਮਾਂਡੋ ਆਏ ਸਨ?**- ਮਾਂਡੋ ਜਾਂ ਮਾਂਡਵ ਮਾਲਵਾ ਦੇਸ ਦੀ ਰਾਜਧਾਨੀ ਸੀ। ਇਹ ਤਾਂ ਹੋ ਹੀ ਨਹੀ ਸਕਦਾ ਕਿ ਗੁਰੂ ਸਾਹਿਬ ਰਾਜਧਾਨੀ ਛੱਡ ਜਾਣ ਤੇ ਨਾਲੇ ਲਾਗੋ ਦੀ ਲੰਘ ਕੇ।

ਦੂਸਰਾ ਗੁਰੂ ਸਾਹਿਬ ਦੀ ਯਾਦ ਵਿੱਚ ਬੇਟਮਾ ਵਿਖੇ ਚਰਨਪਾਦੁਕਾ ਹੈ। ਬੇਟਮਾ ਤਾਂ ਹੀ ਗਏ ਹੋਣਗੇ ਜੇ ਧਾਰ ਤੋਂ ਉਜੈਨ ਨੂੰ ਆ ਰਹੇ ਸਨ ਤਾਂ। ਨਹੀ ਤਾਂ ਬੇਟਮਾ ਏਨੀ ਅਹਿਮੀਅਤ ਨਹੀ ਸੀ ਰਖਦਾ ਕਿ ਗੁਰੂ ਸਾਹਿਬ ਓਧਰ ਜਾਂਦੇ।

ਫਿਰ ਗਿਆਨੀ ਪੰ.148 ਨੇ ਗੁਰੂ ਸਾਹਿਬ ਦਾ ਧਾਰ ਜਾਣਾ ਲਿਖਿਆ ਹੈ। ਧਾਰ ਦੀ ਓਨੀ ਦਿਨੀ ਕੋਈ ਖਾਸ ਅਹਿਮੀਅਤ ਨਹੀ ਸੀ। ਸੋ ਧਾਰ ਵੀ ਗੁਰੂ ਸਾਹਿਬ ਤਾਂ ਹੀ ਗਏ ਹੋਣਗੇ ਜੇ ਮਾਂਡੋ ਤੋਂ ਉਜੈਨ ਨੂੰ ਆ ਰਹੇ ਸਨ ਤਾਂ।

ਗੱਧੇ ਸ਼ਾਹ ਦੀ ਸਾਖੀ ਦਾ ਅਧਾਰ - ਸੋਢੀ ਪੰ-315 ਨੇ ਲਿਖਿਆ ਹੈ ਕਿ ਇਸ ਇਲਾਕੇ ਵਿੱਚ ਗੁਰੂ ਸਾਹਿਬ ਦਾ ਕੋਈ ਪੁਰਾਣਾ ਜਾਣਕਾਰ ਰਾਜਾ ਸੀ ਜਿਸ ਨੂੰ ਮਿਲਣ ਗਏ। ਪਰ ਇਥੇ ਕੋਈ ਅਜਿਹਾ ਹੁਕਮਰਾਨ ਤਾਂ ਓਨੀ ਦਿਨੀ ਨਹੀ ਸੀ ਜਿਸ ਦਾ ਪੰਜਾਬ ਨਾਲ ਸਬੰਧ ਹੋਵੇ। ਦੀਵਾਨ ਬਖਸ਼ੀ ਸ਼ਾਹੂਕਾਰ ਆਦਿ ਵੀ ਰਾਜੇ ਵਾਲੀ ਹੈਸੀਅਤ ਹੀ ਰਖਦੇ ਸਨ। ਸਿੱਖ ਇਤਹਾਸ ਵਿਚ ਕਈ ਥਾਂਈ ਇਹਨਾਂ ਨੂੰ ਰਾਜਾ ਹੀ ਲਿਖਿਆ ਮਿਲਦਾ ਹੈ।

ਮਾਂਡੋ ਦੇ ਸੁਲਤਾਨ ਤਾਂ ਅਫਗਾਨੀ ਪਠਾਣ ਸਨ।

ਪਰ ਮਾਂਡੋ ਵਿਖੇ ਹੀ ਇੱਕ ਕੋਈ ਗੱਧੇ ਸ਼ਾਹ ਕਪੂਰ ਨਾਂ ਦਾ ਸ਼ਾਹੂਕਾਰ ਹੋਇਆ ਹੈ ਜਿਸ ਦੀ ਦੁਕਾਨ ਦੀ ਸ਼ਾਨਦਾਰ ਇਮਾਰਤ ਵੀ ਹੋਇਆ ਕਰਦੀ ਸੀ। ਮਹਿਲਾਂ ਦੇ ਨਾਲ ਹੀ ਉਹਦੇ ਨਾਂ ਤੇ ਇੱਕ ਤਲਾਬ ਵੀ ਹੈ। ਕਪੂਰ ਪੰਜਾਬੀ ਖੱਤਰੀ ਹੁੰਦੇ ਹਨ। ਪਰ ਬਦਕਿਸਮਤੀ ਨਾਲ ਗੱਧੇ ਸ਼ਾਹ ਦਾ ਜੀਵਨ ਕਾਲ ਇਹ ਲਿਖਾਰੀ ਨਹੀ ਲੱਭ ਸੱਕਿਆ। ਕੁਝ ਵੀ ਹੋਵੇ, ਜਾਂ ਗਧੈ ਸ਼ਾਹ ਖੁੱਦ ਜਾਂ ਕੋਈ ਉਹਦਾ ਪਿਤਾ ਦਾਦਾ ਪੜਦਾਦਾ ਹੀ ਗੁਰੂ ਸਾਹਿਬ ਨੂੰ ਮਿਲਿਆ ਹੋਵੇਗਾ। ਓਨੀ ਦਿਨੀ ਸ਼ਾਹੂਕਾਰਾ ਖਾਨਦਾਨੀ ਹੁੰਦਾ ਸੀ।

ਮੰਡਲੇਸ਼ਵਰ ਤੇ ਮਹੇਸ਼ਵਰ ਜਾਣਾ- ਓਕਾਰੇਸ਼ਵਰ ਤੋਂ ਮਾਡੋ ਦੇ ਰਾਹ ਵਿੱਚ ਹਨ ਇਹ ਦੋਵੇ ਸਥਾਨ। ਅਨੇਕਾਂ ਸਾਧੂ ਸੰਤ ਇਥੇ ਪਏ ਰਹਿੰਦੇ ਸਨ। ਫਿਰ ਰਸਤੇ ਵਿੱਚ ਕਿਤੇ ਗੁਰੂ ਸਾਹਿਬਨੇ ਪੜਾਅ ਤਾਂ ਕੀਤਾ ਹੋਵੇਗਾ। ਇਕੋ ਦਿਨ ਵਿੱਚ 100 ਕਿਲੋਮੀਟਰ ਪੈਡਾਂ ਕਰਨ ਦੀ ਸੰਭਾਵਨਾਂ ਘੱਟ ਹੈ।

◈ਗਿਆਨੀ -148 ✚ਸੋਢੀ- 319

ਜਹਾਜ ਵਗੈਰਾ ਹੋਵੇਗਾ? ਕੀ ਪਾਣੀ ਥਾਂਣੀ ਲੰਘਣਾ ਹੋਵੇਗਾ ਜਾਂ ਪਹਾੜ ਜਾਂ ਮਾਰੂਥਲ ਹੋਵੇਗਾ? ਮਰਨ ਤੋਂ ਬਾਦ ਕਿਹੋ ਜਿਹੇ ਹਾਲਾਤ ਹੋਣਗੇ?

ਗੁਰੂ ਸਾਹਿਬ ਨੇ ਨਿਮਰਤਾ ਵਿਚ ਆ ਕੇ ਸਾਧੂਆਂ ਨੂੰ ਸਮਝਾਇਆ ਕਿ ਵੇਖੋ ਮੈਂ ਤਾਂ ਮੂਰਖ ਜਿਹਾ ਬੰਦਾ ਵਾਂ ਪਰ ਸ਼ਬਦ ਰੂਪੀ ਨਾਮ ਦੇ ਲੜ ਲੱਗਣ ਕਰਕੇ ਮੈਨੂੰ ਸੋਝੀ ਹੋਈ ਹੈ। ਫਰਮਾਇਆ ਕਿ ਇਹ ਸੌਖ, ਇਹ ਔਖਿਆਈਆ, ਪੈਦਲ, ਜਹਾਜ ਬੇੜੀਆਂ ਦੀ ਜਰੂਰਤ ਸਾਡੇ ਸਰੀਰ ਨੂੰ ਹੈ। ਮੌਤ ਤੋਂ ਬਾਦ ਸਰੀਰ ਇਥੇ ਹੀ ਰਹਿ ਜਾਣਾ ਵਾ। ਜਿਹੜੇ ਸ਼ਬਦ ਦੇ ਲੜ ਲੱਗੇ ਰਹੇ ਉਹਨਾਂ ਨੇ ਅੰਤ ਵੇਲੇ ਸਰਬਵਿਆਪਕ ਸ੍ਰਿਸਟੀ ਦੇ ਮਾਲਕ ਨਾਲ ਇੱਕ ਮਿਕ ਹੋ ਜਾਣਾ ਵਾ। ਬਾਕੀ ਜਿਹੜੇ ਨਿਗੁਰੇ ਹਉਮੈ ਵਿੱਚ ਗ੍ਰਸੇ ਪਏ ਨੇ ਓਨਾਂ ਵਾਸਤੇ ਹੀ ਇਹ ਭੁੱਖ ਨੰਗ ਦੁਖ ਸੁਖ ਨੇ ਤੇ ਓਹੀ ਮਾਰਗ ਨੇ : ਮਾਰੂਥਲ, ਸਾਗਰ, ਟਿਬੇ ਟੋਏ ਪਹਾੜ ਭਰੇ ਪਏ ਨੇ। ਬਹੁਤ ਪ੍ਰੇਮ ਨਾਲ ਸਾਧੂਆਂ ਨੂੰ ਸਾਰਾ ਸਿਧਾਂਤ ਸਮਝਾਇਆ। ਮਲਾਰ ਰਾਗ ਵਿੱਚ ਜਦੋਂ ਸਾਹਿਬ ਨੇ ਹੇਠ ਸੱਸ਼ੋਭਤ ਸ਼ਬਦ ਗਾਇਆ ਸਾਰਾ ਧਾਰ ਸੁੰਨ ਮੁੰਨ ਹੋ ਕੇ ਸੁਣਨ ਲੱਗਾ। ਕਿਹਾ ਜਾਂਦਾ ਗੁਰੂ ਸਾਹਿਬ ਬਹੁਤ ਉੱਚੀ ਸੁਰ ਵਿੱਚ ਗਾਉਦੇ ਸਨ। ਬਾਕੀ ਮਰਦਾਨੇ ਦੀ ਰਬਾਬ ਤਾਂ ਕੀਲ ਦਿੰਦੀ ਸੀ।


ਅਖਲੀ ਊਂਡੀ ਜਲੁ ਭਰ ਨਾਲਿ ॥ ਡੂਗਰੁ ਊਚਉ ਗੜੁ ਪਾਤਾਲਿ ॥ ਸਾਗਰੁ ਸੀਤਲੁ ਗੁਰ ਸਬਦ ਵੀਚਾਰਿ ॥ ਮਾਰਗੁ ਮੁਕਤਾ ਹਉਮੈ ਮਾਰਿ ॥੧॥ ਮੈ ਅੰਧੁਲੇ ਨਾਵੈ ਕੀ ਜੋਤਿ ॥ ਨਾਮ ਅਧਾਰਿ ਚਲਾ ਗੁਰ ਕੈ ਭੈ ਭੇਤਿ ॥੧॥ ਰਹਾਉ ॥ ਸਤਿਗੁਰ ਸਬਦੀ ਪਾਧਰੁ ਜਾਣਿ ॥ ਗੁਰ ਕੈ ਤਕੀਐ ਸਾਚੈ ਤਾਣਿ ॥ ਨਾਮੁ ਸਮ੍ਾਲਸਿ ਰੂੜ੍ੀ ਬਾਣਿ ॥ ਥੈਂ ਭਾਵੈ ਦਰੁ ਲਹਸਿ ਪਿਰਾਣਿ ॥੨॥ ਊਡਾਂ ਬੈਸਾ ਏਕ ਲਿਵ ਤਾਰ ॥ ਗੁਰ ਕੈ ਸਬਦਿ ਨਾਮ ਆਧਾਰ ॥ ਨਾ ਜਲੁ ਡੂੰਗਰੁ ਨ ਊਚੀ ਧਾਰ ॥ ਨਿਜ ਘਰਿ ਵਾਸਾ ਤਹ ਮਗੁ ਨ ਚਾਲਣਹਾਰ ॥੩॥ ਜਿਤੁ ਘਰਿ ਵਸਹਿ ਤੂਹੈ ਬਿਧਿ ਜਾਣਹਿ ਬੀਜਉ ਮਹਲੁ ਨ ਜਾਪੈ ॥ ਸਤਿਗੁਰ ਬਾਝਹੁ ਸਮਝ ਨ ਹੋਵੀ ਸਭੁ ਜਗੁ ਦਬਿਆ ਛਾਪੈ ॥ ਕਰਣ ਪਲਾਵ ਕਰੈ ਬਿਲਲਾਤਉ ਬਿਨੁ ਗੁਰ ਨਾਮੁ ਨ ਜਾਪੈ ॥ ਪਲ ਪੰਕਜ ਮਹਿ ਨਾਮੁ ਛਡਾਏ ਜੇ ਗੁਰ ਸਬਦੁ ਸਿਵਾਪੈ ॥੪॥ ਇਕਿ ਮੂਰਖ ਅੰਧੇ ਮੁਗਧ ਗਵਾਰ ॥ ਇਕਿ ਸਤਿਗੁਰ ਕੈ ਭੈ ਨਾਮ ਅਧਾਰ ॥ ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥ ਨਾਮੁ ਭੈ ਭਾਇ ਰਿਦੈ ਵਸਾਹੀ ਗੁਰ ਕਰਣੀ ਸਚੁ ਬਾਣੀ ॥ ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ ॥ ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ ॥ ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ ॥੬॥ ਜੋ ਕਿਛੁ ਕੀਨੋ ਸੁ ਪ੍ਰਭੂ ਰਜਾਇ ॥ ਜੋ ਧੁਰਿ ਲਿਖਿਆ ਸੁ ਮੇਟਣਾ ਨ ਜਾਇ ॥ ਹੁਕਮੇ ਬਾਧਾ ਕਾਰ ਕਮਾਇ ॥ ਏਕ ਸਬਦਿ ਰਾਚੈ ਸਚਿ ਸਮਾਇ ॥੭॥ ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥ ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ ॥ ਜਾਂਮਣੁ ਮਰਣਾ ਦੀਸੈ ਸਿਰਿ ਊਭੌ ਖੁਧਿਆ ਨਿਦ੍ਰਾ ਕਾਲੰ ॥ ਨਾਨਕ ਨਾਮੁ ਮਿਲੈ ਮਨਿ ਭਾਵੈ ਸਾਚੀ ਨਦਰਿ ਰਸਾਲੰ ॥੯॥੧॥੪॥

ਹਰ ਪਾਸੇ ਨਾਨਕ ਨਾਨਕ ਹੀ ਹੋ ਰਹੀ ਸੀ। "ਅਰੇ ਵੋਹੀ ਨਾਨਕ ਬਾਬਾ ਜੋ ਲਹੌਰ ਸੇ ਆਇਆ। ਕਲ ਉਸ ਨੇ ਰਾਜਾ ਕੀ ਐਸੀ ਤੈਸੀ ਕਰ ਦੀ। ਖੂਬ ਸੁਨਾਈ ਰਾਜਾ ਕੋ। ਬਾਬਾ ਨਾਨਕ ਨਹੀ ਡਰਤਾ ਕਿਸੀ ਸੇ। "

ਇਕ ਦੋ ਦਿਨ ਇਥੇ ਰਹਿ ਗੁਰੂ ਸਾਹਿਬ ਬੇਟਮਾ ਇੰਦੌਰ ਰਸਤੇ ਉਜੈਨ ਨੂੰ ਰਵਾਨਾ ਹੋ ਗਏ।



ਗੁਰਦੁਆਰਾ ਬਾਉਲੀ ਸਾਹਿਬ ਬੇਟਮਾ



ਗੁਰਦੁਆਰਾ ਬੇਟਮਾ ਸਾਹਿਬ - ਪ੍ਰਕਾਸ਼ ਅਸਥਾਨ

ਗੁਰੂ ਦੇ ਸਿੱਖ ਗੁਰਦੁਆਰਾ ਸੋਨੇ ਦਾ ਵੀ ਬਣਾ ਸਕਦੇ ਨੇ। ਪਰ ਇਤਹਾਸ ਨੂੰ ਸਾਂਭਣ ਦੀ ਇਨਾਂ ਨੂੰ ਸਮਝ ਨਹੀ। ਗੁਰੂ ਸਾਹਿਬ ਦੀ ਚਰਨ ਪਾਦੁਕਾ ਅੱਜ ਬੇਟਮਾ ਸਾਹਿਬ ਤੋਂ ਅਲੋਪ ਹੋ ਚੁੱਕੀ ਹੈ। ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਸੋਝੀ ਬਖਸ਼ਣ। ਇਮਾਰਤ ਨਵੀ ਬਣ ਰਹੀ ਹੈ।

-----◈-----

## ਬੇਟਮਾ ਪੜਾਅ- ਜਲ ਭੰਡਾਰ ਪ੍ਰਗਟ ਕੀਤਾ

ਧਾਰ ਤੋਂ ਕੋਈ 40 ਕਿ.ਮੀ. ਪੂਰਬ ਵਲ ਚਲਕੇ ਗੁਰੂ ਸਾਹਿਬ ਬੇਟਮਾ ਨਾਂ ਦੇ ਪਿੰਡ ਵਿੱਚ ਆ ਰੁਕੇ। ਸਾਹਿਬ ਨੂੰ ਪਤਾ ਲੱਗਾ ਕਿ ਇਥੋਂ ਦਾ ਜਗੀਰਦਾਰ ਕੋਈ ਕਾਇਸਥ ਹੈ ਤੇ ਚੰਗਾ ਅਸਰ ਰਸੂਖ ਰਖਦਾ ਹੈ। ਇਹ ਵੀ ਹੋ ਸਕਦਾ ਕਿ ਉਸ ਜਗੀਰਦਾਰ ਦਾ ਗੁਰੂ ਸਾਹਿਬ ਨਾਲ ਮੇਲ ਭਾਵੇ ਮਾਂਡੋ ਜਾਂ ਧਾਰ ਹੀ ਹੋ ਗਇਆ ਹੋਵੇ ਤੇ ਉਹ ਸ਼ਰਧਾ ਕਰਕੇ ਸਾਹਿਬ ਨੂੰ ਆਪਣੇ ਨਾਲ ਲੈ ਆਇਆ ਹੋਵੇ।

ਪਾਣੀ ਵਾਸਤੇ ਸਾਰਾ ਪਿੰਡ ਤਲਾਬ ਤੇ ਹੀ ਨਿਰਭਰ ਸੀ। ਗੁਰੂ ਸਾਹਿਬ ਨੇ ਕਿਰਪਾ ਕੀਤੀ ਤੇ ਹੁਕਮ ਕਰਕੇ ਖੂਹ ਪੁਟਵਾਇਆ। ਘੱਟ ਹੀ ਡੂੰਘਾਈ ਤੋਂ ਜਲ ਦਾ ਭੰਡਾਰ ਨਿਕਲ ਆਇਆ। ਓਸ ਥਾਂ ਤੇ ਅਜਕਲ ਵੀ ਬਾਉਲੀ ਮੌਜੂਦ ਹੈ।

ਜਦੋਂ ਰਵਾਨਾ ਹੋਣ ਲੱਗੇ ਤਾਂ ਪਿੰਡ ਦੇ ਜਗੀਰਦਾਰ ਨੇ ਜਿੱਦ ਕਰਕੇ ਉਨਾਂ ਦੀਆਂ ਖੜਾਵਾਂ ਰੱਖ ਲਈਆਂ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਜਿਹੜੇ ਫੌਜੀ ਇਧਰ ਇੰਦੌਰ ਆ ਗਏ ਸਨ ਉਨਾਂ ਕਰਕੇ ਇਨਾਂ ਥਾਵਾਂ ਦੀ ਮਾਨਤਾ ਬਰਕਰਾਰ ਰਹੀ ਤੇ ਉਦਾਸੀ ਸਾਧੂਆਂ ਦਾ ਇਸ ਅਸਥਾਨ ਤੇ ਆਉਣ ਜਾਣ ਬਣਿਆ ਹੀ ਰਹਿੰਦਾ ਸੀ। ਫਿਰ ਇੱਕ ਉਦਾਸੀ ਨੇ ਪੱਕਾ ਇਥੇ ਰਹਿਣਾ ਸ਼ੁਰੂ ਕਰ ਦਿੱਤਾ।

1950 ਈ. ਦੇ ਆਸ ਪਾਸ ਜਿਹੜੇ ਸਿੱਖ ਆਏ ਸਨ ਉਦੋਂ ਤੱਕ ਉਹ ਸਾਹਿਬ ਦੀਆਂ ਖੜਾਵਾਂ ਦੇ ਦਰਸ਼ਨ ਕਰਿਆ ਕਰਦੇ ਸਨ। ਖੜਾਵਾਂ ਵਕਤ ਨਾਲ ਭੁਰ ਚੁੱਕੀਆਂ ਸਨ ਜਿਸ ਕਰਕੇ ਗੁਰਸਿੱਖਾਂ ਨੇ ਪੱਥਰ ਦੀ ਸਿੱਲ ਤੇ ਖੜਾਵਾਂ ਉਕਰ ਦਿੱਤੀਆਂ। ਵਕਤ ਪਾ ਕੇ ਪੱਥਰ ਤੇ ਉਕਰੀਆਂ ਖੜਾਵਾਂ ਦੀ ਵਿਰੋਧਤਾ ਹੋ ਗਈ ਕਿ ਇਹ ਤਾਂ ਪੱਥਰ ਪੂਜਾ ਤੁੱਲ ਹਨ। ਜਿਸ ਕਾਰਨ ਉਹ ਸਿੱਲ ਵੀ ਇਥੋਂ ਚੁੱਕ ਦਿੱਤੀ ਗਈ। ਇਸ ਲਿਖਾਰੀ ਨੇ 1973 ਵਿੱਚ ਉਸ ਸਿਲ ਦੇ ਦਰਸ਼ਨ ਕੀਤੇ ਸਨ। ਜ਼ਰੂਰਤ ਸੀ ਜਿਸ ਹਾਲਤ ਵਿਚ ਵੀ ਪਉਏ ਸੀ ਉਹਨਾਂ ਨੂੰ ਸਾਂਭਿਆ ਜਾਂਦਾ।

ਅੱਜ ਇਥੇ ਵੱਡੀ ਮੰਨਤਾ ਵਾਲੇ ਦੋ ਸ਼ਾਨਦਾਰ ਗੁਰ ਅਸਥਾਨ ਮੌਜੂਦ ਹਨ: ਗੁਰਦੁਆਰਾ ਬਾਉਲੀ ਸਾਹਿਬ ਤੇ ਚਰਨਪਾਦੁਕਾ ਸਾਹਿਬ।

27 ਕਿ. ਮੀ. ਦਾ ਅੱਗੇ ਪੈਂਡਾ ਕਰਕੇ ਗੁਰੂ ਸਾਹਿਬ ਇੰਦੌਰ ਪਹੁੰਚੇ। ਓਦੋਂ ਇੰਦੌਰ ਛੋਟਾ ਜਿਹਾ ਕਸਬਾ ਸੀ ਜਿਨੂੰ ਅਜਕਲ ਜੂਨੀ ਇੰਦੌਰ ਕਿਹਾ ਜਾਂਦਾ ਹੈ। ਇਥੇ ਸਰਸਵਤੀ ਨਾਲੇ ਦੇ ਲਾਗੇ ਗੁਰੂ ਸਾਹਿਬ ਨੇ ਆਸਣ ਲਾਇਆ। ਵਕਤ ਪਾ ਕੇ ਇਥੇ ਜੋ ਗੁਰਦੁਆਰਾ ਬਣਿਆ ਉਹ ਇਮਲੀ ਸਾਹਿਬ ਗੁਰਦੁਆਰਾ

ਨਾਂ ਤੇ ਮਸ਼ਹੂਰ ਹੈ। ਕਿਉਂਕਿ ਇਲਾਕੇ ਵਿੱਚ ਸਿੱਧ ਜੋਗੀਆਂ ਤੇ ਮੂਰਤੀ ਪੂਜਾ ਦਾ ਰਿਵਾਜ ਜੋਰਾਂ ਤੇ ਸੀ ਗੁਰੂ ਸਾਹਿਬ ਨੇ ਨਾਮ ਦੇ ਸਿਧਾਂਤ ਤੇ ਜਾਤ ਪਾਤ ਦੇ ਸਿਧਾਂਤ ਦੇ ਵਿਰੋਧ ਵਿੱਚ ਮਨੁੱਖੀ ਏਕੇ ਦਾ ਪ੍ਰਚਾਰ ਕੀਤਾ।

ਇਥੋਂ ਇੰਦੌਰ ਤੋਂ ਗੁਰੂ ਸਾਹਿਬ ਉਜੈਨ ਨੂੰ ਰਵਾਨਾ ਹੋਏ।

-----◈-----

ਅਪਰੈਲ 1517

## ਉਜੈਨ – ਮਹਾਕਾਲ ਦੇ ਸ਼ਹਿਰ ਵਿੱਚ ਬਾਬਾ ਨਾਨਕ

### ਰਾਜਾ ਭਰਥਰੀ ਦੀ ਗੁਫਾ ਲਾਗੇ ਡੇਰਾ ਲਾਇਆ ਸੀ



ਗੁਰਦੁਆਰਾ ਇਮਲੀ ਸਾਹਿਬ, ਇੰਦੌਰ

ਇੰਦੌਰ ਤੋਂ ਉਜੈਨ 55 ਕਿਲੋਮੀਟਰ ਪਹਾੜ ਪਾਸੇ ਹੈ ਤੇ ਆਦਿ ਕਾਲ ਤੋਂ ਚਲਿਆ ਰਾਹ ਇਉਂ ਹੈ ਜਿਵੇ ਰਸੀ ਨਾਲ ਸਿਧਾ ਕਰਕੇ ਖਿਚਿਆ ਹੋਵੇ, ਮੋਟੇ ਤੌਰ ਤੇ ਕੋਈ ਮੋੜ ਵਿੰਗ ਨਹੀ ਹੈ। ਉਜੈਨ ਸ਼ਿਪਰਾ ਦਰਿਆ ਦੇ ਕੰਢੇ ਵਸਿਆ ਹੋਇਆ ਹੈ। ਉਜੈਨ ਪਹੁੰਚ ਗੁਰੂ ਸਾਹਿਬ ਨੇ ਪਹਿਲਾਂ ਮਹਾਕਾਲੇਸ਼ਵਰ ਮੰਦਰ ਦੇ ਦਰਸ਼ਨ ਕੀਤੇ। ਇਹ ਵੀ 12 ਜੋਤੀਰਲਿੰਗਾਂ ਵਿਚੋ ਇੱਕ ਹੈ। ਇਨੂੰ ਬ੍ਰਾਹਮਣ ਸ਼ਕਤੀਪੀਠ ਵੀ ਮੰਨਦੇ ਹਨ ਭਾਵ ਇਥੋਂ ਸਾਰੀ ਤਾਕਤ ਨਿਕਲਦੀ ਹੈ। ਬਾਵਜੂਦ ਇਸ ਦੇ ਮੁਸਲਮਾਨ ਰਾਜਾ ਇਲਤਮਸ਼ ਨੇ ਇਹ ਮੰਦਰ 1234-5 ਵਿੱਚ ਲੁਟ ਲਿਆ ਤੇ ਬਰਬਾਦ ਕਰ ਦਿੱਤਾ। ਇਹੋ ਕੁਝ 1150 ਦੇ ਨੇੜੇ ਤੇੜੇ ਵੀ ਹੋਇਆ ਸੀ। ਦੂਸਰੇ ਪਾਸੇ ਇਹ ਵੀ ਸਬੂਤ ਹੈ ਕਿ ਮੁਗਲ ਬਾਦਸ਼ਾਹ ਇਸ ਮੰਦਰ ਨੂੰ ਗਰਾਂਟਾਂ ਦਿਆ ਕਰਦੇ ਸਨ।

ਸੰਸਕ੍ਰਿਤ ਦੇ ਸਰਬੋਤਮ ਕਵੀ ਕਾਲੀਦਾਸ ਦਾ ਸਬੰਧ ਵੀ ਉਜੈਨ ਨਾਲ ਰਿਹਾ ਹੈ। ਪੂਰੇ ਹਿੰਦੁਸਤਾਨ ਵਿੱਚ ਇਨਸਾਫ ਪਸੰਦ ਹੋਣ ਲਈ ਮਸ਼ਹੂਰ ਮਹਾਰਾਜਾ ਵਿਕਰਮਜੀਤ ਵੀ ਇਥੋ ਦਾ ਹੀ ਰਾਜਾ ਸੀ। ਇਤਹਾਸ ਵਿੱਚ ਇਸ ਬਾਰੇ ਬੜੇ ਭੰਬਲਭੂਸੇ ਖੜੇ ਹੋ ਚੁੱਕੇ ਨੇ। ਕਿਉਂਕਿ ਰਾਜਾ ਵਿਕਰਮਜੀਤ ਤੋਂ ਬਾਦ ਕਈ ਰਾਜਿਆਂ ਨੇ ਆਪਣੇ ਤਖੱਲਸ ਵਿਕਰਮਜੀਤ ਰੱਖ ਲਏ ਸਨ।

**ਰਾਜਾ ਭਰਥਰੀ ਦੀ ਕਥਾ–** ਰਵਾਇਤ ਜਾਂ ਦੰਦ ਕਥਾ ਅਨੁਸਾਰ ਰਾਜਾ ਵਿਕਰਮਜੀਤ ਰਾਜਾ ਭਰਥਰੀ ਦਾ ਛੋਟਾ ਭਰਾ ਸੀ। ਰਾਜਾ ਭਰਥਰੀ ਬਾਰੇ ਮਸ਼ਹੂਰ ਹੈ ਕਿ ਇੱਕ ਵੇਰਾਂ ਉਸ ਨੇ ਇੱਕ ਜਨਾਨੀ ਸਤੀ ਹੁੰਦੀ ਵੇਖੀ ਤੇ ਬੜਾ ਦੁੱਖੀ ਹੋਇਆ। ਆ ਕੇ ਆਪਣੀ ਰਾਣੀ ਨੂੰ ਕਹਿਣ ਲੱਗਾ ਕਿ ਮੇਰੇ ਮਰਨ ਮਗਰੋਂ ਤੂੰ ਤਾਂ ਸਤੀ ਨਾਂ ਹੋਵੀ। ਰਾਣੀ ਪਿੰਗਲਾ ਅੱਗੋ ਕਹਿਣ ਲੱਗੀ ਕਿ ਮੈਂ ਅਜਿਹਾ ਹਰਗਿਜ਼ ਨਹੀ ਕਰਾਂਗੀ ਕਿ ਬਲਦੀ ਮੜੀ ਤੇ ਛਾਲ ਮਾਰਾਂ। ਮੈਂ ਤਾਂ ਉਦੋਂ ਹੀ ਪ੍ਰਾਣ ਤਿਆਗ ਦੇਵਾਂਗੀ ਜਦੋਂ ਮੈਨੂੰ ਪਤਾ ਲੱਗਾ ਕਿ ਤੁਸੀ ਇਸ ਜਹਾਨ ਨੂੰ ਅਲਵਿਦਾ ਕਹਿ ਦਿੱਤੀ ਹੈ। ਰਾਜਾ ਇਸ ਗੱਲ ਤੋਂ ਬਹੁਤ ਪ੍ਰਭਾਵਤ ਹੋਇਆ।

ਅੱਗੇ ਕਥਾ ਇਸ ਤਰਾਂ ਹੈ ਕਿ ਇੱਕ ਵੇਰਾਂ ਇੱਕ ਬ੍ਰਾਹਮਣ ਨੂੰ ਕਲਪ-ਰੁੱਖ ਤੋਂ ਇੱਕ ਫਲ ਪ੍ਰਾਪਤ ਹੋਇਆ ਜਿਸ ਦਾ ਮਤਲਬ ਇਹ ਸੀ ਕਿ ਜਿਹੜਾ ਇਨਸਾਨ ਉਹ ਫਲ ਖਾ ਲਵੇਗਾ ਉਹ ਅਮਰ ਹੋ ਜਾਵੇਗਾ। (ਹਿੰਦੂ ਪੁਰਾਣਾਂ ਅਨੁਸਾਰ ਕਲਪ-ਰੁੱਖ ਉਹ ਹੈ ਜਿਹੜਾ ਮਨ ਦੀ ਕੋਈ ਵੀ ਮੁਰਾਦ ਪੂਰੀ ਕਰ ਦੇਵੇ। ਅਜ ਵੀ ਉਜੈਨ ਵਿੱਚ ਇੱਕ ਪਿੱਪਲ ਦੇ ਰੁੱਖ ਨੂੰ ਕਲਪ-ਰੁੱਖ ਕਰਕੇ ਮੰਨਿਆ ਪੂਜਿਆ ਜਾਂਦਾ ਹੈ।) ਖੈਰ ਬ੍ਰਾਹਮਣ ਨੇ ਉਹ ਫਲ ਰਾਜਾ ਨੂੰ ਭੇਟ ਕਰ ਦਿੱਤਾ ਕਿ ਮਹਾਰਾਜ ਤੁਸੀ ਲੋਕ ਭਲਾਈ ਦੇ ਏਨੇ ਕੰਮ ਕਰ ਰਹੇ ਹੋ ਤੁਹਾਡਾ ਸਦਾ ਜੀਵਤ ਰਹਿਣਾ ਦੁਨੀਆਂ ਦੇ ਭਲੇ ਵਿੱਚ ਹੈ। ਪਰ ਮਹਾਰਾਜਾ ਤਾਂ ਆਪਣੀ ਰਾਣੀ ਪਿੰਗਲਾ ਤੋਂ ਫਿਦਾ ਸੀ। ਭਰਥਰੀ ਨੇ ਉਹ ਫਲ ਆਪਣੀ ਰਾਣੀ ਨੂੰ ਭੇਟ ਕਰ ਦਿੱਤਾ। ਪਰ ਰਾਣੀ ਤਾਂ ਦਿਲੋਂ ਦਰੋਗੇ ਮਹੀਪਾਲ ਨੂੰ ਚਾਹੁੰਦੀ ਸੀ ਤੇ ਬਚਪਨ ਤੋਂ ਹੀ ਉਹਦੇ ਨਾਲ ਪਿਆਰ ਸੀ। ਰਾਣੀ ਨੇ ਉਹ ਫਲ ਮਹੀਪਾਲ ਨੂੰ ਭੇਟ ਕਰ ਦਿੱਤਾ। ਮਹੀਪਾਲ ਦੀ ਮੁਹੱਬਤ ਲੱਖੋ ਨਾਂ ਦੀ ਦਾਸੀ ਨਾਲ ਸੀ। ਮਹੀਪਾਲ ਨੇ ਲੱਖੋ ਨੂੰ ਦੇ ਦਿੱਤਾ। ਦਾਸੀ ਲੱਖੋ ਦਿਲੋਂ ਰਾਜਾ ਭਰਥਰੀ ਨੂੰ ਮੁਹੱਬਤ ਕਰਦੀ ਸੀ ਸੋ ਲੱਖੋ ਨੇ

---

**ਪੈੜ ਸਫਾ**

ਬੇਟਮਾ- ਧਾਰ- ਇੰਦੌਰ ਦੇ ਜਿਮੀਦਾਰ ਜਗੀਰਦਾਰਾਂ ਦਾ ਜਿਕਰ ਅਕਬਰ ਵੇਲੇ ਦੇ ਇਤਹਾਸ ਵਿੱਚੋਂ ਮਿਲਦਾ ਹੈ। ਗੁਰੂ ਸਾਹਿਬ ਦੀ ਆਮਦ ਵੇਲੇ ਇੰਦੌਰ ਛੋਟਾ ਜਿਹਾ ਕਸਬਾ ਸੀ। ਪੁਰਾਣੇ ਸਮਿਆਂ ਵਿੱਚ ਕਸਬੇ/ਸ਼ਹਿਰ ਓਥੇ ਪਣਪਦੇ ਸਨ ਜਿੱਥੇ ਪਾਣੀ ਅਸਾਨੀ ਨਾਲ ਮਿਲ ਸਕੇ। ਇੰਦੌਰ ਦਾ ਜਨਮ ਵੀ ਪਾਣੀ ਕਰਕੇ ਹੀ ਹੁੰਦਾ ਹੈ। ਇਥੇ ਦੋ ਨਾਲਿਆ ਦਾ ਸੰਗਮ ਹੈ ਜਿੰਨਾਂ ਨੂੰ ਪੁਰਾਣੇ ਸਮਿਆ ਵਿੱਚ ਜਿਮੀਦਾਰ ਬੰਨ ਕੇ ਰਖਦੇ ਸਨ।

ਇੰਦੌਰ ਕਿਓ ਗਏ ਸਾਹਿਬ? - ਕਿਉਂਕਿ ਬੇਟਮਾ ਤਾਂ ਗੁਰੂ ਸਾਹਿਬ ਆਏ ਹੀ ਸਨ ਫਿਰ ਉਸ ਵੇਲੇ ਇੰਦੌਰ ਦੀ ਵੀ ਜਰੂਰ ਕੋਈ ਖਾਸੀਅਤ ਹੋਵੇਗੀ ਜਾਂ ਫਿਰ ਇੰਦੌਰ ਤੋਂ ਉਜੈਨ ਦਾ ਰਾਹ ਜਿਆਦਾ ਸੁਖਾਲਾ ਹੋਵੇਗਾ ਭਾਵ ਸਾਧਨ ਮਿਲਦੇ ਹੋਣਗੇ ਕਿਉਂਕਿ ਇੰਦੌਰ ਸ਼ਹਿਰ ਉਜੈਨ- ਓਂਕਾਰੇਸ਼ਵਰ ਦੇ ਪੁਰਾਣੇ ਮਾਰਗ ਤੇ ਸੀ।

ਨਵੀਆਂ ਹੋਈਆਂ ਖੋਜਾਂ ਨੇ ਸਾਬਤ ਕੀਤਾ ਹੈ ਕਿ ਇੰਦੌਰ ਸ਼ਹਿਰ ਦੀ ਨੀਂਹ ਹੋਲਕਰ ਰਾਜਿਆਂ ਨੇ ਨਹੀ ਸੀ ਰੱਖੀ। ਹੋਲਕਰਾਂ ਨੇ ਤਾਂ ਸਿਰਫ ਇਨੂੰ ਆਪਣੀ ਰਾਜਧਾਨੀ ਬਣਾਇਆ ਸੀ। ਸ਼ਹਿਰ ਉਸ ਤੋਂ ਕਿਤੇ ਪੁਰਾਣਾ ਹੈ। ਇਤਹਾਸਕਾਰਾਂ ਨੇ ਸਾਬਤ ਕੀਤਾ ਹੈ ਕਿ ਰਾਸ਼ਟਰਕੂਤ ਖਾਨਦਾਨ ਦੇ ਰਾਜਾ ਇੰਦਰ ਤੀਜੇ ਨੇ ਜਦੋਂ 916 ਈ. ਵਿੱਚ ਕਨੌਜ ਫਤਹਿ ਕੀਤਾ ਤਾਂ ਵਾਪਸੀ ਤੇ ਮੁੜਦੇ ਵੇਲੇ ਉਸ ਨੇ ਇਥੇ ਇੰਦ੍ਰੇਸ਼ਵਰ ਮਹਾਦੇਵ ਮੰਦਰ ਆਪਣੇ ਨਾਂ ਤੇ ਬਣਵਾਇਆ ਜੋ ਕੇ ਅੱਜ ਵੀ ਮੌਜੂਦ ਹੈ। ਅਹਿਲਿਆ ਬਾਈ ਹੋਲਕਾਰ ਨੇ ਪੁਰਾਣੀਆਂ ਨੀਂਹਾਂ ਤੇ ਮੰਦਰ ਨੂੰ ਦੁਬਾਰਾ ਬਣਾਇਆ ਸੀ। ਮੰਦਰ ਸਰਸਵਤੀ ਤੇ ਖਾਨ ਨਾਲਿਆਂ ਦੇ ਮੇਲ ਤੇ ਮੌਜੂਦ ਹੈ।

http://www.indoreonline.in/city-guide/indreshwar-mahadev-temple-of-indore

18ਵੀ ਸਦੀ ਦੇ ਵੇਲੇ ਵੀ ਸ਼ਹਿਰ ਦਾ ਇੱਕ ਇਲਾਕਾ ਹੈ ਜਿਨੂੰ 'ਜੂਨੀ ਇੰਦੌਰ' ਭਾਵ ਪੁਰਾਣਾ ਇੰਦੌਰ ਕਰਕੇ ਜਾਣਿਆ ਜਾਂਦਾ ਹੈ। ਇਸ ਸ਼ਹਿਰ ਦੇ ਐਨ ਕਿਨਾਰੇ ਤੇ ਹੀ ਇੰਦ੍ਰੇਸ਼ਵਰ ਮੰਦਰ ਤੇ ਗੁਰਦੁਆਰਾ ਇਮਲੀ ਸਾਹਿਬ ਹਨ।

18 ਵੀ ਸਦੀ ਦੀ ਉਤਰੀ ਭਾਰਤ ਦੀ ਸਿਆਸਤ ਸਿੱਖਾਂ-ਮਰਾਠਿਆਂ-ਮੁਗਲਾਂ-ਅੰਗਰੇਜਾਂ ਤੇ ਪਠਾਣਾਂ ਦੀ ਕੱਸ਼ਮਕੱਸ਼ ਦੀ ਕਹਾਣੀ ਹੈ। ਕਦੀ ਕਿਸੇ ਧਿਰ ਦਾ ਹੱਥ ਉਤੇ ਤੇ ਕਦੀ ਕਿਸ ਦਾ। ਖੈਰ ਮਰਾਠੇ ਸਿੱਖ ਸਿਪਾਹੀਆਂ ਦੀ ਬਹਾਦਰੀ ਦਾ ਲੋਹਾ ਮੰਨਦੇ ਸਨ। ਇੰਦੌਰ ਦੀ ਹੋਲਕਰ ਰਿਆਸਤ ਨੇ 20ਵੀ. ਸਦੀ ਦੇ ਸ਼ੁਰੂ ਵਿੱਚ ਫਿਰ ਇੱਕ ਸਿੱਖ ਰਜਮੈਂਟ ਇੰਦੌਰ ਹੀ ਬੈਠਾ ਦਿੱਤੀ।

ਉਹ ਫਲ ਰਾਜਾ ਨੂੰ ਭੇਟ ਕਰ ਦਿੱਤਾ। ਇਸ ਪ੍ਰਕਾਰ ਕਲਪ-ਫਲ ਦਾ ਚੱਕਰ ਪੂਰਾ ਹੋ ਗਿਆ। ਰਾਜਾ ਉਹ ਫਲ ਮੁੜ ਆਪਣੇ ਕੋਲ ਪਾ ਕੇ ਬਹੁਤ ਦੁੱਖੀ ਹੋਇਆ। ਰਾਜਾ ਨੇ ਝੱਟ ਲੱਖੋ ਨੂੰ ਬਕਾ ਲਿਆ ਕਿ ਤੈਨੂੰ ਇਹ ਫਲ ਕਿਹਨੇ ਦਿੱਤਾ ਹੈ। ਲੱਖੋ ਨੇ ਮਹੀਪਾਲ ਦਾ ਨਾਂ ਲੈ ਦਿੱਤਾ। ਅੱਗੋ ਮਹੀਪਾਲ ਨੇ ਰਾਣੀ ਦਾ ਨਾਂ ਲੈ ਲਿਆ। ਜਦੋਂ ਰਾਜੇ ਨੂੰ ਪਤਾ ਲੱਗਾ ਕਿ ਪਿੰਗਲਾ ਤਾਂ ਮਹੀਪਾਲ ਨੂੰ ਦਿਲੋਂ ਚਾਹੁੰਦੀ ਹੈ ਉਸ ਅੱਗ-ਬਬੂਲਾ ਹੋਏ ਨੇ ਤਲਵਾਰ ਕੱਢੀ ਤੇ ਪਿੰਗਲਾ ਦਾ ਸਿਰ ਲਾਹ ਦਿੱਤਾ। ਭਰਥਰੀ ਨੂੰ ਬੜਾ ਦੁੱਖ ਲੱਗਾ ਕਿ ਰਾਣੀ ਦੀ ਬੇਵਫਾਈ ਦਾ। ਬਹੁਤ ਵਿਯੋਗ ਵਿੱਚ ਰਿਹਾ ਕਰੇ। ਓਧਰੋਂ ਬ੍ਰਾਹਮਣਾਂ ਦੁਹਾਈ ਦੇ ਦਿੱਤੀ ਕਿ ਵੱਡਾ ਪਾਪ ਕਰ ਤਾਂ ਮਹਾਰਾਜਾ ਤੁਸਾਂ। ਭਰਥਰੀ ਨੇ ਰਾਜ ਗੱਦੀ ਤਿਆਗ ਦਿੱਤੀ ਤੇ ਆਪਣੇ ਭਰਾ ਵਿਕਰਮਜੀਤ ਨੂੰ ਰਾਜਾ ਬਣਾ ਦਿੱਤਾ।

ਏਸੇ ਭਰਥਰੀ ਦਾ ਹੀ ਭਾਣਜਾ ਹੋਇਆ ਹੈ ਰਾਜਾ ਗੋਪੀਚੰਦ। ਰਾਜਾ ਭਰਥਰੀ ਦੀਆਂ ਕਈ ਰਚਨਾਵਾਂ ਸੰਸਕ੍ਰਿਤ ਵਿੱਚ ਮਿਲਦੀਆਂ ਹਨ ਜਿਸ ਵਿੱਚ ਉਸ ਨੇ ਔਰਤ ਜਾਤ ਤੋਂ ਨਿਰਾਸ਼ਤਾ ਦਿਖਾਈ ਹੈ। ਇਹ ਗੁਰੂ ਨਾਨਕ ਪਾਤਸ਼ਾਹ ਹੀ ਹੋਏ ਨੇ ਜਿੰਨਾਂ ਜਨਾਨੀ ਨੂੰ ਬਰਾਬਰਤਾ ਦਾ ਦਰਜਾ ਦਿੱਤਾ ਹੈ। ਥਾਂ ਥਾਂ ਗੁਰੂ ਸਾਹਿਬ ਨੇ ਲਿਖਿਆ ਹੈ ਕਿ ਮਰਦ ਕਿੰਨਾ ਕੁ ਇਮਾਨਦਾਰ ਹੈ। ਚਾਹੇ ਮਰਦ ਜਾਂ ਜਨਾਨੀ ਹਰ ਜੀਅ ਹਉਮੇ ਵਿੱਚ ਫਸਿਆ ਪਿਆ ਹੈ।

ਧਾਰਮਿਕ ਪੱਖੋ ਉਜੈਨ ਦੀ ਵਿਰਾਸਤ ਬਹੁਤ ਅਮੀਰ ਹੈ। ਇਥੇ ਕੋਈ 100 ਦੇ ਕਰੀਬ ਪੁਰਾਣੇ ਮੰਦਰ ਹਨ ਤੇ ਸਾਰੇ ਦੇ ਸਾਰੇ ਸ਼ਿਪਰਾ ਨਦੀ ਦੇ ਕੰਢੇ ਹਨ। ਸ਼ਿਪਰਾ ਜੋ ਬਾਦ 'ਚ ਚੰਬਲ ਵਿੱਚ ਜਾ ਪੈਂਦੀ ਹੈ, ਭਾਰਤ ਦੀ ਉਲਟੀ ਦਿਸ਼ਾ ਦੀ ਨਦੀ ਹੈ। ਇਹ ਅਲੋਕਿਕ ਨਦੀ ਪਹਾੜ ਪਾਸੇ ਨੂੰ ਵਗਦੀ ਹੈ ਤੇ ਉੱਤੇ ਜਾ ਜਮੁਨਾ ਦਰਿਆ ਵਿੱਚ ਡਿਗਦੀ ਹੈ।

ਉਜੈਨ ਦਾ 12 ਸਾਲੀਂ ਲੱਗਦਾ ਕੁੰਭ ਮੇਲਾ ਵੀ ਹਰਦੁਆਰ, ਇਲਾਹਾਬਾਦ ਤੇ ਨਾਸਿਕ ਵਾਗੂ ਬਹੁਤ ਮਸ਼ਹੂਰ ਹੈ।

ਕਈ ਵਿਦਵਾਨਾਂ ਦਾ ਅੰਦਾਜ਼ਾ ਹੈ ਕਿ ਗੁਰੂ ਸਾਹਿਬ ਕੁੰਭ ਦੇ ਮੇਲੇ ਵੈਸਾਖ (ਪਰ ਕੁੰਭ ਤਾਂ ਅਪਰੈਲ/ਮਈ 1515 ਈ. ਸੀ) ਉਜੈਨ ਪਹੁੰਚੇ ਸਨ। ਓਂਕਾਰੇਸ਼ਵਰ ਵਿਖੇ ਤਾਂ ਗੁਰੂ ਸਾਹਿਬ ਦਾ ਆਰਤੀ ਉਤਾਰ ਕੇ ਮੰਦਰ ਵਿੱਚ ਸਵਾਗਤ ਕੀਤਾ ਗਇਆ ਸੀ। ਲਗਦੈ ਹੈ ਇਥੇ ਵੀ ਪੰਡਿਆਂ ਸਤਿਕਾਰ ਕੀਤਾ ਹੋਵੇਗਾ। ਕੁਲ ਮਿਲਾ ਬ੍ਰਾਹਮਣ ਲੋਕ ਗੁਰੂ ਸਾਹਿਬ ਦਾ ਬਹੁਤ ਸਤਿਕਾਰ ਕਰਦੇ ਸਨ। ਕੁਝ ਦਿਨ ਗੁਰੂ ਸਾਹਿਬ ਮਹਾਕਾਲ ਮੰਦਰ ਨੇੜੇ ਬਿਰਾਜਦੇ ਰਹੇ ਤੇ ਏਥੋਂ ਦੇ ਪੰਡਿਆਂ ਨੂੰ ਨਾਮ ਦੇ ਸਿਧਾਂਤ ਤੋਂ ਜਾਣੂ ਕਰਵਾਇਆ। ਮੂਰਤੀ ਪੂਜਾ ਤੇ ਹੋਰ ਕਰਮ ਕਾਂਡਾਂ ਨੂੰ ਵਿਅੱਰਥ ਦੱਸਿਆ।

ਉਪਰੰਤ ਗੁਰੂ ਸਾਹਿਬ ਉਜੈਨ ਦੇ ਬਾਕੀ ਮੰਦਰਾਂ ਤੇ ਵੀ ਪ੍ਰਚਾਰ ਖਾਤਰ ਪਹੁੰਚੇ। ਇਤਹਾਸ ਤੋਂ ਇਹੋ ਅੰਦਾਜ਼ਾ ਲੱਗਦਾ ਹੈ ਕਿ ਬ੍ਰਾਹਮਣ ਤਾਂ ਗੁਰੂ ਸਾਹਿਬ ਦੀ ਗੱਲ ਝੱਟ ਮੰਨ ਜਾਂਦੇ ਸਨ ਜੇ ਅੜਦੇ ਸਨ ਤਾਂ ਉਹ ਸੀ ਜੋਗੀ/ ਸਿੱਧ ਨਾਥ।

ਉਜੈਨ ਪਹੁੰਚ ਗੁਰੂ ਸਾਹਿਬ ਨੇ ਆਪਣਾ ਡੇਰਾ ਸ਼ਿਪਰਾ ਨਦੀ ਦੇ ਕੰਢੇ ਰਾਜਾ ਭਰਥਰੀ ਦੀ ਗੁਫਾ ਤੇ ਮੁਸਲਮਾਨ ਸੂਫੀ ਪੀਰ ਰੂਮੀ ਦੀ ਦਰਗਾਹ ਦਰਮਿਆਨ ਇਮਲੀ ਦੇ ਰੁੱਖ ਥੱਲੇ ਲਾਇਆ ਸੀ। ਇਹ ਜਗਾ ਮਹਾਕਾਲ ਜੋਤੀ ਲਿੰਗ ਤੋਂ ਪੈਦਲ 3 ਕਿਲੋਮੀਟਰ ਪਹਾੜ ਪਾਸੇ ਹੈ। ਉਜੈਨ ਜਦੋਂ ਗੁਰੂ ਸਾਹਿਬ ਆਏ ਲੰਗੋਟਬੰਦ ਸਾਧੂ ਦੇ ਭੇਸ ਵਿੱਚ ਸ

ਸੋਢੀ◉ ਨੇ ਵਿਸਥਾਰ ਨਾਲ ਥਾਂ ਦਾ ਪਤਾ ਟਿਕਾਣਾ ਲਿਖਿਆ ਹੈ। ਸੋਢੀ ਨੂੰ ਇਸ ਬਾਬਤ ਇਤਲਾਹ ਦੇਣ ਵਾਲੇ ਸ਼ਰਧਾਲੂ ਨੇ ਉਂਜ ਥੋੜੀ ਜਿਹੀ ਗਲਤੀ ਕਰ ਦਿੱਤੀ ਹੈ। ਉਸ ਨੇ ਮਕਬਰੇ ਨੂੰ ਮਸੀਤ ਲਿਖ ਦਿੱਤਾ ਹੈ। ਸੋਢੀ ਦੇ ਵੇਲੇ ਤੱਕ ਅਜੇ ਯਾਦਾਂ ਤਾਜਾ ਸਨ।

ਵੇਖੋ ਇਥੇ ਵੀ ਸੋਢੀ ਨੇ ਸਾਫ ਲਿਖਿਆ ਹੈ ਕਿ ਗੁਰੂ ਸਾਹਿਬ ਓਂਕਾਰੇਸ਼ਵਰ ਤੋਂ ਉਜੈਨ ਆਏ ਸਨ। ਪਰ ਸਾਡੇ ਅੱਜ ਦੇ ਇਤਹਾਸਕਾਰ ਪੁੱਠਾ ਗੇੜਾ ਦੇ ਰਹੇ ਹਨ।

-----◈-----

## ਮਹੰਤ ਪੁੱਛਿਆ ਕਿਓ ਬਾਬਾ ਜੀ ਆਹ ਜਿਹੜੀ ਐਨੀ ਜਨਤਾ ਮੇਲੇ ਤੇ ਇਥੇ ਆਈ ਹੈ ਕੀ ਇਹ ਸਾਰੇ ਮੁਕਤ ਹੋਣਗੇ?◉

ਉਜੈਨ ਮੇਲੇ ਤੇ ਹਜਾਰਾਂ ਲੱਖਾਂ ਸਾਧੂ, ਸੰਨਿਆਸੀ, ਸਿੱਧ, ਨਾਥ, ਜੋਗੀ, ਜਪੀ, ਤਪੀ, ਬ੍ਰਾਹਮਣ ਤੇ ਆਮ ਜਨਤਾ ਅਨੇਕਾਂ ਪ੍ਰਕਾਰ ਦੇ ਕਸ਼ਟ ਝੱਲਦੀ ਆਈ ਹੋਈ ਸੀ। ਸਿੱਧ ਜੋਗੀਆਂ ਦੇ ਗੁਰੂ ਸਾਹਿਬ ਨਾਲ ਸਵਾਲ ਜਵਾਬ ਚਲ ਰਹੇ ਸਨ। ਗੁਰੂ ਸਾਹਿਬ ਦੀ ਮਿਕਨਾਤੀਸੀ ਸਖਸ਼ੀਅਤ ਕਰਕੇ ਹਜਾਰਾਂ ਲੋਕ ਇਕੱਠੇ ਹੋ ਗਏ ਸਨ। ਸਧਾਰਨ ਲੋਕ ਗੁਰੂ ਸਾਹਿਬ ਦੀ ਗੱਲ ਬਾਤ ਵਿੱਚ ਡੂੰਘੀ ਦਿਲਚਸਪੀ ਲੈ ਰਹੇ ਸਨ ਕਿ ਮਹੰਤ ਨੂੰ ਜਨਤਾ ਤੇ ਗੁੱਸਾ ਚੜਿਆ ਤੇ ਗੁਰੂ ਸਾਹਿਬ ਨੂੰ ਪੁੱਛਣ ਲੱਗਾ ਕਿ ਬਾਬਾ ਜੀ ਆਹ ਜਿਹੜੀ ਐਨੀ ਲੱਖਾਂ ਦੀ ਤਾਦਾਦ ਵਿੱਚ ਜਨਤਾ ਆ ਗਈ ਹੈ ਕੀ ਇਹ ਸਭ ਮੁਕਤੀ ਹਾਸਲ ਕਰ ਸਕਣਗੇ।



ਮਹਾਕਾਲ ਮੰਦਰ ਕਰਕੇ ਲਗਦਾ ਹੈ ਕੁੰਭ ਮੇਲਾ

ਗੁਰੂ ਸਾਹਿਬ ਨੇ ਮਹੰਤ ਨੂੰ ਭਰਥਰੀ ਦਾ ਰੂਪ ਸਮਝ ਕੇ ਸੰਬੋਧਨ ਹੁੰਦੇ ਹਨ ਤੇ ਸਮਝਾਉਂਦੇ ਹਨ ਕਿ ਨਿਰਾ ਤੀਰਥ ਅਸਥਾਨ ਤੇ ਲੱਗੇ ਮੇਲੇ ਵਿੱਚ ਪਹੁੰਚ ਕੇ ਕੋਈ ਮੁਕਤ ਨਹੀ ਹੋ ਜਾਵੇਗਾ। ਮੁਕਤੀ ਦਾ ਮਾਰਗ ਲੰਮਾਂ ਹੈ। ਉਸ ਵਾਸਤੇ ਪਹਿਲਾਂ ਇਛਾ ਸ਼ਕਤੀ ਨੂੰ ਜਾਗ ਲੱਗੀ ਹੋਵੇ ਤਾਂ। ਇਥੇ ਜੋ ਲੋਕ ਆਏ ਹਨ ਇਹਨਾਂ ਵਿੱਚੋਂ ਬਹੁਤੇ ਤਾ ਵਿਚਾਰੇ ਤਮਾਸ਼ਬੀਨ ਹਨ। ਉਨਾਂ ਵਾਸਤੇ ਮੁਕਤੀ ਕੋਈ ਮਾਇਨੇ ਹੀ ਨਹੀ ਰਖਦੀ। ਉਹ ਲੋਕ ਜੀਵਨ ਦੀ ਅਸਲੀਅਤ ਬਾਰੇ ਕੋਈ ਸੋਚ ਹੀ ਨਹੀ ਰਖਦੇ।

ਬੰਦਾ ਰੂਹਾਨੀਅਤ ਦੇ ਮਾਰਗ ਦਾ ਪਹਿਲਾਂ ਪਾਂਧੀ ਤਾਂ ਬਣੇ।



ਭਰਥਰੀ ਗੁਫਾ- ਗੁਰੂ ਸਾਹਿਬ ਦੇ ਵੇਲੇ ਵੀ ਐਨ ਏਸੇ ਤਰਾਂ ਹੀ ਸੀ

ਗਿਆਨ ਹਾਸਲ ਕਰੇ। ਉਨੂੰ ਪਤਾ ਲੱਗੇ ਕਿ ਮੁਕਤੀ ਦੇ ਮਾਰਗ ਤੇ ਚਲਦਿਆਂ ਪਹਿਲੀ ਮੰਜਿਲ ਆਪਣੀ ਹਉਮੇ ਨੂੰ ਸਰ ਕਰਨਾਂ ਹੈ। ਜ਼ਿੰਦਗੀ ਵਿੱਚ ਸੱਚ ਨੂੰ ਧਾਰਨ ਕਰੇ। ਰਜਾ ਦਾ ਸਿਧਾਂਤ ਸਮਝਦੇ ਤੇ ਉਹਦੇ ਤੇ ਅਮਲ ਕਰੇ। ਐਂਵੇ ਹਰ ਕੋਈ ਮੁਕਤੀ ਨਹੀ ਪਾ ਸਕਦਾ।

ਜਵਾਬ ਦੇਣ ਤੋਂ ਬਾਦ ਜਿਵੇ ਗੁਰੂ ਸਾਹਿਬ ਚੁੱਪ ਹੋਏ ਤਾਂ ਮਰਦਾਨੇ ਨੂੰ ਚਾਅ ਆ ਗਿਆ। ਓਹਨੇ ਤਾਰ ਛੇੜ ਦਿੱਤੀ। ਖੂਬ ਉੱਚੀ ਸਾਰੀ ਧੁਨ ਵਜਾਈ। ਗੁਰੂ ਸਾਹਿਬ ਨੇ ਫਿਰ ਹੁਕਮ ਕੀਤਾ ਕਿ ਮਰਦਾਨਿਆ ਗਉੜੀ ਦੀ ਧੁਨ ਲਾ ਬਾਣੀ ਆ ਰਹੀ:

ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥ ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥ ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥ ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥ ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥ ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥ ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥ ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥ ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥

-----◈-----

## ਭਰਥਰੀ ਗੁਫਾ: ਦੂਹਰੇ ਦੂਹਰੇ ਕਿਵਾੜ- ਜੋਗੀ ਆਖੇ "ਜੀ ਡਰ ਲੱਗਦੈ"◈

ਜਿਵੇ ਉਤੇ ਆ ਚੁੱਕਾ ਹੈ ਗੁਰੂ ਸਾਹਿਬ ਦਾ ਡੇਰਾ ਭਰਥਰੀ ਗੁਫਾ ਨੇੜੇ ਸੀ। ਇੱਕ ਦੋ ਵੇਰਾਂ ਸਾਹਿਬ ਦੀ ਮੌਜ ਆਈ ਤਾਂ ਗੁਫਾ ਵਿੱਚ ਗੱਲ ਬਾਤ ਕਰਨ ਲਈ ਗਏ। ਹਰ ਵਾਰੀ ਗੁਫਾ ਦਾ ਦਰਵਾਜਾ ਬੰਦ ਮਿਲੇ। ਆਖਿਰ ਜਦੋਂ ਮਹੰਤ ਨਾਲ ਮੇਲ ਹੋਇਆ ਤਾਂ ਪੁੱਛਿਆ ਕਿ ਮਹੰਤ ਜੀ ਕੀ ਵਜਾ ਹੈ ਤੁਹਾਡੀ ਗੁਫਾ ਦਾ ਕਿਵਾੜ ਬੰਦ ਹੀ ਮਿਲਦਾ ਹੈ। ਭਰਥਰੀ ਗੁਫਾ ਦਾ ਜੋਗੀ ਮਹੰਤ ਕਹਿਣ ਲੱਗਾ ਕਿ ਉਜੈਨ ਵਿੱਚ ਚੋਰ ਉਚੱਕੇ ਬਹੁਤ ਹੈਨ। ਉਂਜ ਵੀ ਗੁਫਾ ਨਦੀ ਕਿਨਾਰੇ ਜੰਗਲ ਵਿੱਚ ਹੈ। ਜੰਗਲੀ ਜਾਨਵਰ ਦਾ ਵੀ ਡਰ ਰਹਿੰਦਾ ਹੈ। ਇਸ ਕਰਕੇ ਦਰਵਾਜਾ ਬੰਦ ਰਖਦੇ ਹਾਂ ਜੀ।

ਗੁਰੂ ਸਾਹਿਬ ਨੇ ਮੁਸਕਰਾਅ ਕੇ ਕਿਹਾ ਕਿ ਜੋਗੀ ਹੋ ਕੇ ਡਰਦੇ ਹੋ। ਜੋਗੀਆਂ ਬਾਰੇ ਤਾਂ ਸੁਣਿਐ ਕਿ ਇਨਾਂ ਦਾ ਵਾਸਾ ਜੰਗਲ ਬੇਲਿਆਂ ਵਿੱਚ ਹੁੰਦਾ ਹੈ। ਓਥੇ ਕਿਹੜਾ ਤੇ ਕੌਣ ਬੂਹਾ ਬੰਦ ਕਰ ਸਕਦਾ ਹੈ? ਇੱਕ ਦਮ ਜੋਗੀ ਨੂੰ ਜਿਵੇ ਹੋਸ਼ ਆ ਜਾਂਦੀ ਹੈ ਇਸ ਤਰਾਂ ਹੋਇਆ। ਗੁਰੂ ਸਾਹਿਬ ਨੇ ਉਨੂੰ ਉਹਦੀ ਉਦਾਸੀ ਦਾ ਅਹਿਸਾਸ ਕਰਵਾ ਦਿੱਤਾ ਤੇ ਦੱਸਿਆ ਕਿ ਅਸਲ ਉਦਾਸੀ ਕਿਹੋ ਜਿਹੀ ਹੁੰਦੀ ਹੈ।

ਗਉੜੀ ਰਾਗ ਵਿੱਚ ਸ਼ਬਦ ਰਚਿਆ ਤੇ ਮਹੰਤ ਦੇ ਕਿਵਾੜ ਖੋਲ ਦਿੱਤੇ:-

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥ ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥ ਜੋਗੀ ਕਉ ਕੈਸਾ ਡਰੁ ਹੋਇ ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ॥ ੧॥ ਰਹਾਉ ॥ ਨਿਰਭਉ ਜੋਗੀ ਨਿਰੰਜਨੁ ਧਿਆਵੈ ॥ ਅਨਦਿਨੁ ਜਾਗੈ ਸਚਿ ਲਿਵ ਲਾਵੈ ॥ ਸੋ ਜੋਗੀ ਮੇਰੈ ਮਨਿ ਭਾਵੈ ॥੨॥ ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥ ਜਰਾ ਮਰਣ ਗਤੁ ਗਰਬੁ ਨਿਵਾਰੇ ॥ ਆਪਿ ਤਰੈ ਪਿਤਰੀ ਨਿਸਤਾਰੇ ॥੩॥ ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥ ਜੈਸਾ ਸੇਵੈ ਤੈਸੋ ਹੋਇ ॥ ੪॥ ਨਰ ਨਿਹਕੇਵਲ ਨਿਰਭਉ ਨਾਉ ॥ ਅਨਾਥਹ ਨਾਥ ਕਰੇ ਬਲਿ ਜਾਉ ॥ ਪੁਨਰਪਿ ਜਨਮੁ ਨਾਹੀ ਗੁਣ ਗਾਉ ॥ ੫॥ ਅੰਤਰਿ ਬਾਹਰਿ ਏਕੋ ਜਾਣੈ ॥ ਗੁਰ ਕੈ ਸਬਦੇ ਆਪੁ ਪਛਾਣੈ ॥ ਸਾਚੈ ਸਬਦਿ ਦਰਿ ਨੀਸਾਣੈ ॥੬॥ ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ ਚੂਕੈ ਆਸਾ ॥ ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥ ਜੋ ਦੀਸੈ ਸੋ ਆਸ ਨਿਰਾਸਾ ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥

ਗੁਰੂ ਸਾਹਿਬ ਨੇ ਜੋਗੀ ਨੂੰ ਉਪਦੇਸ ਦਿੱਤਾ ਕਿ ਨਿਮ੍ਰਤਾ ਹਿਰਦੇ ਵਿੱਚ ਹੋਵੇ, ਵਿਖਾਵੇ ਵਾਲਾ ਨਿਮਾਣਾਪਣ ਨਹੀ। ਜੋਗੀ ਦਾ ਮੰਨ ਤੇ ਕਾਬੂ ਹੋਵੇ ਸਬਰ ਸੰਤੋਖ ਰੱਖੇ ਆਪਣੇ ਹੰਕਾਰ ਨੂੰ ਤੀਲੀ ਲਾ ਦੇਵੇ। ਫਿਰ ਨਿੱਡਰ ਹੋਇਆ ਜੋਗੀ ਉਸ ਸਰਬਵਿਆਪਕ ਨਿਰੰਜਨ ਨੂੰ ਧਿਆਵੇ ਜਿਹੜਾ ਹਰ ਥਾਂ ਮੌਜੂਦ ਹੈ। ਡਰ ਸਿਰਫ ਨਿਰੰਜਨ ਨਿਰੰਕਾਰ ਦਾ ਹੋਵੇ। ਬਾਕੀ ਸ਼ੇਰ ਚੀਤੇ ਚੋਰ ਡਾਕੂ ਤਾਂ ਸਭ ਓਸ ਨਿਰੰਕਾਰ ਦੇ ਪੈਦਾ ਕੀਤੇ ਹੋਏ ਨੇ।

-----◈-----

## ਭਰਥਰੀ ਮਹੰਤ ਨੇ ਪੁੱਛਿਆ ਬਾਬਾ ਜੀ ਤੁਸੀ ਕਿਹੜੀ ਸੰਪਰਦਾ ਦੇ ਸਾਧੂ ਹੋ?

## ਗੁਰੂ ਸਾਹਿਬ ਨੇ ਕਿਹਾ ਮੇਰੀ ਸੰਪਰਦਾ 'ਨਾਮ'⊙

ਜਦੋਂ ਭਰਥਰੀ ਦੀ ਗੁਫਾ ਦੇ ਮੁਕਾਮ ਤੇ ਗੁਰੂ ਸਾਹਿਬ ਦੀ ਸਾਧੂਆਂ ਨਾਲ ਗੁਫਤਗੂ ਚਲ ਰਹੀ ਸੀ। ਕਿਹਾ ਜਾਂਦਾ ਹੈ ਕਿ ਉਦੋਂ ਗੁਰੂ ਸਾਹਿਬ ਨੇ ਲੰਗੋਟ ਪਾਇਆ ਹੋਇਆ ਸੀ। ਓਦੋ ਮਹੰਤ ਨੇ ਜ਼ਿੱਦ ਕੀਤੀ ਕਿ ਬਾਬਾ ਜੀ ਦੱਸੋ ਤੁਸੀ ਕਿਹੜੀ ਸੰਪਰਦਾ ਦੇ ਸਾਧੂ ਹੋ? ਸਾਧੂਆਂ ਦੀਆਂ ਸ਼੍ਰੇਣੀਆਂ ਨੂੰ ਸੰਪਰਦਾਵਾਂ ਕਹਿੰਦੇ ਹਨ। ਤੁਸੀ ਕਿਹੜੇ ਭਗਵਾਨ ਨੂੰ ਮੰਨਦੇ ਹੋ? ਕਿਹਦੀ ਪੂਜਾ ਕਰਦੇ ਹੋ? ਵਰਤ ਕਦੋਂ ਰਖਦੇ ਹੋ? ਗੁੱਸੇ ਨੂੰ ਕਾਬੂ ਕਰਨ ਲਈ ਕਿਹੜਾ ਯੋਗ ਆਸਣ ਲਾਉਦੇ ਹੋ? ਤੁਸੀ ਭਿਬੂਤੀ ਕਿਓ ਨਹੀ ਲਾਈ ਹੋਈ? ਜੇ ਸਾਧੂ ਨਹੀ ਤਾਂ ਕੀ ਕਾਰ ਵਿਹਾਰ ਕਰਦੇ ਹੋ? ਮਹੰਤ ਦੇ ਸਵਾਲ ਦੇ ਜਵਾਬ ਵਿੱਚ ਫਿਰ ਸਾਹਿਬ ਨੇ ਰਾਗ ਆਸਾ ਵਿੱਚ ਅਸ਼ਟਪਦੀ ਉਚਾਰੀ:-

ਉਤਰਿ ਅਵਘਟਿ ਸਰਵਰਿ ਨ੍ਹਾਵੈ ॥ ਬਕੈ ਨ ਬੋਲੈ ਹਰਿ ਗੁਣ ਗਾਵੈ ॥ ਜਲੁ ਆਕਾਸੀ ਸੁੰਨਿ ਸਮਾਵੈ ॥ ਰਸੁ ਸਤੁ ਝੋਲਿ ਮਹਾ ਰਸੁ ਪਾਵੈ ॥੧॥ ਐਸਾ ਗਿਆਨੁ ਸੁਨਹੁ ਅਭ

ਪੈੜ ਸਫਾ

⊙ ਸੋਢੀ-300, ਸੋਢੀ ਨੇ ਸਾਫ ਸਾਫ ਵੇਸਾਖੀ ਦੇ ਮੌਕੇ ਤੇ ਸ਼ਿਪਰਾ ਦਾ ਇਸ਼ਨਾਨ ਲਿਖਿਆ ਹੈ। ਕੁੰਭ ਦਾ ਜਿਕਰ ਨਹੀ ਹੈ। ◈ਸੋਢੀ- 303

⊙ ਸੋਢੀ -306 ਅਤੇ 310

✚ ਸਾਧੂ ਜਾਂ ਸਾਧਵੀ ਉਹ ਹਿੰਦੂ ਬੰਦਾ ਜਾਂ ਜਨਾਨੀ ਹੁੰਦੇ ਹਨ ਜਿੰਨਾਂ ਨੇ ਗ੍ਰਿਸਤ ਜਾਂ ਸਮਾਜਕ ਜੀਵਨ ਤਿਆਗ ਦਿੱਤਾ ਹੁੰਦਾ ਹੈ। ਇਹਨਾਂ ਦੀਆਂ ਸੈਕੜੇ ਸ਼੍ਰੇਣੀਆਂ ਹਨ। ਮੁਖ ਤੌਰ ਤੇ ਹਿੰਦੂ ਸਾਧੂਆਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ: 1. ਸ਼ਿਵ ਦੇ ਪੂਜਾਰੀ: ਜੋਗੀ, ਨਾਗੇ ਆਦਿ 2. ਵਿਸ਼ਨੂੰ ਜਾਂ ਵਿਸ਼ਨੂੰ ਦੇ ਅਵਤਾਰ ਰਾਮ ਜਾਂ ਕ੍ਰਿਸ਼ਨ ਦੇ ਭਗਤ, 3. ਮਾਤਾ ਦੇ ਭਗਤ ਜਾਂ ਸ਼ਾਕਤ ਭਾਵ ਸ਼ਕਤੀ ਨੂੰ ਪੂਜਣ ਵਾਲੇ, 4. ਦਸਨਾਮੀ ਸੰਪਰਦਾ- ਸ਼ੰਕਰਚਾਰੀਆ ਦੇ ਸਾਧੂ ਚਾਰ ਵੰਨਗੀਆਂ ਦੇ ਹੁੰਦੇ ਨੇ: (ੳ)-ਜਿਹੜੇ ਜੀਵ ਚੇਤੰਨਤਾ ਨੂੰ ਰੱਬ ਮੰਨਦੇ, (ਅ) ਅਹਮ-ਬ੍ਰਾਹਮਾਮਸੀ ਭਾਵ ਖੁਦ ਨੂੰ ਹੀ ਰੱਬ ਮੰਨਣਾ, ਇਹ ਭੂਰੀ ਵਾਲੀ ਸੰਪਰਦਾ ਵੀ ਕਹਾਉਂਦੇ ਹਨ। (ੲ) ਤੱਤਮਾਸੀ ਭਾਵ ਅਗਲਾ (ਭਾਵ ਤੁਸੀ) ਹੀ ਰੱਬ ਹੋ, (ਸ) ਆਤਮਾ ਪ੍ਰਮਾਤਮਾ ਭਾਵ ਆਤਮਾ ਹੀ ਰੱਬ ਹੈ।

**ਮੋਰੇ ॥ ਭਰਿਪੁਰਿ ਧਾਰਿ ਰਹਿਆ ਸਭ ਠਉਰੇ ॥੧॥ ਰਹਾਉ ॥ ਸਚੁ ਬ੍ਰਤੁ ਨੇਮੁ ਨ ਕਾਲੁ ਸੰਤਾਵੈ ॥ ਸਤਿਗੁਰ ਸਬਦਿ ਕਰੋਧੁ ਜਲਾਵੈ ॥ ਗਗਨਿ ਨਿਵਾਸਿ ਸਮਾਧਿ ਲਗਾਵੈ ॥ ਪਾਰਸੁ ਪਰਸਿ ਪਰਮ ਪਦੁ ਪਾਵੈ ॥੨॥ ਸਚੁ ਮਨ ਕਾਰਣਿ ਤਤੁ ਬਿਲੋਵੈ ॥ ਸੁਭਰ ਸਰਵਰਿ ਮੈਲੁ ਨ ਧੋਵੈ ॥ ਜੈ ਸਿਉ ਰਾਤਾ ਤੈਸੋ ਹੋਵੈ ॥ ਆਪੇ ਕਰਤਾ ਕਰੇ ਸੁ ਹੋਵੈ ॥੩॥ ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥ ਸੇਵਾ ਸੁਰਤਿ ਬਿਭੂਤ ਚੜਾਵੈ ॥ ਦਰਸਨੁ ਆਪਿ ਸਹਜ ਘਰਿ ਆਵੈ ॥ ਨਿਰਮਲ ਬਾਣੀ ਨਾਦੁ ਵਜਾਵੈ ॥੪॥ ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥ ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥੫॥ ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥ ਕਾਰ ਕਮਾਈ ਖਸਮ ਰਜਾਇ ॥ ਅਵਿਗਤ ਨਾਥੁ ਨ ਲਖਿਆ ਜਾਇ ॥੬॥ ਜਲ ਮਹਿ ਉਪਜੈ ਜਲ ਤੇ ਦੂਰਿ ॥ ਜਲ ਮਹਿ ਜੋਤਿ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥ ਨਿਧਿ ਗੁਣ ਗਾਵਾ ਦੇਖਿ ਹਦੂਰਿ ॥੭॥ ਅੰਤਰਿ ਬਾਹਰਿ ਅਵਰੁ ਨ ਕੋਇ ॥ ਜੋ ਤਿਸੁ ਭਾਵੈ ਸੋ ਫੁਨਿ ਹੋਇ ॥ ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ ॥ ਨਿਰਮਲ ਨਾਮੁ ਮੇਰਾ ਆਧਾਰੁ ॥**

ਗੁਰੂ ਸਾਹਿਬ ਨੇ ਜਵਾਬ ਦਿੱਤਾ ਭਰਥਰੀ ਨਾਥ ਜੀ ਮੇਰਾ ਪਵਿਤ੍ਰ ਸਰੋਵਰ ਥਾਂਈ ਥਾਂਈ ਮੌਜੂਦ ਹੈ ਜਿੱਥੇ ਮੈਂ ਇਸ਼ਨਾਨ ਕਰਨਾਂ ਹੁੰਦਾ ਹੈ। ਮੈਂ ਸੱਚ ਵਰਤ ਰੱਖਿਆ ਹੋਇਆ ਹੈ ਜਿਸ ਕਾਰਨ ਮੇਰਾ ਮੌਤ ਦਾ ਡਰ ਮੁੱਕ ਚੁੱਕਾ ਹੈ ਭਾਵ ਗਿਆਨ ਹੋ ਚੁੱਕਾ ਹੈ। ਆਪਣੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀ ਵਾਸ਼ਨਾਵਾਂ ਨੂੰ ਕਾਬੂ ਰੱਖਣ ਲਈ ਮੈਂ ਨਾਮ ਦਾ ਹੀ ਸਹਾਰਾ ਲੈਂਨਾ ਵਾਂ। ਸ਼ਬਦ ਨੇ ਮੇਰਾ ਕ੍ਰੋਧ ਸਾੜ ਦਿੱਤਾ ਹੈ। ਮਾਨਵ ਸੇਵਾ ਮੇਰੀ ਭਿਬੂਤੀ ਹੈ। ਮੇਰੀ ਪੂਜਾ ਅੰਤਰਮੁਖੀ ਹੈ। ਮੇਰਾ ਕਾਰੋਬਾਰ ਉਹਦੀ ਰਜਾ ਵਿੱਚ ਹੈ, ਜਿਹੜਾ ਕਿਤਾ ਉਹ ਬਖਸ਼ਦਾ ਹੈ ਉਹੀ ਕਰਦਾ ਹਾਂ। ਮੁਕਦੀ ਗੱਲ ਮੈਂ ਨਿਰੰਕਾਰ ਦਾ ਢਾਡੀ ਹਾਂ ਉਹਦੀ ਸਿਫਤ ਸਲਾਹ ਜਾਂ ਨਾਮ ਹੀ ਮੇਰਾ ਧਰਮ ਹੈ।

ਇਹ ਸੁਣ ਜੋਗੀ ਤਾਂ ਹੱਕਾ ਬੱਕਾ ਰਹਿ ਗਿਆ। ਇਹ ਤਾਂ ਕੋਈ ਅਲੌਕਿਕ ਹੀ ਇਨਸਾਨ ਹੈ। ਇਹ ਤੀਰਥ ਅਸਥਾਨ ਨਹੀ ਮੰਨਦਾ। ਵਰਤ, ਨੇਮ ਆਦਿ ਨਹੀ ਮੰਨਦਾ। ਜੋਗ ਆਸਣ ਇਹ ਨਹੀ ਲਾਉਦਾ। ਪਰ ਗੁਰੂ ਸਾਹਿਬ ਦੀ ਦਲੀਲ ਨੇ ਜੋਗੀ ਕੀਲ ਦਿੱਤਾ ਸੀ। ਹਾਰ ਕੇ ਚਰਨੀ ਢਹਿ ਪਿਆ।



ਇਤਹਾਸ ਵਿਚ ਸਾਫ ਸਾਫ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਡੇਰਾ ਭਰਥਰੀ ਗੁਫਾ ਦੇ ਲਾਗੇ ਲਾਇਆ ਸੀ। ਫਿਰ ਵੀ ਕਾਰ ਸੇਵਾ ਵਾਲਿਆਂ ਨੇ 3 ਕਿ. ਮੀ. ਹਟਵਾਂ ਗੁਰਦੁਆਰਾ ਬਣਾ ਕੇ ਨਾਮ ਰੱਖ ਦਿਤਾ ਗੁਰੂ ਨਾਨਕ ਘਾਟ ਗੁਰਦੁਆਰਾ, ਉਜੈਨ। ਹਾਲਾਂਕਿ ਕਿ ਮੂਲ ਅਸਥਾਨ ਤੇ ਅਬਾਦੀ ਵੀ ਨਹੀ ਹੈ। ਬਦਕਿਸਮਤੀ ਨਾਲ ਕਾਰ ਸੇਵਾ ਵਾਲੇ ਬਾਬੇ ਇਤਿਹਾਸਿਕ ਗੱਲਾਂ ਦੀ ਰਤਾ ਕਦਰ ਨਹੀ ਕਰਦੇ। ਗੁਰੂ ਪਾਤਸ਼ਾਹ ਸੁਮੱਤ ਬਖਸ਼ੇ।(ਕਿਉਕਿ ਉਜੈਨ ਵਿਚ ਹੋਰ ਵੀ ਗੁਰਦੁਆਰਾ ਸਾਹਿਬਾਨ ਹੈਗੇ ਨੇ ਫਿਰ ਇਸ ਗੁਰਦੁਆਰਾ ਸਾਹਿਬ ਦਾ ਬਾਕੀਆਂ ਨਾਲੋਂ ਕੀ ਫਰਕ ਹੋਇਆ?)

ਜਦੋਂ ਹਰ ਕੋਈ ਡੇਰੇ ਤੋਂ ਜਾ ਚੁੱਕਾ ਸੀ ਤਾਂ ਗੁਰੂ ਸਾਹਿਬ ਦੀ ਲਿਵ ਫਿਰ ਪਾਰਬ੍ਰਹਮ ਪ੍ਰਮੇਸ਼ਰ ਨਾਲ ਲੱਗ ਗਈ। ਕੁਝ ਚਿਰ ਬਾਦ ਫਿਰ ਜਦੋਂ ਸੁਰਤ ਦੁਨਿਆ ਵਲ ਪਰਤੀ ਤਾਂ ਮਰਦਾਨੇ ਨੂੰ ਰਬਾਬ ਤੇ ਬਹਿਣ ਲਈ ਹੁਕਮ ਕੀਤਾ ਤੇ ਸੋਰਠ ਵਿੱਚ ਸ਼ਬਦ ਰਚਿਆ:-

**ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥ ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥ ਘਟਿ ਘਟਿ ਰਵਿ ਰਹਿਆ ਬਨਵਾਰੀ ॥ ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥ ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥ ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥ ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥ ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥ ਸਤਿਗੁਰ ਬੰਧਨ ਤੋੜਿ**

ਪੈੜ ਸਫਾ

⊙ ਸੋਢੀ-312, (ਯਾਦ ਰਹੇ 'ਗਗਨ ਮੈ ਥਾਲੁ...' ਪੁਰੀ ਰਚਿਆ ਸੀ।)

ਕੋਹਲੀ ਤੇ ਗਿਆਨੀ (145-47) ਜਿਹੇ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਉਜੈਨ ਵਾਲੀ ਫੇਰੀ ਮੌਕੇ ਹੀ ਬਾਂਸਵਾੜਾ, ਡੂਗਰਪੁਰ, ਪਾਟਣ (ਗੁਜਰਾਤ) ਸਿੱਧਪੁਰ, ਸਿਰੋਹੀ ਤੇ ਅਬੂ ਪਰਬਤ ( ਮਾਊਂਟ ਅਬੂ) ਜਾਣਾ ਲਿਖਿਆ ਹੈ। ਪਰ ਸਾਨੂੰ ਇਹ ਗੱਲ ਜਚੀ ਨਹੀ ਕਿਉਕਿ ਵਸਾਖੀ ਤੇ ਗੁਰੂ ਸਾਹਿਬ ਉਜੈਨ 'ਚ ਸਨ ਤੇ ਅਗਲਾ ਨਿਸ਼ਾਨਾ ਕਤਕ ਪੂਰਨਮਾਸ਼ੀ ਪੁਸ਼ਕਰ ਸੀ। ਜਿਸ ਦਾ ਮਤਲਬ ਹੈ ਸਾਹਿਬ ਨੇ ਮੋਟੇ ਤੌਰ ਤੇ ਸਿੱਧਾ ਰਾਹ ਹੀ ਅਪਣਾਇਆ ਹੋਵੇਗਾ। ਗੁਜਰਾਤ ਵਾਲੇ ਪਾਸੇ ਜਾ ਕੇ ਸ਼ਾਇਦ ਪੁਸ਼ਕਰ ਮੇਲੇ ਓਸੇ ਸਾਲ ਪਹੁੰਚਣਾ ਸੰਭਵ ਨਹੀ ਲੱਗਦਾ। ਕਿਉਕਿ ਇਹ ਸਾਬਤ ਹੁੰਦਾ ਹੈ (ਸੋਢੀ ਪੰਨਾ 326) ਕਿ ਗੁਰੂ ਸਾਹਿਬ ਕਈ ਥਾਵਾਂ ਤੇ ਮਹੀਨਿਆਂ ਬੱਧੀ ਵੀ ਡੇਰਾ ਜਮਾਈ ਰਖਦੇ ਸਨ। ਫਿਰ ਮੁੱਖ ਗੱਲ ਹੈ ਇਤਹਾਸ ਜਾਂ ਗੁਰਬਾਣੀ ਵਿੱਚ ਇਸ ਇਲਾਕੇ 'ਚ ਆਉਣ ਦਾ ਕੋਈ ਇਸ਼ਾਰਾ ਜਾਂ ਜ਼ਿਕਰ ਨਹੀ ਮਿਲਦਾ। ਅਗਲੀ ਗੱਲ ਗੁਰੂ ਸਾਹਿਬ ਨੇ ਕਦੀ ਵੀ ਨਹੀ ਚਾਹਿਆ ਹੋਵੇਗਾ ਕਿ ਉਹ ਗਰਮੀਆਂ ਰੁੱਤੇ ਰੇਗਸਤਾਨ ਦਾ ਇਲਾਕਾ ਗਾਹੁਣ। ਸੋ ਉਜੈਨ ਤੋਂ ਗੁਰੂ ਸਾਹਿਬ ਮੰਦਸੋਰ ਵਲ ਨੂੰ ਆਪਣੀ ਅਗਲੀ ਮੰਜ਼ਲ ਪੁਸ਼ਕਰ ਲਈ ਗਏ ਹੋਣਗੇ। (ਬਾਕੀ ਇਹ ਮਸਲਾ ਹੋਰ ਗਹਿਰੀ ਖੋਜ ਦੀ ਮੰਗ ਕਰਦਾ ਹੈ)

ਹਾਲਾਂ ਸਿੱਧਪੁਰ ਨੂੰ ਵੀ ਓਹੋ ਦਰਜਾ ਹਾਸਲ ਹੈ ਜੋ ਪੰਜਾਬ (ਹਰਿਆਣਾ) ਦੇ ਪੇਹੋਵੇ ਨੂੰ। ਪਰ ਗੁਜਰਾਤ ਵਿੱਚ ਹੋਰ ਵੀ ਇੱਕ ਦੋ ਤੀਰਥ ਹਨ ਜਿੱਥੇ ਪਿੰਡਦਾਨ ਜਾਂ ਸਰਾਧ ਕੀਤੇ ਜਾਂਦੇ ਸਨ। ਪਰ ਸਿੱਧਪੁਰ ਹਰਦੁਆਰ, ਕਾਂਸ਼ੀ ਤੇ ਬੁਧ ਗਇਆ ਦਾ ਸ਼ਰੀਕ ਨਹੀ। ਇਥੋਂ ਦੀ ਖਾਸੀਅਤ ਹੈ ਮਾਂ ਦਾ ਸਰਾਧ। ਜਿਸ ਬਾਬਤ ਪੰਡਿਆਂ ਨੇ ਕਥਾ ਕਹਾਣੀਆਂ ਘੜੀਆਂ ਹੋਈਆਂ ਹਨ ਕਿ ਪਰਸੂਰਾਮ ਨੇ ਮਾਂ ਦਾ ਸਰਾਧ ਇਥੇ ਹੀ ਕੀਤਾ ਸੀ।

ਸਿੱਧਪੁਰ (ਪੁਰਾਣਾ ਨਾਂ ਸ੍ਰੀ-ਸਥਲ) ਵਿਖੇ 11ਵੀ ਸਦੀ ਵਿੱਚ ਬੜਾ ਗੌਰਵਸ਼ਾਲੀ ਮੰਦਰ ਬਣਾਇਆ ਗਇਆ ਸੀ ਜਿਸ ਨੂੰ ਪਹਿਲਾਂ ਮੁਹੰਮਦ ਗੌਰੀ ਨੇ ਲੁਟਿਆ ਤੇ ਬਾਦ ਵਿੱਚ ਅਲਾਉਦੀਨ ਖਿਲਜੀ ਦੇ ਹੁਕਮ ਨਾਲ ਉਲੁਘ ਖਾਂ ਤੇ ਨੁਸਰਤ ਖਾਂ ਨੇ।

ਸਿੱਧਪੁਰ ਤੋਂ 25 ਕਿ. ਮੀ. ਪੱਛਮ ਵਿੱਚ ਗੁਜਰਾਤ ਦਾ ਧਾਰਮਿਕ ਸਥਾਨ ਪਾਟਣ ਹੈ। ਜਿੰਨੂ ਦੋ ਤਿੰਨ ਵਾਰੀ ਮੁਸਲਮਾਨ ਹਮਲਾਵਰਾਂ ਨੇ ਲੁਟਿਆ ਪੁਟਿਆ ਸੀ।

ਸਿੱਧਪੁਰ ਤੋਂ 80 ਕਿ. ਮੀ. ਪਹਾੜ ਪਾਸੇ ਅਬੂ ਜਾਂ ਅਰਬਦਾ ਪਹਾੜ (ਮਾਊਂਟ ਅਬੂ) ਰਾਜਸਥਾਨ ਵਿੱਚ ਹੈ ਕਿਸੇ ਵੇਲੇ ਪਰਮਾਰ ਰਾਜਪੂਤ ਰਾਜਿਆਂ ਦੀ ਛੋਟੀ ਰਾਜਧਾਨੀ ਹੁੰਦੀ ਸੀ। ਸਾਨੂੰ ਨਹੀ ਲੱਗਦਾ ਕਿ ਗੁਰੂ ਸਾਹਿਬ ਇਥੇ ਆਏ ਹੋਣਗੇ ਕਿਉਕਿ ਗੁਰੂ ਸਾਹਿਬ ਦੇ ਵੇਲਿਆਂ 'ਚ ਸ਼ਹਿਰ ਆਪਣੀ ਅਹਿਮੀਅਤ ਗਵਾ ਚੁੱਕਾ ਸੀ। ਇਹੋ ਕਾਰਨ ਹੈ ਇਥੋਂ ਦੇ ਖੂਬਸੂਰਤ ਮੰਦਰ ਮੁਸਲਮਾਨ ਬੁੱਤ ਸ਼ਿਕਨਾਂ ਦੀ ਨਿਗਾਹ ਤੋਂ ਬਚੇ ਰਹੇ ਗਏ ਸਨ। ਅਬੂ ਪਹਾੜੀ ਦੇ ਦਿਲਵਾਰਾ ਜੈਨ ਮੰਦਰ ਦੀ ਖੂਬਸੂਰਤ ਪੱਥਰ ਨੱਕਾਸ਼ੀ ਤਾਂ ਜਗਤ ਪ੍ਰਸਿਧ ਬਣ ਚੁੱਕੀ ਹੈ।

ਗਿਆਨੀ ਨੇ ਗੁਰੂ ਸਾਹਿਬ ਦਾ ਜਾਓਰਾ ਜਾਣਾ ਲਿਖਿਆ ਹੈ। ਯਾਦ ਰਹੇ ਗੁਰੂ ਸਾਹਿਬ ਦੇ ਵੇਲੇ ਜਾਓਰਾ ਸ਼ਹਿਰ ਦੀ ਕੋਈ ਅਹਿਮੀਅਤ ਨਹੀ ਸੀ। ਜਾਓਰਾ ਤਾਂ ਅੰਗਰੇਜ ਹਕੂਮਤ ਵੇਲੇ ਹੀ ਉਠਦਾ ਹੈ।

ਏਸੇ ਤਰਾਂ ਗੁਰੂ ਸਾਹਿਬ ਦਾ ਬਾਂਸਵਾੜਾ ਜਾਣਾ ਵੀ ਸਾਬਤ ਨਹੀ ਹੁੰਦਾ। ਕਿਉਕਿ ਬਾਂਸਵਾੜੇ ਦੀ ਅਹਿਮੀਅਤ ਵੀ ਬਾਦ ਵਿੱਚ ਹੀ ਹੁੰਦੀ ਹੈ।

ਕੋਹਲੀ -89 ਨੇ ਗੁਰੂ ਸਾਹਿਬ ਦਾ ਉਦੇਪੁਰ ਜਾਣਾ ਵੀ ਲਿਖਿਆ ਹੈ। ਜੋ ਇਤਹਾਸਿਕ ਤੌਰ ਤੇ ਦਰੁਸਤ ਨਹੀ ਕਿਉਕਿ ਉਦੇਪੁਰ ਸ਼ਹਿਰ ਦੀ ਨੀਂਹ 1559 ਈ. ਨੂੰ ਰੱਖੀ ਗਈ ਸੀ।

ਏਸੇ ਤਰਾਂ ਗਿਆਨੀ -143 ਤੇ ਕੋਹਲੀ ਨੇ ਗੁਰੂ ਸਾਹਿਬ ਦੇ ਨਾਥਦਵਾਰਾ ਨੂੰ ਮੰਜਲ ਦੱਸ ਕੇ ਲਿਖਿਆ ਜੋ ਇਤਹਾਸਿਕ ਦ੍ਰਿਸ਼ਟੀ ਤੋਂ ਗਲਤ ਹੈ ਕਿਉਕਿ ਨਾਥਦਵਾਰਾ ਮੰਦਰ ਬਾਦਸ਼ਾਹ ਔਰੰਗਜੇਬ ਦੇ ਵੇਲੇ ਹੀ ਬਣਿਆ ਸੀ। ਜਦੋਂ ਕਿ ਗਵਰਧਨ (ਮਥੁਰਾ) ਮੰਦਿਰ ਦੀ ਮੂਰਤੀ ਨੂੰ ਇਥੇ ਤਬਦੀਲ ਕਰ ਦਿੱਤਾ ਸੀ। ਕਿਉਕਿ ਬਾਦਸ਼ਾਹ ਇਸ ਬਾਲਕ ਰੂਪ ਕ੍ਰਿਸ਼ਨ ਭਗਵਾਨ ਦੀ ਮੂਰਤ ਨੂੰ ਤੋੜਨਾ ਤੇ ਬੇਅਦਬ ਕਰਨਾਂ ਚਾਹੁੰਦਾ ਸੀ। ਬਸ ਇਨਾਂ ਕੁ ਹੋ ਸਕਦਾ ਹੈ ਕਿ ਸਾਹਿਬ ਸਿਰੋਹੀ ਤੋਂ ਚਿਤੌੜਗੜ੍ਹ ਜਾਂਦੇ ਹੋਏ ਇਸ ਪਿੰਡ ਥਾਣੀ ਨਿਕਲੇ ਹੋਣ। ਪਰ ਇਤਹਾਸ ਨਾਲ ਹੀ ਦਸਦਾ ਹੈ ਕਿ ਇਸ ਪਿੰਡ ਸ਼ਹਿਰ ਦੀ ਨੀਂਹ ਹੀ ਅਕਸਮਾਤ ਔਰੰਗਜੇਬ ਵੇਲੇ ਰੱਖੀ ਗਈ ਸੀ।

ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥ ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥

-----◈-----

ਭਰਥਰੀ ਗੁਫਾ ਉਜੈਨ ਵਿਖੇ ਹੀ

## ਕੀਰਤਨ ਸੋਹਿਲੇ ਦੀ ਰਚਨਾ ਹੋਈ ⊙

ਭਰਥਰੀ ਮਹੰਤ ਨਾਲ ਨਾਮ ਦੀ ਮਹਿਮਾ ਬਾਰੇ ਵੀਚਾਰਾਂ ਹੋ ਰਹੀਆਂ ਸਨ ਕਿ ਬਾਬੇ ਨੇ ਮਰਦਾਨੇ ਨੂੰ ਇਸ਼ਾਰਾ ਕਰ ਦਿੱਤਾ ਕਿ ਬਾਣੀ ਉਤਰ ਰਹੀ ਹੈ। ਸਾਹਿਬ ਨੇ ਓਦੋਂ ਫਿਰ ਗਉੜੀ ਰਾਗ ਵਿੱਚ ਸੋਹਿਲਾ ਰਚਿਆ ਜੋ ਹਰ ਗੁਰਸਿਖ ਰਾਂਤੀ ਸੌਣ ਵੇਲੇ ਪੜ੍ਹਦਾ ਹੈ:



ਸੂਫੀ ਪੀਰ ਹਜ਼ਰਤ ਰੂਮੀ ਦਾ ਮਕਬਰਾ

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ ॥ ੧॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥ ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥

ਇਹ ਲਿਖਾਰੀ ਭਰਥਰੀ ਗੁਫਾ ਵੇਖ ਆਇਆ ਹੈ। ਗੁਫਾ ਬਿਲਕੁਲ ਓਸੇ ਤਰਾਂ ਹੀ ਹੈ ਜਿਵੇ ਗੁਰੂ ਸਾਹਿਬ ਦੇ ਵੇਲੇ ਸੀ। ਗੁਫਾ ਵਿੱਚ ਅੱਜ ਵੀ ਭਰਥਰੀ ਰਾਜੇ ਦੀ ਓਹੋ ਪੁਰਾਤਨ ਮੂਰਤੀ ਦੀ ਪੂਜਾ ਹੁੰਦੀ ਹੈ। ਜੋਗੀ ਲੋਕ ਓਥੇ ਫਿਰ ਭਰਥਰੀ ਦੇ ਸੋਹਿਲੇ ਗਾ ਰਹੇ ਸਨ ਕਿ ਉਸ ਦੀ ਵੱਡੀ ਕੁਰਬਾਨੀ ਹੈ। ਓਦੋਂ ਹੀ ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਸੋਹਿਲੇ ਗਾਉਣੇ ਹਨ ਤਾਂ ਗਾਓ ਉਸ ਨਿਰੰਕਾਰ ਦੇ ਜਿਹਨੇ ਭਰਥਰੀ ਪੈਦਾ ਕੀਤੇ। ਜਿਹਨੇ ਸਾਰੇ ਜੀਵਾਂ ਨੂੰ ਪੈਦਾ ਕੀਤਾ ਜਿਹੜਾ ਆਪਣੀ ਰਚਨਾ ਦਾ ਫਿਰ ਖਿਆਲ ਵੀ ਰਖਦਾ ਹੈ, ਰਿਜਕ ਆਦਿ ਦਿੰਦਾ ਹੈ। ਜਿਹਦੀਆਂ ਦਾਤਾਂ ਬੇਸ਼ੁਮਾਰ ਹਨ। ਓਹ ਨਿਰੰਕਾਰ ਅਕਾਲ ਪੁਰਖ ਫਿਰ ਵਾਰੋ ਵਾਰੀ ਜੀਵਾਂ ਨੂੰ ਸਮੇਟ ਵੀ ਲੈਂਦਾ ਹੈ। ਸੋ ਭਾਈਓ ਇਹੋ ਅਸੀਸ ਦਿਓ ਕਿ ਅੰਤ ਦੀ ਵਾਰੀ ਓਹਦੇ ਨਾਲ ਮੇਲ ਹੋ ਜਾਏ ਤੇ ਆਵਾਗਵਣ ਤੋਂ ਛੁਟਕਾਰਾ ਮਿਲ ਜਾਵੇ।

ਗੁਰੂ ਸਾਹਿਬ ਦੇ ਨਾਮ ਦੀ ਸਿਧਾਂਤ ਦੀ ਸਾਰੇ ਮੇਲੇ ਵਿੱਚ ਦੁਹਾਈ ਪੈ ਗਈ ਸੀ। ਹਰ ਪਾਸੇ ਚਰਚਾ ਸੀ ਕਿ ਇੱਕ ਸਾਧੂ ਉਠਿਐ ਜਿਹੜਾ ਸਰਬ ਵਿਆਪਕ ਭਗਵਾਨ ਨੂੰ ਮੰਨਦਾ ਹੈ। ਜਿਹੜਾ ਕਹਿ ਰਿਹਾ ਹੈ ਕਿ ਇਹ ਮੂਰਤੀ ਪੂਜਾ ਵਿਅੱਰਥ ਹੈ। ਇਤਹਾਸ ਵਿੱਚ ਆਉਦਾ ਹੈ ਕਿ ਜਦੋਂ ਗੁਰੂ ਸਾਹਿਬ ਨੇ ਉਜੈਨ ਕੁੰਭ ਮੇਲੇ ਵਿੱਚ ਕੀਰਤਨ ਸੋਹਿਲਾ ਪੜਿਆ ਤਾਂ ਲੋਕਾਈ ਅੱਸ਼ ਅੱਸ਼ ਕਰ ਉਠੀ। ਸਾਧੂ ਸੰਤ ਹਜਾਰਾਂ ਦੀ ਗਿਣਤੀ ਵਿੱਚ ਗੁਰੂ ਸਾਹਿਬ ਦੇ ਹੀ ਹੋ ਗਏ। ਓਨਾਂ ਨੂੰ ਹੁਣ ਸਮਝ ਆ ਗਇਆ ਸੀ ਕਿ ਨਾਮ ਤੋਂ ਬਿਨਾਂ ਸਨਿਆਸ ਵਿਅੱਰਥ ਹੈ।

-----◈-----

## ਪੁਸ਼ਕਰ ਮੇਲਾ– ਸਾਹਿਬ ਦੀ ਅਗਲੀ ਮੰਜਿਲ

ਉਜੈਨ ਤੋਂ ਉਠ ਗੁਰੂ ਸਾਹਿਬ ਪਹਾੜ ਪਾਸੇ ਨੂੰ 150 ਕਿ. ਮੀ. ਮੰਦਸੌਰ (ਦਸ਼ਪੁਰ) ਨੂੰ ਰਵਾਨਾ ਹੋਏ ਜੋ ਓਨੀ ਦਿਨੀ ਮਸ਼ਹੂਰ ਰਿਆਸਤ ਸੀ। ਦਸ਼ਪੁਰ (ਮੰਦਸੌਰ)⊙ ਦਾ ਜਿਕਰ ਬਕਾਇਦਾ ਮਹਾਂਭਾਰਤ ਵਿੱਚ ਵੀ ਮਿਲਦਾ ਹੈ। ਜਿੰਨੀ ਦਿਨੀ ਗੁਰੂ ਸਾਹਿਬ ਮੰਦਸੌਰ ਪਧਾਰੇ ਸਨ ਓਨੀ ਦਿਨੀ ਮਾਲਵੇ ਦੀ ਰਾਜਧਾਨੀ ਮਾਂਡੋ ਬਣ ਚੁੱਕੀ ਸੀ। ਹੁਸ਼ੰਗਾਬਾਦ ਸ਼ਹਿਰ ਦੇ ਬਾਨੀ ਹੁਸ਼ੰਗ ਸ਼ਾਹ ਨੇ ਇਥੇ ਵੀ ਨਵਾ ਕਿਲਾ 1436 ਵਿੱਚ ਤਾਮੀਰ ਕੀਤਾ ਸੀ ਕਿਉਕਿ ਮੰਦਸੌਰ ਮਾਲਵਾ ਰਿਆਸਤ ਦਾ ਬਹੁਤ ਹੀ ਨਾਜੁਕ ਸਰਹੱਦੀ ਟਿਕਾਣਾ ਸੀ। ਛੇਤੀ ਹੀ ਰਾਣਾ ਸਾਂਗਾ ਨੇ 1519 ਈ ਵਿੱਚ ਮੰਦਸੌਰ ਤੇ ਹਮਲਾ ਕਰਕੇ ਇਥੋਂ ਦਾ ਕਿਲਾ ਜਿੱਤ ਲਿਆ ਸੀ। ਪਰ ਸ਼ਹਿਰ ਆਪਣੀ ਰਾਜਨੀਤਕ ਤੇ ਖਾਸ ਕਰਕੇ ਧਾਰਮਿਕ ਤੇ ਵਿਰਾਸਤ ਕਰਕੇ ਬਹੁਤ ਅਹਿਮ ਸੀ। ਦਰ ਅਸਲ ਜਿਥੋਂ ਤੱਕ ਧਾਰਮਿਕ ਵਿਚਾਰਧਾਰਾ ਦਾ ਸਬੰਧ ਹੈ ਇਹ ਇਲਾਕਾ ਕਾਫੀ ਸਮੇਂ ਤੋਂ ਨੌ ਗ੍ਰਿਹ ਪੂਜਾ ਕਰਕੇ ਮਸ਼ਹੂਰ ਹੋ ਚੁੱਕਾ ਸੀ। ਇਥੇ ਵੀ ਕਿਸੇ ਵੇਲੇ ਸੂਰਜ ਮੰਦਰ ਹੁੰਦਾ ਸੀ ਜੋ 436 ਈ 'ਚ ਬਣਿਆ ਸੀ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਇਲਾਕਾ ਧਾਰਮਿਕ ਪੱਖੋ ਭਾਰਤ ਦੇ ਸਭ ਤੋਂ ਅਮੀਰ ਇਲਾਕਿਆ ਵਿੱਚੋਂ ਇੱਕ ਸੀ। ਇਥੋਂ ਦੀਆਂ ਪੁਰਾਤਤਵ ਵਸਤਾਂ ਤੇ ਇਮਾਰਤਾਂ ਦੁਨੀਆਂ ਭਰ ਵਿੱਚ ਪ੍ਰਸਿਧ ਹਨ। ਫਿਰ ਮਾਲਵਾ ਦੇਸ ਦਾ ਅਜੇ ਇਹ ਅਹਿਮ ਹਕੂਮਤ ਕੇਂਦਰ ਸੀ। ਕਿਸੇ ਵੇਲੇ (528 ਈ) ਇਸੇ ਮੁਕਾਮ ਤੇ ਪ੍ਰਸਿਧ ਹੂਨ ਬਾਦਸ਼ਾਹ ਮਿਹਿਰਕੁਲ ਦੀ ਸ਼ਿਕਸਤ ਹੋਈ ਸੀ। ਮਧ ਏਸ਼ੀਆ ਤੋਂ ਲੁਟੇਰੇ-ਹਮਲਾਵਰਾਂ ਦੇ ਰੂਪ ਵਿੱਚ ਆਏ ਹੂਨ ਲੋਕ ਅੱਜ ਦੇ ਅੰਮ੍ਰਿਤਸਰ ਲਾਗੇ ਬਹਿ ਗਏ ਸਨ ਤੇ ਅਜ ਇਹ ਸਿੱਖ ਹਨ ਤੇ ਹੁੰਦਲ (ਹੂਨ-ਦਲ) ਜੱਟ ਅਖਵਾਉਦੇ ਹਨ। ਬਦਕਿਸਮਤੀ ਨਾਲ ਅੱਜ ਮੰਦਸੌਰ ਅਫੀਮ ਦੀ ਪੈਦਾਵਾਰ ਕਰਕੇ ਪ੍ਰਸਿਧ ਹੈ।

-----◈-----

## ਝਾਲਰਾਪਾਟਣ ਦਾ ਰਾਜਾ ਰਾਹੂ ਕੇਤੂ ਦੀ ਪੂਜਾ ਕਰਵਾ ਰਹਿਆ ਸੀ

19 ਜੂਨ 1517 ਨੂੰ ਸੂਰਜ ਗ੍ਰਹਿਣ ਲੱਗਣ ਵਾਲਾ ਸੀ। ਦੁਹਾਈ ਪਈ ਹੋਈ ਸੀ।

ਮੰਦਸੌਰ ਤੋਂ 150 ਕਿ. ਮੀ. ਪੈਂਡਾ ਕਰਕੇ ਸਾਹਿਬ ਫਿਰ ਸਾਹਿਬ ਝਾਲਰਾਪਾਟਣ ਗਏ। ਝਾਲਰਾਪਾਟਣ ਵੀ ਓਨੀ ਦਿਨੀ ਧਾਰਮਿਕ ਕੇਂਦਰ ਬਣਿਆ ਹੋਇਆ ਸੀ। ਦਰ ਅਸਲ ਓਨੀ ਦਿਨੀ ਇਹ ਸਾਰਾ ਇਲਾਕਾ ਧਾਰਮਿਕ ਰੰਗ ਵਿੱਚ ਰੰਗਿਆ ਹੋਇਆ ਸੀ।

ਪੈੜ ਸਫਾ

⊙ ਦਸ਼ਪੁਰ (ਮੰਦਸੌਰ) ਦਾ ਜਿਕਰ ਸਿਰਫ ਮਹਾਂਭਾਰਤ ਹੀ ਨਹੀ ਸਗੋਂ 119 ਈ. ਦੇ ਨਾਸਿਕ ਸਿਲਲੇਖ ਤੋਂ ਵੀ ਮਿਲਦਾ ਹੈ। ਇਸ ਤੋਂ ਇਲਾਵਾ ਅਮਰ ਕੋਸ਼, 490 ਈ. ਚਿਤੌੜਗੜ੍ਹ ਸਿਲਲੇਖ, ਵਰਾਹਮਿਹੀਰ 505 ਈ. ਸਕੰਦਪੁਰਾਣ, ਮਾਰਕੰਡੇ ਪੁਰਾਣ ਅਤੇ ਜੈਨੀਆਂ ਦੇ ਅਨੇਕਾਂ ਪੁਰਾਤਨ ਗ੍ਰੰਥਾਂ ਵਿੱਚ ਜਿਕਰ ਹੈ। ਵੇਖੋ: ਦਸ਼ਪੁਰ ਲੇਖਕ ਚੰਦ੍ਰਭੂਸ਼ਣ ਤ੍ਰਿਵੇਦੀ, ਮੱਧ ਪ੍ਰਦੇਸ ਹਿੰਦੀ ਗ੍ਰੰਥ ਅਕਾਦਮੀ। ਏਸੇ ਕਿਤਾਬ ਦੇ ਪੰਨਾ 108 ਤੇ ਵਿਸਥਾਰ ਨਾਲ ਜਿਕਰ ਹੈ ਕਿ ਦਸ਼ਪੁਰ ਇਲਾਕਾ ਨੌ ਗ੍ਰਿਹ ਖਾਸ ਕਰਕੇ ਸੂਰਜ ਪੂਜਾ ਲਈ ਪ੍ਰਸਿਧ ਸੀ।

ਕਹਿਣ ਤੋਂ ਮਤਲਬ ਧਾਰਮਿਕ ਤੇ ਰਾਜਨੀਤਕ ਪੱਖੋ ਝਾਲਰਾਪਾਟਣ ਨਾਲੋ ਦਸ਼ਪੁਰ ਜਿਆਦਾ ਮਹੱਤਵਪੂਰਨ ਸੀ। ਪਰ ਝਾਲਰਾਪੱਟਣ ਦਾ ਮੌਜੂਦ ਸੂਰਜ ਮੰਦਰ ਮੰਦਸੌਰ ਦੇ ਸੂਰਜ ਮੰਦਰਾਂ ਨਾਲੋਂ ਜਿਆਦਾ ਗੌਰਵਸ਼ਾਲੀ ਹੈ।



ਝਾਲਰਾਪਾਟਣ ਦਾ 1200 ਸਾਲ ਪੁਰਾਣਾ ਸੂਰਜ ਮੰਦਰ

ਉਜੈਨ ਤੋਂ ਉੱਤੇ ਦਾ ਇਲਾਕਾ। ਚੰਬਲ ਦਰਿਆ ਦਾ ਆਸ ਪਾਸ। ਇੱਕ ਪੁਰਾਤਤਵ ਸ਼ਾਸਤਰੀ ਨੇ ਲਿਖਿਆ ਹੈ ਕਿ ਮੰਦਸੌਰ ਜਿਲਾ ਪੁਰਾਤਤਵ ਪੱਖੋ ਭਾਰਤ ਦਾ ਸਭ ਤੋਂ ਅਮੀਰ ਜਿਲਾ ਹੈ। ਓਨੀ ਦਿਨੀ ਤਾਂ ਪੱਥਰ ਨੂੰ ਇਉ ਤਰਾਸ਼ਿਆ ਜਾ ਰਿਹਾ ਸੀ ਜਿਵੇ ਮੋਮ ਨੂੰ ਕੋਈ ਤਰਾਸ਼ੇ।

ਝਾਲਰਾਪਾਟਣ ਬਾਰੇ ਇੱਕ ਅੰਗਰੇਜ ਪੁਰਾਤੱਤ ਵਿਗਿਆਨੀ ਫਰਗੂਸ਼ਨ ਨੇ ਲਿਖਿਆ ਹੈ ਕਿ ਝਾਲਰਾਪਾਟਣ ਦਾ ਸੀਤਲੇਸ਼ਵਰ ਮੰਦਰ ਤਾਂ ਭਾਰਤ ਦੇ ਸਭ ਤੋਂ ਪੁਰਾਣੇ ਮੰਦਰਾਂ ਵਿੱਚੋਂ ਇੱਕ ਹੈ। ਨਾਲ ਹੀ ਉਸਨੇ ਸੂਰਜ (ਸੂਰਯ) ਮੰਦਰ ਦੀਆਂ ਵੀ ਤਾਰੀਫਾਂ ਕੀਤੀਆਂ ਹਨ।

ਝਾਲਰਾਪਾਟਣ ਨੌ-ਗ੍ਰਹਿ ਪੂਜਾ ਲਈ ਪ੍ਰਸਿਧ ਸੀ। ਜੋਤਿਸ਼ ਅਨੁਸਾਰ ਬੰਦੇ ਦੇ ਮਾੜੇ ਚੰਗੇ ਦਿਨ ਗ੍ਰਿਹਿਆਂ (ਅਕਾਸ਼ੀ ਤਾਰਿਆਂ) ਦੀ ਚਾਲਾਂ ਕਾਰਨ ਆਉਦੇ ਹਨ। ਹਿੰਦੂ ਜੋਤਿਸ਼ ਸ਼ਾਸਤਰ ਅਨੁਸਾਰ ਹੇਠ ਲਿਖੇ ਨੌ ਗ੍ਰਿਹਾਂ ਦਾ ਅਸਰ ਮਨੁੱਖੀ ਜੀਵਨ ਤੇ ਪੈਂਦਾ ਹੈ:

1. ਸੂਰਜ, 2. ਚੰਦਰਮਾ, 3. ਮੰਗਲ (Mars), 4. ਬੁੱਧ (Mercury), 5. ਗੁਰੂ (Jupiter), 6. ਸ਼ੁੱਕਰ (Venus), 7. ਸ਼ਨਿੱਛਰ (Saturn) 8. ਰਾਹੂ ਤੇ 9. ਕੇਤੂ।

ਮਾੜੇ ਦਿਨਾਂ 'ਚ ਪੰਡਤ ਕਹਿਣਗੇ ਕਿ ਜੀ ਤੁਹਾਡਾ ਸ਼ਨੀ ਸ਼ੁਭ ਅਵਸਥਾ 'ਚ ਨਹੀ ਹੈ ਜਾਂ ਅੱਜ ਕਲ ਰੀਡ-ਮੂਲ ਚਲ ਰਿਹਾ ਹੈ। ਜਾਂ ਫਿਰ ਤੁਹਾਡੇ ਮੰਗਲ ਦੀ ਦਸ਼ਾ ਠੀਕ ਨਹੀ ਹੈ।

ਸੋ ਝਾਲਰਾਪਾਟਣ ਆਪਣੇ ਨੌਆਂ ਗ੍ਰਿਹਾਂ ਦੀ ਪੂਜਾ ਲਈ ਪ੍ਰਸਿਧ ਹੋ ਚੁੱਕਾ ਸੀ।

ਜਦੋਂ ਗੁਰੂ ਸਾਹਿਬ ਇਥੇ ਬਿਰਾਜੇ ਕੋਈ ਰਾਜਾ ਆਪਣੇ ਤੇਜ ਪ੍ਰਤਾਪ ਦੀ ਅਵਸਥਾ ਨੂੰ ਠੀਕ ਕਰਵਾਉਣ ਲਈ ਸੂਰਜ ਦੀ ਪੂਜਾ ਕਰਵਾ ਰਿਹਾ ਸੀ।

ਜਦੋਂ ਰਾਜੇ ਨੇ ਗੁਰੂ ਸਾਹਿਬ ਨੂੰ ਮਿਲਣ ਦਾ ਵਕਤ ਕੱਢਿਆ ਤੇ ਮਾਫੀ ਮੰਗੀ ਕਿ ਮੈਂ ਪੂਜਾ ਵਿੱਚ ਰੁੱਝਾ ਪਿਆ ਸੀ ਇਸ ਕਰਕੇ ਤੁਹਾਨੂੰ ਮਿਲ ਨਹੀ ਸਕਿਆ। ਗੱਲਾਂ ਬਾਤਾਂ ਹੋਈਆਂ ਤਾਂ ਗੁਰੂ ਸਾਹਿਬ ਨੇ ਕਹਿ ਦਿੱਤਾ ਕਿ ਇਹ ਪੂਜਾ ਅਰਚਨਾ ਵਿਅੱਰਥ ਹਨ। ਰਾਜਾ ਕਹਿਣ ਲੱਗਾ ਕਿ ਮੈਨੂੰ ਤਾਂ ਕੋਈ ਸਮਝ ਨਹੀ ਪੰਡਤ ਜੀ ਨੂੰ ਦੱਸ ਦਿਓ।

ਪੰਡਿਤ ਨੂੰ ਜਦੋਂ ਬੁਲਾਇਆ ਗਇਆ ਤਾਂ ਉਸ ਤਰਾਂ ਤਰਾਂ ਦੇ ਜੋਤਿਸ਼ ਦੇ ਅਸੂਲ ਦੱਸ ਕੇ ਆਪਣੇ ਆਪ ਨੂੰ ਦਰੁੱਸਤ ਸਾਬਤ ਕੀਤਾ। ਗੁਰੂ ਸਾਹਿਬ ਨੇ ਬੜੀ ਨਿਮ੍ਰਤਾ ਨਾਲ ਪੰਡਿਤ ਨੂੰ ਸਮਝਾਇਆ ਕਿ ਤੁਸੀ ਕ੍ਰਿਤ ਦੀ ਪੂਜਾ ਕਰਦੇ ਹੋ ਸਿੱਧਾ ਕਰਤੇ ਦੀ ਕਰੋ। ਨਿਰੰਕਾਰ ਆਪੇ ਇਹ ਚੰਦ ਸੂਰਜ ਰਾਹੂ ਕੇਤੂ ਦੀ ਦਿਸ਼ਾ ਠੀਕ ਕਰ ਦੇਵੇਗਾ। ਇਹ ਚੰਦ ਇਹ ਸੂਰਜ ਇਹ ਸ਼ਨੀ ਰਾਹੂ ਕੇਤੂ ਸਭ ਕਰਤਾਰ ਦੀਆਂ ਕਿਰਤਾਂ ਨੇ ਭਾਵ ਉਸਦੀਆਂ ਰਚਨਾਵਾਂ ਨੇ ਤੇ ਉਹਦੇ ਹੁਕਮ ਵਿੱਚ ਨੇ।

ਸੋ ਸੂਰਜ ਮੰਦਰ ਦੇ ਪੰਡਿਆਂ ਦੀਆਂ ਬੇਥਵੀਆਂ ਸੁੱਣ ਹੀ ਗੁਰੂ ਸਾਹਿਬ ਨੇ ਇਹ ਸਲੋਕ ਬੋਲਿਆ ਸੀ:-

ਸਲੋਕ ਮਃ ੧ ॥ ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥ ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥ ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥ ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥ ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥ ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

ਕਿ ਭੋਲੇ ਪੰਡਤੋਂ ਉਸ ਨਿਰੰਕਾਰ ਦੀ ਪੂਜਾ ਕਰੋ ਜਿਸ ਨੇ ਸੂਰਜ ਨੂੰ ਸਾਜਿਆ ਸੀ। ਉਹ ਵਾਹਿਗੁਰੂ ਜਿਸ ਦੇ ਕੰਟਰੋਲ ਵਿੱਚ ਸਾਰੀ ਸ੍ਰਿਸਟੀ ਹੈ।

ਅੱਗੋ ਪੰਡਤ ਕਹਿਣ ਲੱਗਾ ਕਿ ਬਾਬਾ ਜੀ ਸਾਡਾ ਰੁਜਗਾਰ ਹੈ ਇਹ। ਸਾਹਿਬ ਨੇ ਸਮਝਾਇਆ ਕਿ ਰੁਜਗਾਰ ਨੂੰ ਸੱਚ ਦੀ ਸੇਧ ਦਿਓ। ਪੁੱਠੇ ਪਾਸੇ ਕਿਓ ਜਾਂਦੇ ਹੋ। ਜੇ ਪੂਜਾ ਕਰਨੀ ਹੀ ਹੈ ਤਾ ਉਸ ਨਿਰੰਕਾਰ ਦੀ ਕਰੋ ਜੋ ਸਰਬ ਵਿਆਪਕ ਹੈ। ਘੱਟ ਘਟ ਦੇ ਦਿਲ ਦੀ ਜਾਣਦਾ ਹੈ। ਪੰਡਾ ਕਹਿਣ ਲੱਗਾ ਕਿ ਅਸੀ ਜੀ ਨਿੱਜੀ ਤੌਰ ਤੇ ਭਗਵਾਨ ਦੀ ਪੂਜਾ ਕਰਦੇ ਹਾਂ। ਗੁਰੂ ਸਾਹਿਬ ਨੇ ਪੁੱਛਿਆ ਕਿ ਇਹ ਘੜੀ ਫਿਰ ਕਿਹੜੇ ਲੇਖੇ ਲੱਗੇਗੀ? ਨਿਰੰਕਾਰ ਦੇ ਦਰਬਾਰ ਵਿੱਚ ਤੁਹਾਡਾ ਪਲ ਪਲ ਦਾ ਹਿਸਾਬ ਚਲ ਰਿਹਾ ਹੈ। ਪੰਡਤ ਨੂੰ ਕਿਹਾ ਕਿ ਜੋ ਤੁਹਾਡੀ ਕਾਰਜਸ਼ੈਲੀ ਹੈ ਉਸ ਅਨੁਸਾਰ ਤੁਸੀ ਕਿਸੇ ਥਾਂ ਦੇ ਵੀ ਨਹੀ ਰਹਿ ਜਾਂਦੇ। ਭਾਈ ਇਸ ਦੁਨੀਆਂ ਵਿੱਚ ਸੰਤੁਸ਼ਟ ਕੋਈ ਵਿਰਲਾ ਹੈ। ਹਰ ਕੋਈ ਬਸ ਪੰਡ ਬੰਨਣਾ ਮੰਗਦਾ ਹੈ। ਆਪਣੇ ਹਿਸਾਬ ਜੀਵਨ ਜਿਊਣਾ ਚਾਹੁੰਦਾ ਹੈ, ਜਦੋਂ ਕਿ ਕਰਤੇ ਨੇ ਹਰ ਕਿਸੇ ਨਾ ਰਾਹ ਪਹਿਲਾ ਹੀ ਬਣਾਇਆ ਹੋਇਆ ਹੈ। ਉਪਰੰਤ ਗੁਰੂ ਸਾਹਿਬ ਨੇ ਸਬਦ ਰਚਿਆ:

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥ ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥ ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥੧॥ ਬਾਬਾ ਮਾਇਆ ਰਚਨਾ ਧੋਹੁ ॥ ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥ ੧॥ ਰਹਾਉ ॥ ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥ ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥ ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥੨॥ ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥ ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥ ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥ ੩॥

**ਪੈੜ ਸਫਾ**

ਕੋਹਲੀ ਨੇ ਗੁਰੂ ਸਾਹਿਬ ਦਾ ਬਾਰਨ - ਕਪਿਲ ਧਾਰਾ ਵੀ ਜਾਣਾ ਲਿਖਿਆ ਹੈ। ਲੱਗਦੈ ਕੋਹਲੀ ਨੂੰ ਗਲਤ ਫਹਿਮੀ ਹੋ ਗਈ। ਕਪਿਲ ਰਿਸ਼ੀ ਦਾ ਮੁੱਖ ਇਤਹਾਸਿਕ ਸਥਾਨ ਅਮਰਕੰਟਕ ਹੈ ਜਿੱਥੇ ਉਸ ਦਾ ਆਸ਼ਰਮ ਤੇ ਝਰਨਾ (ਧਾਰਾ) ਵੀ ਹੈ ਜਿੱਥੇ ਗੁਰੂ ਸਾਹਿਬ ਪਹਿਲਾਂ ਹੋ ਆਏ ਹਨ। ਗੁਰੂ ਸਾਹਿਬ ਵੇਲੇ ਬਾਰਨ ਇਨਾਂ ਮਹੱਤਵਪੂਰਨ ਸਥਾਨ ਨਹੀ ਸੀ ਕਿ ਉਹ ਆਪਣਾ ਰਸਤਾ ਬਦਲ ਕੇ ਓਧਰ ਜਾਂਦੇ। ਓਨਾਂ ਨੇ ਗੁਰੂ ਸਾਹਿਬ ਦਾ ਕਰੌਲੀ ਜਾਣਾ ਵੀ ਲਿਖਿਆ ਹੈ ਪਰ ਸਾਨੂੰ ਨਹੀ ਲੱਗਦਾ ਕਿ ਸਾਹਿਬ ਕਰੌਲੀ ਗਏ ਹੋਣ। ਕਿਉਕਿ ਕਰੌਲੀ ਦੀ ਅਜੇ ਓਨੀ ਅਹਿਮੀਅਤ ਨਹੀ ਸੀ।

ਇਹ ਸਭ ਕੁਝ ਸੁੱਣ ਰਾਜੇ ਦੇ ਦਿਮਾਗ ਦੇ ਤਾਂ ਕਿਵਾੜ ਖੁੱਲ ਗਏ। ਰਾਜਾ ਤੇ ਪੰਡਤ ਦੋਵੇ ਗੁਰੂ ਸਾਹਿਬ ਦੇ ਚਰਨੀ ਲੱਗੇ। ਰਾਜੇ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਮੇਰੇ ਰਾਜ ਮਹਿਲਾਂ ਨੂੰ ਆਪਣੀ ਚਰਨ ਛੋਹ ਨਾਲ ਪਵਿਤ੍ਰ ਕਰੋ। ਗੁਰੂ ਸਾਹਿਬ ਨੇ ਜਦੋਂ ਦੱਸਿਆ ਕਿ ਉਹ ਫਲਾਣੀ ਥਾਂ ਬਿਰਾਜੇ ਹੋਏ ਨੇ ਤੇ ਉਨਾਂ ਦਾ ਵਾਜੰਤ੍ਰੀ ਮਰਦਾਨਾ ਓਥੇ ਹੀ ਹੈ।

ਇਹ ਸੁਣ ਕੇ ਪੰਡਤ ਦੇ ਮਨ ਵਿੱਚ ਘ੍ਰਿਣਾ ਆਈ ਤੇ ਬੋਲ ਉਠਿਆ, "ਬਾਬਾ ਜੀ ਜਿੱਥੇ ਤੁਸੀ ਰਹਿ ਰਹੇ ਹੋ ਉਹ ਤਾਂ ਨੀਵੀ ਜਾਤ ਵਾਲਿਆਂ ਕਮੀਆਂ ਦੀ ਬਸਤੀ ਹੈ। ਅਸਾਂ ਤਾਂ ਸੁਣਿਐ ਤੁਸੀ ਉੱਚ ਖੱਤਰੀ ਖਾਨਦਾਨ ਦੇ ਹੋ ਤੇ ਰਿਆਸਤ ਦੀ ਨੌਕਰੀ ਨੂੰ ਲੱਤ ਮਾਰ ਕੇ ਸਨਿਆਸ ਧਾਰਨ ਕੀਤਾ ਹੈ। ਤੁਸੀ ਸਵਰਨ ਜਾਤ ਦੇ ਹੋਣ ਕਰਕੇ ਓਥੇ ਕਿਵੇ ਰਹਿ ਸਕਦੇ ਹੋ?"

ਗੁਰੂ ਸਾਹਿਬ ਨੇ ਜਵਾਬ ਦਿੱਤਾ:-

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥**

ਗੁਰੂ ਸਾਹਿਬ ਨੇ ਇਹ ਕਹਿ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਗੁਰੂ ਸਾਹਿਬ ਨੇ ਕਿਹਾ ਕਿ ਜਿਹੜਾ ਨਿਮਰਤਾ ਵਿੱਚ ਹੈ ਉਹ ਅਸਲ ਵਿੱਚ ਉੱਚਾ ਹੁੰਦਾ ਹੈ। ਗੁਰੂ ਸਾਹਿਬ ਨੇ ਹਿੰਦੂ ਵਿਚਾਰਧਾਰਾ ਦੀ ਮੁੱਢਲੀ ਸੋਚ ਨੂੰ ਢਾਹ ਲਾ ਕੇ ਹਰ ਕਿਸੇ ਨੂੰ ਚਕ੍ਰਿਤ ਕਰ ਦਿੱਤਾ। ਸ਼ੂਦਰ ਲੋਕ ਧੰਨ ਗੁਰੂ ਨਾਨਾਕ, ਧੰਨ ਬਾਬਾ ਨਾਨਕ ਪੁਕਾਰ ਰਹੇ ਸਨ।

-----◈-----

## ਚਿਤੌੜਗੜ੍ਹ ਦਾ ਸਰੇਵੜਾ ਰੱਬ ਬਣਿਆ ਫਿਰਦਾ ਸੀ✚

ਝਾਲਰਪਾਟਣ ਤੋ 215 ਕਿ. ਮੀ. ਦਾ ਪੈਂਡਾ ਕਰਕੇ ਗੁਰੂ ਸਾਹਿਬ ਚਿਤੌੜਗੜ੍ਹ ਪਹੁੰਚੇ। ਓਨੀ ਦਿਨੀ ਚਿਤੌੜਗੜ੍ਹ ਦੇ ਰਾਜਾ ਸਾਂਗਾ ਦੀ ਬਹਾਦਰੀ ਦੀ ਬੜੀ ਚਰਚਾ ਹੁੰਦੀ ਸੀ। ਪਹਾੜੀ ਤੇ ਮੌਜੂਦ ਚਿਤੌੜਗੜ੍ਹ ਦਾ ਵਿਸ਼ਾਲ ਕਿਲਾ ਵੀ ਬਹੁਤ ਦਰਸ਼ਨੀ ਗਿਣਿਆ ਜਾਂਦਾ ਸੀ।

ਚਿਤੌੜਗੜ੍ਹ ਵਿਖੇ ਗੁਰੂ ਸਾਹਿਬ ਨੂੰ ਅਜੀਬ ਹੀ ਵਰਤਾਰਾ ਵੇਖਣ ਨੂੰ ਮਿਲਿਆ। ਇਥੇ ਇੱਕ ਜੈਨੀ ਸਾਧੂ ਨੇ ਸ਼ਿਲੇ ਤੇ ਤਪ ਕਰ ਕਰ ਕੇ ਦੈਵੀ ਸ਼ਕਤੀਆਂ ਹਾਸਲ ਕਰ ਰਖੀਆਂ ਸਨ। ਕਿਸੇ ਨੂੰ ਵਰ ਕਿਸੇ ਨੂੰ ਸਰਾਫ ਦਿੰਦਾ। ਪੁੱਤ੍ਰਾਂ ਦੀ ਦਾਤ ਦਿੰਦਾ, ਕਿਤੇ ਪ੍ਰਤਾਪ ਖੋਹ ਲੈਂਦਾ। ਉਹ ਆਪਣੇ ਆਪ ਨੂੰ ਰੱਬ ਹੀ ਕਹਾਉਂਦਾ ਸੀ। ਯਾਦ ਰਹੇ ਜੈਨ ਧਰਮ ਇੱਕ ਨਿਰੰਕਾਰ ਭਗਵਾਨ ਦੀ ਹੋਂਦ ਤੋਂ ਮੁਨੱਕਰ ਹੈ।

ਜਦੋਂ ਗੁਰੂ ਸਾਹਿਬ ਚਿਤੌੜਗੜ੍ਹ ਗਏ ਤਾਂ ਕਰਤਾਰ ਦੀ ਸਿਫਤ ਸਲਾਹ ਕਰਨ ਤੇ ਅਗੋਂ ਲੋਕਾਂ ਕੋਈ ਉਤਸ਼ਾਹ ਨਹੀ ਦਿਖਾਇਆ। ਲੱਗਦਾ ਹੈ ਰਾਣਾ ਸਾਂਗਾ ਲਈ ਉਸ ਨੇ ਕੋਈ ਭਵਿਖਬਾਣੀ ਕੀਤੀ ਹੋਈ ਸੀ ਤੇ ਸਾਂਗਾ ਵੀ ਓਸੇ ਨੂੰ ਹੀ ਮੰਨਦਾ ਸੀ। ਕਿਤੇ ਵੀ ਕੋਈ ਪ੍ਰਮੇਸ਼ਰ ਦਾ ਨਾਂ ਨਹੀ ਸੀ ਲੈ ਰਿਹਾ। ਸਭ ਉਸ ਦਾ ਨਾਂ ਜਪਦੇ ਸਨ। ਇਤਹਾਸ ਵਿੱਚ ਓਨਾਂ ਦਿਨਾਂ ਦੇ ਇੱਕ ਜੈਨ ਮੁਨੀ ਦਾ ਨਾਂ ਅਚਾਰੀਆ ਧਰਮ ਰਤਨ ਸੂਰੀ ਲਿਖਿਆ ਮਿਲਦਾ ਹੈ। ਹੋ ਸਕਦਾ ਇਹੀ ਉਸ ਦਾ ਨਾਂ ਹੋਵੇ ਜਿਸ ਦੀ ਗਲ ਚਲ ਰਹੀ ਹੈ।

ਇਤਹਾਸ ਵਿੱਚ ਆਉਂਦਾ ਹੈ ਕਿ ਗੁਰੂ ਸਾਹਿਬ ਨੇ ਹੰਕਾਰੀ ਸਾਧੂ ਦੀਆਂ ਸਾਰੀਆਂ ਸ਼ਕਤੀਆਂ ਖੋਹ ਲਈਆਂ।

ਓਧਰ ਜਦੋਂ ਗੁਰੂ ਸਾਹਿਬ ਇਥੇ ਪਧਾਰੇ ਮੀਂਹ ਪੈਣ ਵਿੱਚ ਦੇਰੀ ਹੋਈ ਪਈ ਸੀ। ਤਲਾਬ ਸੁੱਕਣ ਤੇ ਆ ਗਏ ਸਨ। ਇੱਕ ਦਿਨ ਕੁਝ ਪਤਵੰਤੇ ਨਾਗਰਿਕ ਗੁਰੂ ਸਾਹਿਬ ਕੋਲ ਬੈਠੇ ਸਨ ਤੇ ਕਹਿਣ ਲੱਗੇ ਕਿ ਬਾਬਾ ਜੀ ਤੁਸੀ ਹੀ ਕਿਰਪਾ ਕਰ ਦਿਓ ਬਰਸਾਤ ਹੋ ਜਾਏ। ਲੋਕ ਤ੍ਰਾਹ ਤ੍ਰਾਹ ਕਰ ਰਹੇ ਹਨ ਸੋਕੇ ਨਾਲ।

ਗੁਰੂ ਸਾਹਿਬ ਨੇ ਸਾਫ ਲਫਜਾਂ ਵਿੱਚ ਕਹਿ ਦਿੱਤਾ ਕਿ ਤੁਸੀ ਲੋਕ ਗਲਤ ਰਾਹ ਤੇ ਚਲ ਹੋ। ਆਪੇ ਹੀ ਭਗਵਾਨ ਬਣੇ ਬੈਠੇ ਹੋ ਤੁਹਾਨੂੰ ਸਜਾ ਭੁਗਤਣੀ ਹੀ ਪੈਣੀ ਹੈ। ਮੁਖੀਏ ਕਹਿਣ ਲੱਗੇ ਜੀ ਅਸੀ ਤਾਂ ਕੋਈ ਨਹੀ ਆਪਣੇ ਆਪ ਨੂੰ ਰੱਬ ਸਮਝਦੇ। ਅਸੀ ਤਾਂ ਸਾਧੂ ਸੰਤਾਂ ਦੀ ਚਰਨ ਧੂੜ ਹਾਂ। ਗੁਰੂ ਸਾਹਿਬ ਨੇ ਫਿਰ ਕਿਹਾ ਕਿ ਤੁਸੀ ਉਸ ਸਰਵੜੇ ਨੂੰ ਮੰਨਦੇ ਹੋ ਜਿਹੜਾ ਸ਼੍ਰੇਆਮ ਆਪਣੇ ਆਪ ਨੂੰ ਰੱਬ ਕਹਿ ਰਿਹਾ ਹੈ।

ਇਹ ਸੁਣਕੇ ਪੰਚਾਂ ਦੀਆਂ ਅੱਖਾਂ ਖੁੱਲ ਗਈਆਂ। ਬਾਬਾ ਜੀ ਦੀ ਗੱਲ ਤਾਂ ਸੱਚੀ ਸੀ।

ਗੁਰੂ ਸਾਹਿਬ ਨੇ ਕਿਹਾ ਕਿ ਉਸ ਸਰੇਵੜੇ ਨੂੰ ਹੀ ਕਹੋ ਕਿ ਮੀਂਹ ਪੁਆਏ। ਜੇ ਨਾਂ ਪਵੇਗਾ ਤਾਂ ਫਿਰ ਆ ਜਾਣਾਂ ਆਪਾਂ ਸਰਬ ਪਾਲਕ ਅਕਾਲ ਪੁਰਖ ਅੱਗੇ ਸਾਰੇ ਰਲ ਕੇ ਅਰਦਾਸ ਅਰਜੋਈ ਕਰਾਂਗੇ।

ਸ਼ਹਿਰ ਤੇ ਇਲਾਕੇ ਦੇ ਸਭ ਪਤਵੰਤੇ ਲੋਕ ਇਕੱਠੇ ਹੋ ਕੇ ਸਰੇਵੜੇ ਮੁਨੀ ਕੋਲ ਗਏ ਤੇ ਬੇਨਤੀ ਕੀਤੀ ਕਿ ਇਲਾਕੇ ਵਿੱਚ ਸੋਕੇ ਪਿਆ ਹੈ ਅਤੇ ਅਕਾਲ ਵਾਲੇ ਹਾਲਾਤ ਬਣੇ ਨੇ ਕਿਰਪਾ ਕਰੋ ਤੇ ਮੀਂਹ ਵਰਾਓ। ਹੰਕਾਰੀ ਸਰੇਵੜੇ ਨੇ ਕੁਝ ਸ਼ਰਤਾਂ ਰੱਖ ਦਿੱਤੀਆਂ ਅਖੇ ਇਹ ਪੂਰੀਆਂ ਕਰੋ ਫਿਰ ਮੈਂ ਇੰਦਰ ਦੇਵਤਾ ਨੂੰ ਹੁਕਮ ਕਰਾਂਗਾ ਕਿ ਮੇਘ ਵਰਸਾਏ।

ਮਜਬੂਰ ਲੋਕਾਂ ਉਹ ਸ਼ਰਤਾਂ ਪੂਰੀਆਂ ਕੀਤੀਆਂ। ਸਰੇਵੜਾ ਲੱਗਾ ਜੰਤਰ ਮੰਤਰ ਕਰਨ। ਇੱਕ ਦਿਨ। ਦੋ ਦਿਨ। ਹਫਤਾ ਭਰ ਦੇ ਜਤਨਾਂ ਦੇ ਬਾਵਜੂਦ ਮੀਂਹ ਨਾਂ ਪਿਆ। ਸ਼ਹਿਰ ਦੇ ਮੁਖੀ ਲੋਕਾਂ ਨੇ ਮਹਾਂ ਮੁਨੀ ਨੂੰ ਕਟਾਖ ਕੀਤਾ ਕਿ ਤੁਸੀ ਤਾਂ ਕਹਿੰਦੇ ਹੋ ਕਿ ਤੁਸੀ ਭਗਵਾਨ ਹੋ ਤੇ ਫਿਰ ਮੀਂਹ ਕਿਓ ਨਾਂ ਪਾ ਰਹੇ। ਸ਼ਰਮਿੰਦੇ ਹੋਏ ਸਰੇਵੜੇ ਨੂੰ ਮੂੰਹ ਲੁਕਾਉਣ ਨੂੰ ਥਾਂ ਨਹੀ ਸੀ ਮਿਲ ਰਹੀ।

ਅਖੀਰ ਲੋਕ ਇਕੱਠੇ ਹੋ ਕੇ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਏ। ਗੁਰੂ ਸਾਹਿਬ ਨੇ ਕਿਹਾ ਕਿ ਲੰਗਰ ਦਾ ਇੰਤਜਾਮ ਕਰੋ। ਜਦੋਂ ਲੋਕ ਇਕੱਠੇ ਹੋਣਗੇ ਤਾਂ ਆਪਾਂ ਘੱਟ ਘੱਟ ਦੇ ਪਾਲਣਹਾਰ ਭਗਵਾਨ ਅੱਗੇ ਜੋਦੜੀ ਕਰਾਂਗੇ। ਲੋਕਾਂ ਨੇ ਓਸੇ ਤਰਾਂ ਕੀਤਾ।

ਪੈੜ ਸਰੋਤ

✚ਮਨੀ ਸਿੰਘ -409

http://www.chittorgarh.com/article/historical-facts-of-chittorgarh/220/

ਸਬੂਤ- ਪਹਿਲੀ ਗੱਲ ਤਾਂ ਸਾਫ ਪਤਾ ਲੱਗਦਾ ਹੈ ਕਿ ਸਬਦ ਮਾਰੂਥਲ ਵਿੱਚ ਰਚਿਆ ਗਿਆ। ਫਿਰ ਸਾਰਾ ਸ਼ਬਦ ਜੈਨੀਆਂ ਪ੍ਰਥਾਇ ਹੈ ਜਿਸ ਵਿੱਚ ਕਰਤਾਰ ਦੀ ਖੇਡ ਤੇ ਹੁਕਮ ਦਾ ਵਰਨਣ ਹੈ। ਫਿਰ ਰਾਜੇ ਬਾਰੇ ਵੀ ਇਸ਼ਾਰਾ ਹੈ। ਸੋ ਸਾਫ ਜ਼ਾਹਿਰ ਹੋ ਜਾਂਦਾ ਹੈ ਕਿ ਸ਼ਬਦ ਚਿਤੌੜਗੜ ਰਚਿਆ ਗਿਆ। ਸ਼ਬਦ ਤਰਤੀਬ ਵੀ ਪੁਸ਼ਕਰ ਰਚੇ ਸ਼ਬਦ ਬਾਦ ਆਉਂਦੀ ਹੈ।

ਹਰ ਗਰੀਬ ਗੁਰਬੇ ਨੂੰ ਢਿੱਡ ਭਰਨ ਦਾ ਮੌਕਾ ਮਿਲਿਆ। ਇਤਹਾਸ 'ਚ ਆਉਂਦਾ ਹੈ ਕਿ ਖੁੱਲਾ ਕੜਾਹ ਪ੍ਰਸ਼ਾਦਿ ਭੀ ਵਰਤਾਇਆ ਗਿਆ।

ਓਦਰੋਂ ਅਰਦਾਸ ਹੋ ਰਹੀ ਸੀ ਤੇ ਹਲਕੇ ਹਲਕੇ ਬੱਦਲ ਵੀ ਨਜਰ ਆਉਣੇ ਸ਼ੁਰੂ ਹੋ ਗਏ। ਗੁਰੂ ਸਾਹਿਬ ਨੇ ਅਰਦਾਸ ਦੀ ਅਗਵਾਈ ਕੀਤੀ। ਹਰ ਮਾਈ ਭਾਈ ਨੇ ਅਰਦਾਸ ਵਿਚ ਹਿੱਸਾ ਲਿਆ। ਤੇ ਫਿਰ ਚਮਤਕਾਰ ਹੋ ਗਿਆ। ਮਾਰੂਥਲ ਵਿੱਚ ਜਲ ਥਲ ਹੋ ਗਿਆ। ਸਭ ਪਾਸੇ ਧੰਨ ਬਾਬਾ ਨਾਨਕ, ਧੰਨ ਗੁਰੂ ਨਾਨਕ ਹੋ ਰਿਹਾ ਸੀ। ਗੁਰੂ ਸਾਹਿਬ ਦੁਹਾਈ ਦੇ ਰਹੇ ਸਨ ਕਿ ਇਹ ਨਾਮ ਦੀ ਕਿਰਪਾ ਹੈ। ਸਭ ਪਾਸੇ ਫਿਰ ਸਤਿਨਾਮ ਸਤਿਕਰਤਾਰ ਗੂੰਜ ਰਿਹਾ ਸੀ।

ਇਸ ਮੌਕੇ ਤੇ ਸਾਹਿਬ ਨੇ ਇਥੇ ਚਿਤੌੜਗੜ੍ਹ ਫਿਰ ਮਾਰੂ ਰਾਗ ਵਿੱਚ ਸ਼ਬਦ ਰਚਿਆ। :

ਮਾਰੂ ਮਹਲਾ ੧ ॥ ਆਪੇ ਆਪੁ ਉਪਾਇ ਨਿਰਾਲਾ ॥ ਸਾਚਾ ਥਾਨੁ ਕੀਓ ਦਇਆਲਾ ॥ ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥੧॥ ਨਉ ਘਰ ਥਾਪੇ ਥਾਪਣਹਾਰੈ ॥ ਦਸਵੈ ਵਾਸਾ ਅਲਖ ਅਪਾਰੈ ॥ ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥੨॥ ਰਵਿ ਸਸਿ ਦੀਪਕ ਜੋਤਿ ਸਬਾਈ ॥ ਆਪੇ ਕਰਿ ਵੇਖੈ ਵਡਿਆਈ ॥ ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥ ਗੜ ਮਹਿ ਹਾਟ ਪਟਣ ਵਾਪਾਰਾ ॥ ਪੂਰੈ ਤੋਲਿ ਤੋਲੈ ਵਣਜਾਰਾ ॥ ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ ॥੪॥ ਕੀਮਤਿ ਪਾਈ ਪਾਵਣਹਾਰੈ ॥ ਵੇਪਰਵਾਹ ਪੂਰੇ ਭੰਡਾਰੈ ॥ ਸਰਬ ਕਲਾ ਲੇ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ ॥੫॥ ਨਦਰਿ ਕਰੇ ਪੂਰਾ ਗੁਰੁ ਭੇਟੈ ॥ ਜਮ ਜੰਦਾਰੁ ਨ ਮਾਰੈ ਫੇਟੈ ॥ ਜਿਉ ਜਲ ਅੰਤਰਿ ਕਮਲੁ ਬਿਗਾਸੀ ਆਪੇ ਬਿਗਸਿ ਧਿਆਇਦਾ ॥੬॥ ਆਪੇ ਵਰਖੈ ਅੰਮ੍ਰਿਤ ਧਾਰਾ ॥ ਰਤਨ ਜਵੇਹਰ ਲਾਲ ਅਪਾਰਾ ॥ ਸਤਿਗੁਰੁ ਮਿਲੈ ਤ ਪੂਰਾ ਪਾਈਐ ਪ੍ਰੇਮ ਪਦਾਰਥੁ ਪਾਇਦਾ ॥੭॥ ਪ੍ਰੇਮ ਪਦਾਰਥੁ ਲਹੈ ਅਮੋਲੋ ॥ ਕਬ ਹੀ ਨ ਘਾਟਸਿ ਪੂਰਾ ਤੋਲੋ ॥ ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ ॥੮॥ ਸਚਾ ਸਉਦਾ ਵਿਰਲਾ ਕੋ ਪਾਏ ॥ ਪੂਰਾ ਸਤਿਗੁਰੁ ਮਿਲੈ ਮਿਲਾਏ ॥ ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥ ਹੁਕਮੇ ਆਇਆ ਹੁਕਮਿ ਸਮਾਇਆ ॥ ਹੁਕਮੇ ਦੀਸੈ ਜਗਤੁ ਉਪਾਇਆ ॥ ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ ॥੧੦॥ ਹੁਕਮੇ ਧਰਤੀ ਧਉਲ ਸਿਰਿ ਭਾਰੰ ॥ ਹੁਕਮੇ ਪਉਣ ਪਾਣੀ ਗੈਣਾਰੰ ॥ ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥੧੧॥ ਹੁਕਮੇ ਆਡਾਣੇ ਆਗਾਸੀ ॥ ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥ ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥੧੨॥ ਹੁਕਮਿ ਉਪਾਏ ਦਸ ਅਉਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥ ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥੧੩॥ ਹੁਕਮੇ ਜੁਗ ਛਤੀਹ ਗੁਦਾਰੇ ॥ ਹੁਕਮੇ ਸਿਧ ਸਾਧਿਕ ਵੀਚਾਰੇ ॥ ਆਪਿ ਨਾਥੁ ਨਥੰੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥੧੪॥ ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥ ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥ ਸਤੁ ਸੰਤੋਖੁ ਨਗਰ ਮਹਿ ਕਾਰੀ ॥ ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥ ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥

ਇਲਾਕੇ ਵਿੱਚ ਨਾਸਤਕ ਜੈਨੀਆਂ ਦਾ ਵੱਡਾ ਪ੍ਰਭਾਵ ਸੀ। ਇਤਹਾਸ ਵਿੱਚ ਆਉਂਦਾ ਹੈ ਕਿ ਇਥੇ ਤਕਰੀਬਨ 300 ਮੰਦਿਰ ਸਨ। ਓਥੇ ਫਿਰ ਲੋਕਾਈ ਨੂੰ ਨਿਰੰਕਾਰ ਦੇ ਹੁਕਮ ਵਾਲੀ ਗੱਲ ਸਮਝਾਈ ਗੁਰੂ ਸਾਹਿਬ ਨੇ। ਜਿਵੇ ਪਿੱਛੇ ਆ ਚੁੱਕਾ ਹੈ (ਵੇਖੋ ਪੰਨਾ 207) ਕਿ ਜੈਨੀ ਲੋਕ ਸ੍ਰਿਸਟੀ ਨੂੰ ਆਤਮਾ ਤੇ ਮਾਇਆ ਦਾ ਵਰਤਾਰਾ ਹੀ ਮੰਨਦੇ ਹਨ ਤੇ ਪਾਪ ਪੁੰਨ ਦੇ ਭਰਮ ਤੇ ਬੜਾ ਜੋਰ ਦਿੰਦੇ ਹਨ

ਏਡਾ ਚਮਤਕਾਰ ਹੋਣ ਦੇ ਬਾਵਜੂਦ ਚਿਤੌੜਗੜ੍ਹ ਜੋਸ਼ੀਲੇ ਮਹਾਰਾਜਾ ਸਾਂਗਾ (ਸੰਗਰਾਮ ਸਿੰਘ) ਨੇ ਗੁਰੂ ਸਾਹਿਬ ਨੂੰ ਮਿਲਣ ਲਈ ਵਕਤ ਨਾਂ ਕੱਢਿਆ। ਤਾਂ ਹੀ ਉਸ ਬਾਰੇ ਗੁਰੂ ਸਾਹਿਬ ਨੇ ਕਟਾਖ ਕੀਤਾ ਸੀ:-

ਸਲੋਕੁ ਮਃ ੧ ॥ ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ ॥ ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ ॥ ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ ॥੧॥

ਸਾਫ ਲੱਗਦੈ ਹੈ ਗੁਰੂ ਸਾਹਿਬ ਰਾਣਾ ਸਾਂਗਾ ਦੀ ਪਹੁੰਚ ਤੇ ਖੁਸ਼ ਨਹੀ ਸਨ। ਤਾਂ ਹੀ ਇੱਕ ਮੌਕੇ ਇਨਾਂ ਦੇ ਮੁਖਾਰਬਿੰਦ ਤੋਂ ਨਿਕਲਿਆ ਸੀ:-

"ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥ ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥"

-----◈-----

## ਪੁਸ਼ਕਰ ਮੇਲੇ ਤੇ। ਚਿਸ਼ਤੀ ਦਰਗਾਹ ਦੇ ਮਜੌਰਾਂ ਨੂੰ ਇਨਸਾਨੀਅਤ ਦਾ ਪਾਠ ਪੜਾਇਆ ⊙

ਚਿਤੌੜਗੜ੍ਹ ਤੋਂ ਕੋਈ 50 ਕਿ. ਮੀ. ਉੱਤਰ ਵਲ ਚਲ ਕੇ ਬੰਕਰੋਲਾ (ਹਮੀਰਗੜ੍ਹ) ਥਾਂਣੀ ਹੁੰਦੇ ਹੋਏ ਗੁਰੂ ਸਾਹਿਬ ਭੀਲਵਾੜਾ ਪਹੁੰਚੇ। ਇਸ ਇਲਾਕੇ ਤੇ ਧਾਰਮਿਕ ਨਗਰੀ ਵਿੱਚ ਵੀ ਲੋਕਾਂ ਨੂੰ ਤਰਾਂ ਤਰਾਂ ਦੇ ਦੇਵੀ ਦੇਵਤਿਆਂ ਦੀ ਪੂਜਾ ਕਰਨ ਤੋਂ ਰੋਕ



ਅਜਮੇਰ-ਦਰਗਾਹ ਹਜ਼ਰਤ ਮੋਇਉਦੀਨ ਚਿਸ਼ਤੀ (1142-1236 ਈ) ਵਿਦਵਾਨ ਏਸੇ ਨੂੰ ਇਸਲਾਮ ਦਾ ਹਿੰਦ ਦਰਵਾਜ਼ਾ ਮੰਨਦੇ ਹਨ।

ਅਕਾਲ ਪੁਰਖ ਦੇ ਲੜ੍ਹ ਲਾਇਆ। ਇਲਾਕਾ ਕਿਸੇ ਵੇਲੇ ਬੁਧ ਧਰਮ ਦਾ ਵੀ ਕੇਂਦਰ ਹੁੰਦਾ ਸੀ।

ਵਿਦਵਾਨਾਂ ਨੇ ਗੁਰੂ ਸਾਹਿਬ ਦਾ ਦਿਓਗੜ੍ਹ ਤੇ ਪਾਲੀ ਜਾਣਾ ਵੀ ਲਿਖਿਆ ਹੈ।

ਅਜਮੇਰ ਖਵਾਜੇ ਦੀ ਦਰਗਾਹ ਤੇ ਮਜੌਰਾਂ ਨੇ ਗੁਰੂ ਸਾਹਿਬ ਨਾਲ ਈਰਖਾ ਵਿਖਾਈ ◘

ਭੀਲਵਾੜੇ ਤੋਂ ਅਜਮੇਰ ਸਿੱਧਾ ਕੋਈ 125 ਕਿ.ਮੀ. ਦਾ ਸਫਰ ਕਰਕੇ ਸਾਹਿਬ ਅਜਮੇਰ ਪਹੁੰਚੇ। ਪ੍ਰਿਥਵੀ ਰਾਜ ਚੌਹਾਨ ਦੀ ਰਾਜਧਾਨੀ ਓਨੀ ਦਿਨੀ ਬਹੁਤ ਹੀ ਪ੍ਰਸਿਧ ਸ਼ਹਿਰ ਸੀ। ਚੌਹਾਨ ਨੂੰ ਹਰਾਉਣ ਉਪਰੰਤ ਮੁਹੰਮਦ ਗੌਰੀ ਅਜਮੇਰ ਵੀ ਪਹੁੰਚਿਆ ਸੀ ਤੇ ਇਥੇ ਤੁਰੰਤ ਇੱਕ ਮਸੀਤ ਬਣਾਉਣ ਦਾ ਹੁਕਮ ਦਿੱਤਾ। ਓਦੋਂ ਫਿਰ ਨੇੜੇ ਤੇੜੇ ਦੇ ਪੁਰਾਣੇ ਜੈਨ ਤੇ ਹਿੰਦੂ ਮੰਦਰਾਂ ਨੂੰ ਤੋੜ ਕੇ ਇੱਕ ਮਸੀਤ ਬਣਾਈ ਗਈ ਜੋ ਅੱਜ ਵੀ ਮੌਜੂਦ ਹੈ ਜਿਸ ਦਾ ਨਾਂ 'ਢਾਈ ਦਿਨ ਦਾ ਝੋਂਪੜਾ' ਹੈ। ਕਿਹਾ ਜਾਂਦਾ ਹੈ ਕਿ ਢਾਈ ਦਿਨਾਂ ਵਿੱਚ ਹੀ ਬਣਾ ਦਿੱਤੀ ਗਈ।

ਗੁਰੂ ਸਾਹਿਬ ਨੇ ਇਹ ਸ਼ਾਨਦਾਰ ਮਸੀਤ ਵੇਖੀ।



ਢਾਈ ਦਿਨਾਂ ਦੀ ਝੋਪੜੀ - 800 ਸਾਲ ਪੁਰਾਣੀ ਮਸੀਤ

ਲਗਦੈ ਬਾਬਾ ਜੀ ਅਜਮੇਰ ਸਿੱਧੇ ਖਵਾਜ਼ਾ ਮੋਇਨੂਦੀਨ ਚਿਸ਼ਤੀ ਦੀ ਦਰਗਾਹ ਤੇ ਪਹੁੰਚੇ ਸਨ। ਦਿੱਲੀ ਦੇ ਹਾਕਮ ਇਸ ਦਰਗਾਹ ਦਾ ਬਹੁਤ ਸਤਿਕਾਰ ਕਰਦੇ ਸਨ ਤੇ ਵੱਡੀਆਂ ਗਰਾਂਟਾਂ ਤੇ ਹੋਰ ਤੋਹਫੇ ਇਸ ਦਰਗਾਹ ਤੇ ਭੇਟ ਚੜ੍ਹਾਉਂਦੇ ਰਹੇ ਨੇ। ਹੋਰ ਤੇ ਹੋਰ ਵੱਡੀਆਂ ਵੱਡੀਆਂ ਦੇਗਾਂ ਵੀ ਬਾਦਸ਼ਾਹਾਂ ਨੇ ਲੰਗਰ ਵਾਸਤੇ ਚੜ੍ਹਾਈਆਂ। ਅਕਬਰ ਬਾਦਸ਼ਾਹ ਨੇ ਤਾਂ ਐਡੀ ਦੇਗ ਚੜ੍ਹਾਈ ਸੀ ਜਿਸ ਵਿੱਚ ਇਕੋ ਵਕਤ 5000 ਜੀਆਂ ਲਈ ਦਾਲ ਸਬਜੀ ਬਣ ਸਕਦੀ ਸੀ।

ਸਫਰ ਕਰਕੇ ਗੁਰੂ ਸਾਹਿਬ ਤੇ ਮਰਦਾਨਾ ਜਦੋਂ ਗਏ ਤਾਂ ਮਜਾਵਰਾਂ ਨੇ ਕੋਈ ਖਾਸ ਪ੍ਰਵਾਹ ਨਾਂ ਕੀਤੀ। ਲੱਗਦਾ ਹੈ ਲੰਗਰ ਪਾਣੀ ਵੀ ਢੰਗ ਨਾਲ ਨਾਂ ਛਕਾਇਆ। ਕੁਝ ਚਿਰ ਅਰਾਮ ਫਰਮਾਉਣ ਬਾਦ ਗੁਰੂ ਸਾਹਿਬ ਤੇ ਮਰਦਾਨੇ ਨੇ ਕੀਰਤਨ ਸ਼ੁਰੂ ਕਰ ਦਿੱਤਾ। ਜਿਸ ਤੇ ਮਜਾਵਰਾਂ ਨੇ ਵਿਰੋਧ ਜਿਤਾਇਆ ਤੇ ਕਿਹਾ ਕਿ ਇਹ ਮੁਸਲਮਾਨਾਂ ਜਗ੍ਹਾ ਹੈ ਇਥੇ ਹਿੰਦੂ ਸਾਧੂ ਸੰਤ ਨਹੀ ਰਹਿ ਸਕਦੇ। ਤੁਸੀ ਜਾਓ ਇਥੋ।

ਗੁਰੂ ਸਾਹਿਬ ਨੇ ਮਜਾਵਰ ਨੂੰ ਪੁੱਛਿਆ ਕਿ ਕੀ ਤੁਸੀ ਮੁਸਲਮਾਨ ਹੋ? ਮਜਾਵਰ ਮਾਇਆਧਾਰੀ ਗ੍ਰਿਸਤੀ ਜਿਹਾ ਬੰਦਾ ਸੀ। ਜਦੋਂ ਸਾਹਿਬ ਨੇ ਪੁੱਛਿਆ ਕਿ ਕੀ ਅਸੀ ਰੱਬ ਦੇ ਜੀਅ ਨਹੀ ਹਾਂ? ਰੱਬ ਦੀ ਰਜਾ ਵਿੱਚ ਹੋ? ਆਦਿ ਆਦਿ। ਮਜੌਰ ਗੁਰੂ ਸਾਹਿਬ ਦੇ ਸਵਾਲ ਸੁਣ ਕੇ ਅੰਦਰੋਂ ਕੰਬ ਉਠਿਆ। ਓਥੇ ਫਿਰ ਗੁਰੂ ਸਾਹਿਬ ਨੇ ਪਹਿਲਾ ਸ਼ਬਦ ਪੂਰਾ ਕਰਕੇ ਇਹ ਸਬਦ ਲਾ ਦਿੱਤਾ:

ਸਲੋਕੁ ਮਃ ੧ ॥ ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥ ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥ ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥

ਮਜੌਰ ਦੀ ਹੋਰ ਅੱਖਾਂ ਖੋਲਣ ਲਈ ਗੁਰੂ ਸਾਹਿਬ ਮਰਦਾਨੇ ਦੇ ਕਹਿਣ ਤੇ ਇਹ ਸ਼ਬਦ ਫਿਰ ਪੜਿਆ:

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥

ਓਥੇ ਹਾਜਰੀਨ ਸਭ ਨੇ ਗੁਰੂ ਸਾਹਿਬ ਕੋਲੋ ਪੁੱਛਿਆ ਕਿ ਇਹ ਤੁਸੀ ਕੀ ਗਾ ਰਹੇ ਹੋ? ਬਾਬੇ ਨੇ ਸਮਝਾਇਆ ਕਿ ਨਮਾਜ ਦਾ ਪਹਿਲਾ ਸੱਚ ਤੇ ਚਲਣਾ, ਦੂਜਾ ਹੱਕ ਹਲਾਲ ਦੀ ਭਾਵ ਨੇਕ ਕਮਾਈ ਖਾਣੀ, ਤੀਸਰਾ ਰੱਬ ਦਾ ਡਰ ਮੰਨ 'ਚ ਰਹਿਣਾ, ਚੌਥਾ ਸਾਫ ਨੀਅਤ ਨਾਲ ਦੁਨੀਆਂ 'ਚ ਵਿਚਰਨਾ ਤੇ ਪੰਜਵਾ ਹਰ ਵੇਲੇ ਖੁਦਾ ਦੀ ਸਿਫਤ ਸਲਾਹ 'ਚ ਰਹਿਣਾ। ਸੋ ਇਹ ਗੁਣ ਹੋਣ ਤਾਂ ਮੁਸਲਮਾਨ ਕਹਾਈਦਾ ਹੈ। ਬਾਕੀ ਝੂਠੇ ਜਿਹੜੇ ਪਏ ਫਿਰਦੇ ਹਨ ਝੂਠ ਵਿੱਚ ਲੱਦ ਜਾਣਗੇ।

ਇਸ ਗੱਲ ਤੇ ਮਜਾਵਰਾ ਫਿਰ ਵਿਰੋਧ ਜਤਾਇਆ। ਗੁਰੂ ਸਾਹਿਬ ਨੇ ਕਿਹਾ ਕਿ ਕੀ ਇਹ ਝੂਠ ਨਹੀ ਜਿਹੜਾ ਤੁਸੀ ਵਿਖਾਵਾ ਕਰ ਰਹੇ ਹੋ। ਇੱਕ ਪਾਸੇ ਤੁਸੀ ਹਜਾਰਾਂ ਲੋਕਾਂ ਨੂੰ ਲੰਗਰ ਪਾਣੀ ਛਕਾਉਣ ਦਾ ਵਿਖਾਵਾ ਕਰਦੇ ਹੋ ਤੇ ਪ੍ਰਦੇਸਾਂ 'ਚੋਂ ਆ ਪਹੁੰਚੇ ਮੁਸਾਫਿਰ ਨੂੰ ਦੋ ਮੰਨੀਆਂ ਵੀ ਨਹੀ ਦੇ ਸਕਦੇ। ਹੋਰ ਵਿਖਾਵਾ ਕਿਸ ਨੂੰ ਕਹਿੰਦੇ ਨੇ?

ਮਜੌਰ ਲਾ ਜਵਾਬ ਸਨ। ਬਾਬੇ ਨੇ ਫਿਰ ਸ਼ਬਦ ਲਾਇਆ:-

ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ ॥ ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ ॥ ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ ॥ ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ ॥ ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ ॥

ਖਵਾਜਾ ਦੀ ਦਰਗਾਹ ਤੇ ਮਜੌਰਾਂ ਨੂੰ ਸ਼ੀਸ਼ਾ ਜਦੋਂ ਵਿਖਾਇਆ ਤਾਂ ਅਗਲੇ ਗੁੱਸੇ 'ਚ ਆ ਬਹੁਤ ਤੜਫੇ। ਇਥੇ ਹੀ ਬਸ ਨਹੀ ਗੁਰੂ ਸਾਹਿਬ ਨੇ ਓਨਾਂ ਨੂੰ ਯਾਦ ਦੁਆਇਆ:◈

ਨਫਸ ਸ਼ੈਤਾਨ॥ ਗੁੱਸਾ ਹਰਾਮ॥ ਕੱਚ ਦੁਨੀਆ॥ ਸੱਚ ਦਰਵੇਸ਼॥ ਅਦਲ ਬਾਦਸ਼ਾਹ॥ ਫਜ਼ਲ ਫਕੀਰਾਂ॥ ਮਜ਼ਲ ਮੁਸਾਫਿਰਾਂ॥ ਕਜ਼ਬ ਕਾਫਰਾਂ॥ ਮਿਹਰ ਪੀਰਾਂ॥ ਸਿਹਰ ਕੀਰਾਂ॥ ਫਕੀਰੀ ਸਬੂਰੀ॥ ਨਾਂ ਸਬੂਰੀ ਤਾਂ ਮਕਰ॥

ਆਪਣੇ ਆਪ ਨੂੰ ਵੱਡੇ ਪੀਰ, ਪੀਰਾਂ ਸਿਰ ਪੀਰ ਕਹਾਉਣ ਵਾਲੇ ਮਜਾਵਰ ਲਾ ਜਵਾਬ ਸਨ। ਗੁਰੂ ਸਾਹਿਬ ਓਥੋ ਕਿਸੇ ਸਥਾਨਕ ਮੰਦਰ ਵਲ ਰਵਾਨਾ ਹੋ ਗਏ। ਜਿੱਥੇ ਸਾਹਿਬ ਨੇ ਰਾਤ ਬਿਤਾਈ ਤੇ ਅਗਲੇ ਦਿਨ ਪੁਸ਼ਕਰ ਵਲ ਕੂਚ ਕਰ ਦਿੱਤਾ।

-----◈-----

ਨਵੰਬਰ 1517

## ਬ੍ਰਹਮਾ ਦੀ ਨਗਰੀ ਪੁਸ਼ਕਰ ਜਾ ਗੱਜੇ ਬਾਬਾ ਜੀ

ਅਜਮੇਰ ਦਰਗਾਹ ਤੋਂ 12 ਕਿਲੋਮੀਟਰ ਦਾ ਪੈਡਾ ਕਰਕੇ ਗੁਰੂ ਸਾਹਿਬ ਪੁਸ਼ਕਰ ਪਹੁੰਚੇ। ਇਥੇ ਕਤਕ ਪੂਰਨਮਾਸ਼ੀ ਨੂੰ ਵੱਡਾ ਮੇਲਾ ਲੱਗਦਾ ਹੈ। ਗੁਰੂ ਸਾਹਿਬ ਵੀ ਮੇਲੇ ਦੇ ਦਿਨਾਂ ਵਿੱਚ ਇਥੇ ਬਰਾਜੇ ਸਨ। ਪੁਸ਼ਕਰ ਦਾ ਜਿਕਰ ਬਕਾਇਦਾ ਰਮਾਇਣ, ਮਹਾਂ ਭਾਰਤ ਤੇ ਕਈ ਪੁਰਾਣਾਂ ਵਿੱਚ ਮਿਲਦਾ ਹੈ।

ਪੈੜ ਸਫਾ

⦿ ਕੋਹਲੀ- 71: ਵਿਦਵਾਨਾਂ ਨੇ ਗੁਰੂ ਸਾਹਿਬ ਦਾ ਦਿਓਗੜ੍ਹ ਤੇ ਪਾਲੀ ਜਾਣਾ ਵੀ ਲਿਖਿਆ ਹੈ। ਦੋਵੇ ਸ਼ਹਿਰ ਰਾਜਨੀਤਕ ਤੇ ਧਾਰਮਿਕ ਕੇਂਦਰ ਸਨ। ਜਾਣ ਦੀ ਸੰਭਾਵਨਾ ਵੀ ਬਣਦੀ ਹੈ ਪਰ ਨਾਲ ਹੀ ਸ਼ਰਤ ਹੈ ਕਿ ਗੁਰੂ ਸਾਹਿਬ ਨੇ ਕਤਕ ਪੂਰਨਮਾਸ਼ੀ (ਅਕਤੂਬਰ ਨਵੰਬਰ) ਦੇ ਮੇਲੇ ਪੁਸ਼ਕਰ ਪਹੁੰਚਣਾ ਹੁੰਦਾ ਹੈ। ਸਾਹਿਬ ਉਜੈਨ ਤੋਂ ਮਈ ਦੇ ਮਹੀਨੇ ਤੁਰੇ ਸਨ।

◘ ਗਿਆਨੀ -146

ਖਵਾਜ਼ਾ ਮੋਇਨਉਦੀਨ ਚਿਸ਼ਤੀ ਸੂਫੀ ਅਜਮੇਰ ਦਾ ਜੀਵਨ ਕਾਲ (1142-1236 ਈ.) ਇਹ ਸੂਫੀ ਦਿੱਲੀ ਬਾਦਸ਼ਾਹਾਂ ਵਿੱਚ ਬਹੁਤ ਸਤਿਕਾਰਿਆ ਜਾਂਦਾ ਸੀ। ਖਿਲਜੀ, ਸੁਲਤਾਨ ਤੇ ਮੁਗਲ ਬਾਦਸ਼ਾਹ ਸਭ ਇਸ ਦੇ ਮੁਰੀਦ ਸਨ। ਮੁਸਲਮਾਨਾਂ ਦਾ ਮੰਨਣਾ ਹੈ ਕਿ ਅਜਮੇਰ ਹੀ ਇਸਲਾਮ ਦਾ ਹਿੰਦ ਦਰਵਾਜਾ ਹੈ। ਜਦੋਂ ਮੁਹੰਮਦ ਗੌਰੀ ਨੇ ਹਿੰਦ ਫਤਹਿ ਕੀਤਾ ਸੀ ਪ੍ਰਿਥਵੀ ਰਾਜ ਚੌਹਾਨ ਦੀ ਰਾਜਧਾਨੀ ਅਜਮੇਰ ਸੀ। ਬਾਦਸ਼ਾਹ ਅਕਬਰ ਆਪਣੀ ਹਰ ਫਤਹਿ ਤੋਂ ਇਥੇ ਜਿਆਰਤ ਕਰਨ ਆਇਆ ਕਰਦਾ ਸੀ। ਇੱਕ ਵੇਰਾਂ ਤਾਂ ਉਹ ਆਗਰਾ ਤੋਂ ਪੈਦਲ ਇਥੇ ਪਹੁੰਚਾ ਸੀ।

◈ ਗਿਆਨੀ - 147 (ਗੁਰੂ ਗ੍ਰੰਥ ਸਾਹਿਬ ਵਿੱਚ ਇਹ ਦਰਜ ਨਹੀ ਹੈ) ਅਰਥ - (ਨਫਸ- ਭੈੜੀ ਨਜ਼ਰ, ਅਦਲ- ਇਨਸਾਫ, ਫ਼ਗਲ- ਬਖਸ਼ਿਸ਼ ਜਾਂ ਵੱਡਿਆਈ,



ਪੁਸ਼ਕਰ ਝੀਲ ਅਤੇ ਸ਼ਹਿਰ

ਹਿੰਦੂਆਂ ਦੇ ਮਿਥਹਾਸ ਅਨੁਸਾਰ ਸਿਰਫ ਪੁਸ਼ਕਰ ਹੀ ਅਜਿਹਾ ਅਸਥਾਨ ਹੈ ਜਿੱਥੇ ਭਗਵਾਨ ਬ੍ਰਹਮਾ ਦਾ ਮੰਦਰ ਹੈ। ਕਹਾਣੀ ਕੁਝ ਇਸ ਤਰਾਂ ਹੈ ਕਿ

ਬ੍ਰਹਮਾ ਨੂੰ ਪਤਾ ਲੱਗਾ ਕਿ ਵਜਰਨਾਭ ਨਾਂ ਦਾ ਰਾਖਸ ਬੱਚੇ ਖਾ ਜਾਂਦਾ ਹੈ ਤੇ ਲੋਕਾਂ ਦਾ ਜੀਣਾਂ ਉਸ ਹਰਾਮ ਕੀਤਾ ਹੋਇਆ ਹੈ। ਬ੍ਰਹਮਾ ਨੇ ਆਪਣੇ ਕਮਲ ਫੁੱਲ ਦੇ ਹਥਿਆਰ ਨਾਲ ਰਾਖਸ਼ ਨੂੰ ਮਾਰ ਘੱਤਿਆ। ਜਿੱਥੇ ਫੁੱਲ ਦੀਆਂ ਤਿੰਨ ਪੰਖੜੀਆ ਡਿੱਗੀਆਂ ਓਥੇ ਤਿੰਨ ਝੀਲਾਂ ਬਣ ਗਈਆਂ ਜੋ ਐਸ ਵੇਲੇ ਪੁਸ਼ਕਰ ਵਿੱਚ ਹਨ।

ਬ੍ਰਹਮਾ ਜਿੱਤ ਦੀ ਖੁਸ਼ੀ ਵਿੱਚ ਜੱਗ ਕਰ ਰਿਹਾ ਸੀ। ਜੱਗ ਮੌਕੇ ਬ੍ਰਹਮਾ ਦੀ ਇਸਤ੍ਰੀ ਸਵਿਤ੍ਰੀ ਮੌਕੇ ਤੇ ਹਾਜਰ ਨਹੀ ਸੀ। ਕਿਉਕਿ ਇਸਤ੍ਰੀ ਬਗੈਰ ਜੱਗ ਸੰਪੂਰਨ ਨਹੀ ਹੁੰਦਾ ਇਸ ਕਰਕੇ ਬ੍ਰਹਮਾ ਨੇ ਇੱਕ ਗੁੱਜਰ ਦੀ ਕੁੜੀ ਗਾਇਤ੍ਰੀ ਨੂੰ ਆਪਣੇ ਨਾਲ ਜੱਗ ਮੌਕੇ ਇਸਤ੍ਰੀ ਦੇ ਤੌਰ ਤੇ ਬੈਠਾ ਲਿਆ। ਬਾਦ ਵਿੱਚ ਸਾਵਿਤ੍ਰੀ ਵੀ ਪਹੁੰਚ ਗਈ। ਇਹ ਵੇਖ ਤਿਲਮਲਾਈ ਸਾਵਿਤ੍ਰੀ ਨੇ ਬ੍ਰਹੱਮਾ ਨੂੰ ਸਰਾਫ ਦੇ ਦਿੱਤਾ ਕਿ ਜਾ ਤੇਰਾ ਹੋਰ ਕਿਤੇ ਮੰਦਿਰ ਨਹੀ ਬਣੇਗਾ। ਤੂੰ ਰਹਿ ਗਇਆ ਬਸ ਗੁਜਰੀ ਜੋਗਾ।

ਤੇ ਬਸ ਜੀ, ਹੋਰ ਕਿਤੇ ਵੀ ਬ੍ਰਹਮਾ ਦਾ ਮੰਦਰ ਪ੍ਰਵਾਨ ਨਹੀ ਹੁੰਦਾ। ਇਕੋ ਇੱਕ ਮੰਦਰ ਹੋਣ ਕਰਕੇ ਇਸ ਦੀ ਅਹਿਮੀਅਤ ਪੂਰੇ ਭਾਰਤ ਵਿੱਚ ਹੈ। ਲਾਗੇ ਹੀ ਅਜਮੇਰ ਭਾਵ ਇਸਲਾਮ ਦਾ ਹਿੰਦ ਦਰਵਾਜਾ ਹੋਣ ਕਰਕੇ ਮੁਸਲਮਾਨ ਬਾਦਸ਼ਾਹਾਂ ਨੇ ਇਸ ਪੁਸ਼ਕਰ ਦੇ ਮੰਦਰਾਂ ਨੂੰ ਬਾਰ ਬਾਰ ਲੁੱਟਿਆ ਤੇ ਪੁੱਟਿਆ।

ਪੁਸ਼ਕਰ ਦੇ ਮੰਦਰ ਇਥੇ ਝੀਲ ਦੇ ਕਿਨਾਰੇ ਹੀ ਹਨ। ਕਤਕ ਪੂਰਨਮਾਸ਼ੀ ਨੂੰ ਵੱਡਾ ਮੇਲਾ ਲੱਗਦਾ ਹੈ ਜਦੋਂ ਲੱਖਾਂ ਲੋਕ ਪਹੁੰਚਦੇ ਹਨ। ਗੁਰੂ ਸਾਹਿਬ ਵੀ ਮੇਲੇ ਮੌਕੇ ਹੀ ਆਏ ਸਨ।

ਮੇਲੇ ਵਿੱਚ ਦੁਹਾਈ ਪੈ ਚੁੱਕੀ ਸੀ ਕਿ ਗੁਰੂ ਨਾਨਕ ਆਏ ਨੇ। ਇਥੇ ਵੀ ਗੁਰੂ ਸਾਹਿਬ ਦਾ ਬ੍ਰਾਹਮਣਾਂ ਨੇ ਬਹੁਤ ਆਦਰ ਸਤਿਕਾਰ ਕੀਤਾ। ਗੁਰੂ ਸਾਹਿਬ ਨੇ ਲੋਕਾਂ ਨੂੰ ਕਬੁੱਧ ਤੇ ਪਾਖੰਡ ਤਿਆਗ ਕੇ



ਪੁਸ਼ਕਰ -ਬ੍ਰਹਮਾ ਮੰਦਰ

ਨਿਰੰਕਾਰ ਸਰਬਵਿਆਪਕ ਪ੍ਰਭੂ ਦੇ ਲੜ ਲੱਗਣ ਦਾ ਉਪਦੇਸ਼ ਕੀਤਾ। ਇਥੇ ਰਹਿ ਕੇ ਗੁਰੂ ਸਾਹਿਬ ਨੇ ਬਹੁਤ ਸਾਰੀ ਬਾਣੀ ਰਚੀ। ਸ੍ਰਿਸਟੀ ਦੀ ਉਤਪਤੀ ਬਾਰੇ ਪੁਰਾਣਾਂ ਵਿੱਚ ਜੋ ਊਟ ਪਟਾਂਗ ਕਥਾਂਵਾਂ ਨੇ ਉਨਾਂ ਦਾ ਖੰਡਣ ਕਰਦੇ ਹੋਏ ਸਾਹਿਬ ਨੇ ਰਾਗ ਮਾਰੂ ਵਿੱਚ ਅਰਬਦ ਨਰਬਦ ਧੁੰਧੂਕਾਰਾ ॥ ਵਾਲਾ ਸਬਦ ਇਥੇ ਰਚਿਆ।

ਮਾਰੂ ਮਹਲਾ ੧ ॥ ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥ ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥ ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥ ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪॥ ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ ॥ ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥੫॥ ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥ ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੁੋਆਲਾ ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥ ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥੮॥ ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ ਨਾ ਤਦਿ ਗੋਰਖੁ ਨਾ ਮਾਛਿੰਦੋ ॥ ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ ॥੯॥ ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ ਦੇਉ ਨ ਦੇਹੁਰਾ ਗਊ ਗਾਇਤ੍ਰੀ ॥ ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥੧੦॥ ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥ ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥੧੧॥ ਭਾਉ ਨ ਭਗਤੀ ਨਾ ਸਿਵ ਸਕਤੀ ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥ ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥੧੨॥ ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ ਨਹੀ ਆਸਤ ॥ ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ॥੧੩॥ ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥ ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥ ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥ ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥

ਇਥੇ ਹੀ ਗਾਉੜੀ ਰਾਗ ਵਿੱਚ ਹੇਠਲਾ ਸ਼ਬਦ ਰਚਿਆ ਗਿਆ। ਇਥੇ ਹੀ ਗੁਰੂ ਸਾਹਿਬ ਨੂੰ ਸਿਕੰਦਰ ਲੋਧੀ ਦੇ ਮਰਨ (21 ਨਵੰਬਰ 1517) ਦੀ ਖਬਰ ਮਿਲੀ।

ਗਉੜੀ ਮਹਲਾ ੧ ॥ ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥ ਬ੍ਰਹਮ ਕਮਲੁ ਪਇਆਲਿ ਨ ਪਾਇਆ ॥ ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥੧॥ ਜੋ ਉਪਜੈ ਸੋ ਕਾਲਿ ਸੰਘਾਰਿਆ ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ ਰਹਾਉ ॥ ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ ਓਹੁ ਅਬਿਨਾਸੀ ਅਲਖ ਅਭੇਵਾ ॥੨॥ ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥ ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥ ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥੩॥ ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥ ਸਾਹ ਮਰਹਿ ਸੰਚਹਿ ਮਾਇਆ ਦਾਮ ॥ ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥੪॥ ਰਯਤਿ ਮਹਰ ਮੁਕਦਮ ਸਿਕਦਾਰੈ ॥ ਨਿਹਚਲੁ ਕੋਇ ਨ ਦਿਸੈ ਸੰਸਾਰੈ ॥ ਅਫਰਿਉ ਕਾਲੁ ਕੂੜੁ ਸਿਰਿ ਮਾਰੈ ॥੫॥ ਨਿਹਚਲੁ ਏਕੁ ਸਚਾ ਸਚੁ ਸੋਈ ॥ ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ॥ ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥੬॥ ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥ ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥੭॥ ਕਾਲੁ ਜਾਲੁ ਜਿਹਵਾ ਅਰੁ ਨੈਣੀ ॥ ਕਾਨੀ ਕਾਲੁ ਸੁਣੈ ਬਿਖੁ ਬੈਣੀ ॥ ਬਿਨੁ ਸਬਦੈ ਮੂਠੇ ਦਿਨੁ ਰੈਣੀ ॥੮॥ ਹਿਰਦੈ ਸਾਚੁ ਵਸੈ ਹਰਿ ਨਾਇ ॥ ਕਾਲੁ ਨ ਜੋਹਿ ਸਕੈ ਗੁਣ ਗਾਇ ॥ ਨਾਨਕ ਗੁਰਮੁਖਿ ਸਬਦਿ

ਸਮਾਇ ॥੯ ॥੧੪॥

ਮਾਰੂ ਰਾਗ ਦਾ ਹੇਠ ਸ਼ਸ਼ੋਭਿਤ ਸ਼ਬਦ ਵੀ ਇਥੇ ਹੀ ਰਚਿਆ ਗਿਆ।

ਮਾਰੂ ਮਹਲਾ  ੧ ॥ ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥ ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥ ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥ ਬਾਬਾ ਐਸੀ ਰਵਤ ਰਵੈ ਸੰਨਿਆਸੀ ॥ ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ ਰਹਾਉ ॥ ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ ॥ ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥ ਭਰਮਿ ਭੁਲਾਣਾ ਸਬਦੁ ਨ ਚੀਨੈ  ਜੂਐ ਬਾਜੀ ਹਾਰੀ ॥੨॥ ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥ ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥ ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥ ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥ ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥ ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥ ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥ ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥ ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥ ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥ ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥ ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥ ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥ ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥ ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥ ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥ ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥ ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥ ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥ ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥ ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ ॥ ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ ॥ ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ ॥ ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ ॥੯॥੭॥

ਸਬਦਾਵਲੀ ਤੋਂ ਸਾਫ ਜ਼ਾਹਿਰ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਇਥੋਂ ਦੇ ਮਹੌਲ ਵਿੱਚ ਬਹਿ ਕੇ ਸ਼ਬਦ ਰਚਨਾ ਕਰ ਰਹੇ ਸਨ। ਬ੍ਰਹਮਾ, ਗਾਇਤ੍ਰੀ, ਪਹਾੜ, ਸਾਗਰ, ਪਾਣੀ, ਮਛ, ਜਤੀ ਸਤੀ ਬਨਵਾਸੀ, ਤੀਰਥ ਨਾਵਣ, ਮੁੱਲਾਂ ਕਾਜੀ ਆਦਿ।

ਇਥੇ ਸਬਦਾਵਲੀ ਸਾਫ ਜ਼ਾਹਿਰ ਕਰਦੀ ਹੈ ਕਿ ਸ਼ਬਦ ਅਜਿਹੀ ਥਾਂ ਰਚਿਆ ਗਇਆ ਜਿਹੜਾ ਬ੍ਰਹਮਾ ਨਾਲ ਸਬੰਧਤ ਸੀ। ਬ੍ਰਹਮਾ ਦਾ ਜਿਕਰ ਹੈ। ਕਮਲ ਦਾ ਜਿਕਰ ਹੈ। ਅਵੱਗਿਆ ਦਾ ਜਿਕਰ ਹੈ। ਗੁਰੂ ਸਾਹਿਬ ਨੇ ਆਪਣੇ ਦਿੱਲੀ ਫੇਰੀ ਦੌਰਾਨ ਸਿਕੰਦਰ ਲੋਧੀ ਦੀ ਕੰਜੂਸੀ ਵੀ ਵੇਖੀ ਸੀ। ਪਹਿਲਾਂ ਜਿਕਰ ਆ ਚੁੱਕਾ ਹੈ ਕਿ ਸਾਹਿਬ ਬਾਦਸ਼ਾਹ ਦੇ ਵਿਹਾਰ ਤੋਂ ਖੁਸ਼ ਨਹੀ ਸਨ ਹੋਏ। ਉਹਦਾ ਇਸ਼ਾਰਾ ਵੀ ਹੈ।  ਸਿੱਧਾ ਬਾਦਸ਼ਾਹ ਦੀ ਮੌਤ ਦਾ ਇਸ਼ਾਰਾ ਹੈ, ਰਾਜੇ ਜਾਂ ਚੌਧਰੀ ਦਾ ਨਹੀ। ਫਿਰ ਅਜਮੇਰ ਵਿੱਚ ਮਜਵਰਾਂ ਦੇ ਵਿਹਾਰ ਤੋਂ ਗੁਰੂ ਜੀ ਨਰਾਜ ਹੋਏ ਸਨ। ਉਹ ਇਸ਼ਾਰਾ ਵੀ ਮਿਲਦਾ ਹੈ।

ਪੁਸ਼ਕਰ ਸਰੋਵਰ ਤੇ ਇਸ਼ਨਾਨ ਲਈ 52 ਘਾਟ ਬਣੇ ਹੋਏ ਹਨ। ਜਿੱਥੇ ਗੁਰੂ ਸਾਹਿਬ ਬਿਰਾਜੇ ਸਨ ਉਸ ਘਾਟ ਦਾ ਨਾਂ ਗੁਰੂ ਘਾਟ ਪੈ ਗਿਆ। ਜਿੱਥੇ ਗੁਰੂ ਸਾਹਿਬ ਨੇ ਡੇਰਾ ਲਾਇਆ ਸੀ ਉਥੇ ਧਰਮਸਾਲਾ ਬਣ ਗਈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦਖਣ ਵਲ ਜਾ ਰਹੇ ਸਨ ਤਾਂ ਉਹਨਾਂ ਵੀ ਇਥੇ ਚਰਨ ਪਾਏ ਸਨ। ਉਨਾਂ ਦਾ ਜਾਰੀ ਕੀਤਾ ਹੁਕਮਨਾਮਾ ਅੱਜ ਵੀ ਪੰਡਤ ਚੇਤਨ ਦਾਸ ਦੇ ਖਾਨਦਾਨ ਦੇ ਪੰਡਤਾਂ ਨੇ ਸਾਂਭ ਰੱਖਿਆ ਹੋਇਆ ਹੈ। ਹੁਕਮਨਾਮਾ



ਪੁਸ਼ਕਰ ਵਿਖੇ ਯਾਦਗਾਰੀ ਗੁਰਦੁਆਰਾ

ਭੋਜ ਪੱਤਰ ਤੇ ਲਿਖਿਆ ਹੋਇਆ ਹੈ। ਬਾਦ ਦੇ ਮਰਾਠਾ ਰਾਜਿਆਂ ਨੇ ਗੁਰੂ ਸਾਹਿਬ ਦੇ ਬਿਰਾਜਣ ਦੇ ਥਾਂ ਤੇ ਘਾਟ ਉਸਾਰ ਦਿੱਤਾ ਜਿਸ ਦਾ ਗੋਬਿੰਦ ਘਾਟ ਰੱਖਿਆ। ਅੱਜ ਦਸਮ ਪਾਤਸ਼ਾਹ ਦੀ ਯਾਦ ਵਿੱਚ ਵੀ ਗੁਰਦੁਆਰਾ ਮੌਜੂਦ ਹੈ। ਗੋਬਿੰਦ ਘਾਟ ਦਾ ਨਾਂ ਬਦਲ ਕੇ ਗਊ ਘਾਟ ਕਰ ਦਿੱਤਾ ਗਿਆ। ਅੱਜ ਕਲ ਉਸ ਦਾ ਨਾਂ ਗਾਂਧੀ ਘਾਟ ਪਾ ਦਿੱਤਾ ਗਇਆ ਹੈ।

ਪਿਛਲੀ ਸਦੀ ਤੱਕ ਸਰੋਵਰ ਵਿੱਚ ਮਗਰਮੱਛ ਬਹੁਤ ਹੋਇਆ ਕਰਦੇ ਸਨ ਜੋ ਅੰਗਰੇਜਾਂ ਨੇ ਜਾਲ ਪਾ ਪਾ ਫੜ ਕੇ ਦੂਸਰੇ ਸਰੋਵਰਾਂ ਵਿੱਚ ਜਾ ਛੱਡੇ। ਉਂਜ ਪੁਰਾਣੇ ਸਮਿਆਂ ਵਿੱਚ ਜਦੋਂ ਸਰੋਵਰ ਵਿੱਚ ਕਿਸੇ ਨੂੰ ਮਗਰਮੱਛ ਖਾ ਜਾਂਦਾ ਸੀ ਤਾਂ ਸ਼ਰਧਾਲੂ ਇਸ ਨੂੰ ਵੀ ਸ਼ੁਭ ਮੰਨਦੇ ਸਨ ਕਿ ਉਹਦੀ ਗਤੀ ਹੋ ਗਈ ਹੈ। ਅਜਿਹੀਆਂ ਹੀ ਪ੍ਰੰਪਰਾਵਾਂ ਦਾ ਮੁਸਲਮਾਨ ਲੋਕ ਮਖੌਲ ਉਡਾਉਂਦੇ ਸਨ ਤੇ ਅਜਿਹੇ ਬਹਾਨਿਆਂ ਕਰਕੇ ਬਾਦ 'ਚ ਮੰਦਰ ਢਾਉਂਦੇ ਸਨ।

-----◈-----

## ਮਾਰੂਥਲ ਗਾਹਿਆ ਬਾਬੇ ਨਾਨਕ ਨੇ◈

ਪੁਸ਼ਕਰ ਤੋਂ ਬਾਬਾ ਜੀ 60 ਕਿ.ਮੀ. ਸਫਰ ਕਰਕੇ, ਮੇਰਤਾ ਪਹੁੰਚੇ। ਮੇਰਤਾ ਦਾ ਰਾਜਾ ਰਾਓ ਦੂਦਾ ਉਨੀ ਦਿਨੀ ਬੜਾ ਮਸ਼ਹੂਰ ਹੋਇਆ ਪਿਆ ਸੀ। ਰਾਓ ਦੂਦਾ (1495- 1525ਈ.) ਪ੍ਰਸਿਧ ਭਗਤਣੀ ਮੀਰਾਂ ਬਾਈ ਦਾ ਦਾਦਾ ਹੋਇਆ ਹੈ। ਇਹ ਓਹੋ ਰਾਓ ਦੂਦਾ ਹੈ ਜਿਸ ਨੇ ਸ਼ੇਰ ਸ਼ਾਹ ਸੂਰੀ ਨੂੰ ਜੋਧਪੁਰ ਤੇ ਹਮਲਾ ਕਰਨ ਲਈ ਉਕਸਾਇਆ ਸੀ।

----◈-----

## ਮਰਦਾਨਿਆ ਮੈਂ ਨਾਮ ਰੂਪੀ ਕੈਂਠਾ ਪਾ ਲਿਆ ਹੈ◈

ਇਹੋ ਜਿਹੇ ਕਿਸੇ ਟਿਕਾਣੇ (ਭਾਵ ਰਾਜਸਥਾਨ ਦੇ ਕਿਸੇ ਸ਼ਹਿਰ ਵਿਚ) ਤੇ ਬੈਠੇ ਗੁਰੂ ਸਾਹਿਬ ਦੀ ਲਿਵ ਨਿਰੰਕਾਰ ਸਰਬਵਿਆਪਕ ਨਾਲ ਲੱਗੀ ਪਈ ਸੀ। ਮਰਦਾਨਾ ਬਾਹਰ ਅੰਦਰ ਘੁੰਮ ਫਿਰ ਰਿਹਾ ਜਦੋਂ ਆਇਆ ਤਾਂ ਗੁਰੂ ਸਾਹਿਬ ਓਸੇ ਮਸਤੀ ਵਿੱਚ ਬੈਠੇ ਨਜਰ ਆਏ ਤੇ ਮਰਦਾਨੇ ਨੇ ਜਗਾਉਣਾ ਠੀਕ ਨਾਂ ਸਮਝਿਆ ਤੇ ਕੁਝ ਬਾਦ ਫਿਰ ਘੁੰਮਣ ਫਿਰਨ ਨਿਕਲ ਗਿਆ। ਬਜਾਰ ਵਗੈਰਾ ਘੁੰਮਦਾ ਹੁੰਦਾ ਸੀ। ਗੁਰੂ ਸਾਹਿਬ ਦੀ ਥਾਂ ਥਾਂ ਸਿਫਤ ਕਰਦਾ। ਇਲਾਕੇ ਦਾ ਗਿਆਨ ਹਾਸਲ ਕਰਦਾ।

ਸ਼ਾਮੀ ਫਿਰ ਜਦੋਂ ਮਰਦਾਨਾ ਵਾਪਸ ਆਇਆ ਤਾਂ ਕੀ ਵੇਖਦਾ ਗੁਰੂ ਸਾਹਿਬ ਅਜੇ ਵੀ ਓਸੇ ਅਵਸਥਾ ਵਿੱਚ ਟਿਕੇ ਬੈਠੇ ਨੇ। ਡਲਕਾ

ਮਾਰਦੇ ਚਿਹਰੇ ਤੇ ਅਦਭੁਤ ਲਾਲੀ ਹੈ। ਹਾਰ ਕੇ ਮਰਦਾਨੇ ਨੇ ਗੁਰੂ ਸਾਹਿਬ ਦੇ ਪੈਰ ਦਬਾਉਣੇ ਸ਼ੁਰੂ ਕਰ ਦਿੱਤੇ ਤੇ ਬੇਨਤੀ ਕਰਕੇ ਕਿਹਾ ਕਿ ਬਾਬਾ ਜੀ ਕੁਝ ਖਾ ਲਓ ਲੰਗਰ ਲੈ ਕੇ ਆਇਆ ਹਾਂ। ਗੁਰੂ ਸਾਹਿਬ ਨੇ ਪ੍ਰਸ਼ਾਦਾ ਜਲ ਪਾਣੀ ਛਕਿਆ।

ਜਗਿਆਸਾ ਵਸ ਮਰਦਾਨੇ ਪੁੱਛਿਆ ਬਾਬਾ ਜੀ ਕੀ ਵਜ੍ਹਾ ਹੈ ਜਦੋਂ ਤੁਹਾਡੀ ਨਿਰੰਕਾਰ ਨਾਲ ਲਿਵ ਲੱਗੀ ਹੁੰਦੀ ਹੈ ਤੇ ਚਿਹਰੇ ਤੇ ਲਾਲੀ ਰਹਿੰਦੀ ਹੈ ਬਾਕੀ ਸਾਧੂਆਂ ਦੇ ਮੈਂ ਵੇਖਦਾ ਹਾਂ ਸਮਾਧੀ ਵੇਲੇ ਰੰਗ ਫੱਕ ਹੋਏ ਹੁੰਦੇ ਹਨ। ਇਹ ਕਿਓਂ? ਗੁਰੂ ਸਾਹਿਬ ਨੇ ਸਮਝਾਇਆ ਮਰਦਾਨਿਆ ਉਹ ਲੋਕ ਧਿਆਨ ਲਾਉਂਦੇ ਹਨ। ਮੈਂ ਨਿਰੰਕਾਰ ਦੀ ਸਿਫਤ ਸਲਾਹ ਕਰਦਾ ਰਹਿੰਨਾ ਵਾਂ। ਮੈਂ ਨਿਰੰਕਾਰ ਦਾ ਮਰਾਸੀ ਹਾਂ ਉਹਦੀ ਕਲਿਆਣ ਕਰਦਾ ਹਾਂ ਜਦੋਂ ਮੈਨੂੰ ਵੱਡਾ ਅਨੰਦ ਆਉਂਦਾ ਹੈ, ਸਵੱਰਗਾਂ ਦੇ ਝੂਟੇ ਮਿਲਦੇ ਹਨ।

ਮਰਦਾਨਿਆ ਜਦੋਂ ਮੇਰੀ ਸੁਰਤ ਦੁਨਿਆ ਵਲੋਂ ਟੁੱਟ ਕੇ ਨਿਰੰਕਾਰ ਨਾਲ ਜੁੜਦੀ ਹੈ ਤਾਂ ਇਉ ਲੱਗਦਾ ਹੈ ਜਿਵੇ ਕੋਈ ਕੈਦੀ ਜੇਲ ਵਿੱਚੋਂ ਛੁੱਟ ਕੇ ਮਹਿਸੂਸ ਕਰਦਾ ਹੈ। ਚਲ ਕੱਸ ਰਬਾਬ ਦੀਆਂ ਤਾਰਾਂ ਬਾਣੀ ਆ ਰਹੀ ਹੈ ਬਿਲਾਵਲ ਦੀ ਤਰਜ ਛੇੜ:-

ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ ॥ ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ ॥ ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ ॥ ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ ॥ ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ ॥ ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ ॥੧॥ ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ॥ ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ ॥ ਨਵ ਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ ॥ ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ ॥ ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ ॥ ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ ॥੨॥ ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥ ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥ ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ ॥ ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ ॥ ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ ॥੩॥ ਮਹਲਿ ਬੁਲਾਇੜੀਏ ਭਗਤਿ ਸਨੇਹੀ ਰਾਮ ॥ ਗੁਰਮਤਿ ਮਨਿ ਰਹਸੀ ਸੀਝਸਿ ਦੇਹੀ ਰਾਮ ॥ ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ ॥ ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ ॥ ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ ॥ ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ ॥੪॥੨॥

ਮਰਦਾਨਿਆ ਜਦੋਂ ਮੈਂ ਸਿਫਤ ਸਲਾਹ ਕਰਦਾ ਹਾਂ ਰਾਤੀ ਅੰਮ੍ਰਿਤ ਵਰਦਾ ਹੈ ਮੇਰੇ ਦਿਨ ਅਨੰਦਮਈ ਹੁੰਦੇ ਨੇ। ਬਸ ਇਹ ਢਾਡੀ ਹੱਥ ਜੋੜ ਕੇ ਉਹਦੀ ਨਦਰ ਤੇ ਭਾਣੇ 'ਚ ਚਲਣ ਦੀ ਭਿਖਿਆ ਮੰਗਦਾ ਰਹਿੰਦਾ ਹੈ।

-----◈-----

ਪੈੜ ਸਫਾ

◉ ਅਜਮੇਰ ਤੇ ਪੁਸ਼ਕਰ ਮੇਲੇ ਤੇ ਹਫਤਾ ਦਸ ਦਿਨ ਪ੍ਰਚਾਰ ਕਰਨ ਉਪਰੰਤ ਗੁਰੂ ਸਾਹਿਬ ਮਾਰੂਥਲ ਦੇ ਬਾਕੀ ਟਿਕਾਣਿਆਂ ਤੇ ਨਿਰੰਕਾਰ ਅਕਾਲ ਪੁਰਖ ਦਾ ਪ੍ਰਚਾਰ ਕਰਨ ਲਈ ਰਵਾਨਾ ਹੋਏ। ਇਹ ਖੋਜ ਦਾ ਮਜਮੂਨ ਹੈ ਕਿ ਗੁਰੂ ਸਾਹਿਬ ਦੇਵਗੜ੍ਹ ਜਾਂ ਪਾਲੀ ਨੂੰ ਵਾਪਸ ਪਰਤੇ ਕਿ ਨਹੀ।

ਜਦੋਂ ਮੰਜਿਲ ਪੋਖਰਣ ਹੋਵੇ, ਨਗੌਰ ਤੇ ਓਸੀਆਂ ਪਾਸੇ ਜਾਣਾ ਕੁਦਰਤੀ ਬਣਦਾ ਹੈ ਕਿਉਕ ਨਗੌਰ ਪੁਰਾਣਾ ਸੂਫੀ ਕੇਂਦਰ ਹੈ। ਇਹ ਓਨਾਂ ਹੀ ਪੁਰਾਣਾ ਹੈ ਜਿੰਨਾ ਅਜਮੇਰ ਕਿਉਕਿ ਅਜਮੇਰ ਵਾਲੇ ਸੂਫੀ ਮੋਇਉਦੀਨ ਚਿਸਤੀ ਪੀਰ ਦਾ ਹੀ ਇੱਕ ਚੇਲਾ ਹਮੀਦੂਦੀਨ ਇਥੇ ਨਗੌਰ ਆ ਗਇਆ ਸੀ ਜਿਸ ਦੀ ਮਸ਼ਹੂਰੀ ਸੀ ਕਿ ਉਸ ਨੇ ਕਈ ਹਿੰਦੂਆਂ ਵਾਲੇ ਤੌਰ ਤਰੀਕੇ ਅਪਣਾਅ ਲਏ ਸਨ। ਗਾਂ ਵੀ ਰੱਖ ਲਈ ਸੀ। ਮਾਸ ਵੀ ਨਹੀ ਸੀ ਖਾਂਦਾ। ਹਾਲਾਂ ਨਗੌਰ ਵਿਖੇ ਗੁਰੂ ਸਾਹਿਬ ਦੀ ਕੋਈ ਯਾਦਗਾਰ ਤਾਂ ਨਹੀ ਪਰ ਉਦਾਸੀਆਂ ਤੇ ਕੰਮ ਕਰਨ ਵਾਲੇ ਸਾਰੇ ਲਿਖਾਰੀ ਮੰਨਦੇ ਹਨ ਕਿ ਸਾਹਿਬ ਨਗੌਰ ਆਏ ਸਨ। ◈ ਸੋਢੀ- 326 ਦੇ ਅਧਾਰ ਤੇ

ਦਸੰਬਰ/ਜਨਵਰੀ 1517

## ਨਾਗੌਰ – ਵੈਸਨਵ ਸਾਧੂ ਪੁੱਛਦਾ "ਬਾਬਾ ਤੇਰੇ ਨੂਰਾਨੀ ਚਿਹਰੇ ਦਾ ਕੀ ਰਾਜ ਹੈ?'

ਮੇਰਤਾ ਤੋਂ 75 ਕਿਲੋਮੀਟਰ ਪਹਾੜ ਪਾਸੇ ਪੈਂਡਾ ਕਰਕੇ ਗੁਰੂ ਸਾਹਿਬ ਨਗੌਰ ਪਹੁੰਚੇ। ਗੁਰੂ ਸਾਹਿਬ ਤੁਰਕ ਰਾਜੇ ਤੇ ਰਾਓ ਲੂਣਕਰਨ ਨੂੰ ਮਿਲੇ । ਇਥੇ ਸੂਫੀ ਪੀਰਾਂ ਨਾਲ ਵੀ ਵਾਰਤਾਲਾਪ ਹੋਈ। ਪਰ ਜਿਆਦਾ ਸਮਾਂ ਸਾਹਿਬ ਦਾ ਵੈਸ਼ਨਵ ਤੇ ਜੈਨ ਸਾਧੂਆਂ ਨਾਲ ਬੀਤਿਆ।

ਇਥੇ ਹੀ ਇੱਕ ਵੈਸਨਵ ਸਾਧੂ ਜਿੱਦ ਕਰਨ ਲੱਗ ਪਿਆ ਕਿ ਬਾਬਾ ਦੱਸ ਤੇਰੇ ਇਸ ਨੂਰਾਨੀ ਚਿਹਰੇ ਦਾ ਕੀ ਰਾਜ ਹੈ। ਤੁਹਾਡਾ ਸੇਵਕ ਮਰਦਾਨਾ ਕਹਿੰਦਾ ਹੈ ਕਿ ਤੁਸੀ ਖਾਂਦੇ ਪੀਂਦੇ ਵੀ ਬਹੁਤ ਘੱਟ ਹੋ, ਫਿਰ ਵੀ ਇਹ ਚਿਹਰੇ ਦੀ ਲਾਲੀ? ਤੁਸੀ ਕਿਹੜੇ ਪ੍ਰਭੂ ਨੂੰ ਮੰਨਦੇ ਹੋ- ਸ਼ੰਕਰ, ਵਿਸ਼ਨੂੰ, ਰਾਮ, ਕ੍ਰਿਸ਼ਨ ਕਿਸਨੂੰ?

ਓਥੇ ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਇਸ ਦਾ ਰਾਜ ਇਹ ਹੈ ਕਿ ਮੈਂ ਅਜਿਹੇ ਪ੍ਰਭੂ ਨੂੰ ਸਿਮਰਦਾ ਹੈ ਜੋ ਅਤਿਅੰਤ ਸੁੰਦਰ ਹੈ। ਜਿਸਨੇ ਸਾਰੀ ਦੁਨੀਆਂ ਵੱਖ ਵੱਖ ਰੰਗਾਂ ਵਿੱਚ ਰੰਗੀ ਹੋਈ ਹੈ ਜਰਾ ਸਮਝੋ ਉਹਦੇ ਆਪਣੇ ਰੰਗ ਕਿੰਨੇ ਖੂਬਸੂਰਤ ਹੋਣਗੇ। ਤੁਸੀ ਕਹਿੰਦੇ ਹੋ ਇਥੇ ਨਗੌਰ ਵਿੱਚ ਹੁਣੇ ਹੁਣੇ ਰਾਜੇ ਦਾ ਬੁਰਾ ਹਾਲ ਹੋਇਆ ਹੈ ਪਰ ਮੈਂ ਤਾਂ ਆਪਣੇ ਆਪ ਨੂੰ ਉਸ ਰਾਜੇ ਦੀ ਪਰਜਾ ਗਿਣਦਾ ਹਾਂ ਜਿਸਦਾ ਰਾਜ ਅਟੱਲ ਹੈ।

ਮੈਂ ਗੁਰੂ ਦੇ ਦਿੱਤੇ ਗਿਆਨ ਕਰਕੇ ਸਰਬਵਿਆਪਕ ਪ੍ਰਭੂ ਦਾ ਅੰਮ੍ਰਿਤ ਪੀਤਾ ਹੈ। ਮੇਰੀ ਸੋਚ ਰੁਸ਼ਨਾਅ ਗਈ ਹੈ। ਆਪਣੀਆਂ ਵਾਸ਼ਨਾਵਾਂ ਨੂੰ ਗਿਆਨ ਰਾਂਹੀ ਬੰਨ ਲਿਆ ਹੈ। ਹੋ ਸਕਦੈ ਉਸ ਸਰਬਵਿਆਪਕ ਪ੍ਰਭੂ ਦੇ ਰੰਗ ਦਾ ਪਰਛਾਵਾਂ ਮੇਰੇ ਤੇ ਵੀ ਪੈਂਦਾ ਹੋਵੇ। ਪ੍ਰਭਾਤੀ ਰਾਗ ਵਿੱਚ ਸ਼ਬਦ ਆਇਆ:-

ਅੰਤਰਿ ਦੇਖਿ ਸਬਦਿ ਮਨੁ ਮਾਨਿਆ ਅਵਰੁ ਨ ਰਾਂਗਨਹਾਰਾ ॥ ਅਹਿਨਿਸਿ ਜੀਆ ਦੇਖਿ ਸਮਾਲੇ ਤਿਸ ਹੀ ਕੀ ਸਰਕਾਰਾ ॥੧॥ ਮੇਰਾ ਪ੍ਰਭੁ ਰਾਂਗਿ ਘਣੌ ਅਤਿ ਰੂੜੌ ॥ ਦੀਨ ਦਇਆਲੁ ਪ੍ਰੀਤਮ ਮਨਮੋਹਨੁ ਅਤਿ ਰਸ ਲਾਲ ਸਗੂੜੌ ॥੧॥ ਰਹਾਉ ॥ ਊਪਰਿ ਕੂਪੁ ਗਗਨ ਪਨਿਹਾਰੀ ਅੰਮ੍ਰਿਤੁ ਪੀਵਣਹਾਰਾ ॥ ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ ਵੀਚਾਰਾ ॥੨॥ ਪਸਰੀ ਕਿਰਣਿ ਰਸਿ ਕਮਲ ਬਿਗਾਸੇ ਸਸਿ ਘਰਿ ਸੂਰੁ ਸਮਾਇਆ ॥ ਕਾਲੁ ਬਿਧੁੰਸਿ ਮਨਸਾ ਮਨਿ ਮਾਰੀ ਗੁਰ ਪ੍ਰਸਾਦਿ ਪ੍ਰਭੁ ਪਾਇਆ ॥੩॥ ਅਤਿ ਰਸਿ ਰੰਗਿ ਚਲੂਲੈ ਰਾਤੀ ਦੂਜਾ ਰੰਗੁ ਨ ਕੋਈ ॥ ਨਾਨਕ ਰਸਨਿ ਰਸਾਏ ਰਾਤੇ ਰਵਿ ਰਹਿਆ ਪ੍ਰਭੁ ਸੋਈ ॥

-----◈-----

## ਨਾਮ ਫੁਲਵਾੜੀ ਪੂਰੇ ਹਿੰਦੁਸਤਾਨ ਵਿੱਚ ਲਹਿ ਲਹਾ ਉੱਠੀ

ਹਾਲਾਂ ਗੁਰੂ ਸਾਹਿਬ ਦੇ ਬੀਜੇ ਨਾਮ ਦਾ ਬੂਟਾ ਹੁਣ ਪੂਰੇ ਹਿੰਦੁਸਤਾਨ ਵਿੱਚ ਫਲ ਫੁੱਲ ਰਿਹਾ ਹੈ ਪਰ ਲੱਗਦੈ ਓਦੋਂ ਤੁਰੰਤ ਹੀ ਗੁਰੂ ਸਾਹਿਬ ਦੀਆਂ ਸਿਖਿਆਵਾਂ ਦਾ ਅਸਰ ਚੁਫੇਰੇ ਹੋ ਗਇਆ ਸੀ। ਮਿਸਾਲ ਦੇ ਤੌਰ ਤੇ ਉਨਾਂ ਦਿਨਾਂ ਵਿੱਚ ਹੀ ਇਥੋਂ ਦੀ ਇੱਕ ਸੰਤਣੀ ਕਵਿਤਰੀ ਹੋਈ ਹੈ: ਰਾਣਾਬਾਈ (1504-1570 ਈ.) ਉਸ ਦੇ ਪਦੇ ਅੱਜ ਤੱਕ ਗਾਏ ਜਾਂਦੇ ਹਨ। ਉਨਾਂ ਤੋਂ ਵੀ ਗੁਰੂ ਸਾਹਿਬ ਦੀ ਛਾਪ ਮਿਲਦੀ ਹੈ। ਮਿਸਾਲ ਦੇ ਤੌਰ ਤੇ:

ਮ੍ਹਾਰੋ ਮ੍ਹਾਰੋ ਕਰਤਾਈ ਜਾਵੈ॥
ਮਿਨਖ ਜਮਾਰੋ ਓ ਹੇ ਅਮੋਲਕ, ਕੌਡੀ ਮੋਲ ਫਿਕਾਵੈ॥
ਗਰਭ ਵਾਸ ਮੇਂ ਕੌਲ ਕਿਓ ਤੂੰ, ਜਿਣੇ ਕਿਓ ਬਿਸਰਾਵੈ॥

ਪਾਲਣਹਾਰ ਕਰਤਾਰ ਵਿਸੰਭਰ, ਤ੍ਰਿਲੋਕੀ ਜਸ ਛਾਵੈ॥
ਜਿਣੇ ਥਾ ਛਿਟਕਾਏ ਦਿਉ ਜਦ, ਕੁਣ ਥਾਨੇ ਅਪਨਾਵੈ॥

ਇਸ ਦੇ ਪੱਦਿਆਂ ਵਿੱਚ ਪੁਸ਼ਕਰ ਦਾ ਵੀ ਜਿਕਰ ਆਉਂਦਾ ਹੈ ਕਿ ਮੇਰਾ ਸਤਿਗੁਰ ਪੁਸ਼ਕਰ ਬੈਠਾ ਹੈ।

ਜਹਾਂ ਤੀਰਥਨ ਕੋ ਗੁਰੁ ਪੁਸ਼ਕਰ, ਸਤਿਗੁਰੁ ਧੂਨ ਰਮਾਵੈ॥
ਡੇਰਾ ਕੀ ਧਣਯਾਪ ਕਰਤਾ, ਛੜ੍ਹੀ ਮਦ ਚਕਰਾਵੈ॥
ਕਥਾ ਕੀਰਤਨ ਭੰਗ ਪੜਤਾ, ਕਾਂਬਲ ਆਗ ਬੰਧਾਵੈ॥
ਗਠੜੀ ਬੰਧੀ ਦੇਖਕਰ ਜੋਇਆ, ਅਬ ਤੋਂ ਸਕਲਾਂ ਨਾਵੈ॥

ਇਹ ਬੀਬੀ ਪੁਸ਼ਕਰ ਦੇ ਕਿਸੇ ਚਤੁਰ ਦਾਸ (ਖੋਜੀ ਜੀ) ਦੀ ਚੇਲੀ ਸੀ। ਲੱਗਦੈ ਚਤੁਰ ਦਾਸ ਦਾ ਗੁਰੂ ਸਾਹਿਬ ਨਾਲ ਮੇਲ ਪੁਸ਼ਕਰ ਵਿਖੇ ਹੀ ਹੋਇਆ ਸੀ ਤੇ ਗੁਰੂ ਸਾਹਿਬ ਆਪਣੀ ਛਾਪ ਖੋਜੀ ਤੇ ਛੱਡ ਆਏ ਸਨ।

-----◈-----

## 'ਚਤੁਰਾਈ ਨਹ ਚੀਨਿਆ ਜਾਇ'

ਨਾਗੌਰ ਇਲਾਕੇ ਦੀ ਹੀ ਗੱਲ ਹੈ। ਸਾਧੂ ਸੰਨਿਆਸੀ ਗੁਰੂ ਸਾਹਿਬ ਦੁਆਲੇ ਬੈਠੇ ਨਿਰੰਕਾਰ ਤੇ ਵੀਚਾਰਾਂ ਕਰ ਰਹੇ ਸਨ ਕਿ ਇੱਕ ਸਾਧੂ ਵੇਦਾਂ ਸ਼ਾਸਤਰਾਂ ਦਾ ਸਹਾਰਾ ਲੈ ਲੈ ਬਹਿਸਬਾਜੀ ਵਿੱਚ ਆ ਕੇ ਗੁਰੂ ਸਾਹਿਬ ਨੂੰ ਉਲਟੀ ਸਿੱਧੀਆਂ ਅੜਾਉਣੀਆਂ ਪਾਵੇ। ਸਾਹਿਬ ਤਾਂ ਨਿਮ੍ਰਤਾ ਦੇ ਸਮੁੰਦਰ ਸਨ। ਬੜੀ ਹਲੀਮੀ ਨਾਲ ਜਵਾਬ ਦਈ ਜਾਣ। ਓਸ ਸੰਨਿਆਸੀ ਦੇ ਵਿਹਾਰ ਤੇ ਫਿਰ ਦੂਸਰੇ ਸਾਧੂਆਂ ਨੂੰ ਗੁੱਸਾ ਆ ਗਿਆ।

ਇਕ ਸਾਧੂ ਨੇ ਗੁਰੂ ਸਾਹਿਬ ਨੂੰ ਭਰੀ ਸੰਗਤ ਵਿੱਚ ਸਵਾਲ ਕਰ ਦਿੱਤਾ ਕਿ ਬਾਬਾ ਜੀ ਕੀ ਚਲਾਕ ਆਦਮੀ ਵੀ ਰੁਹਾਨੀਅਤ ਦੀ ਮੰਜਿਲ ਹਾਸਲ ਕਰ ਸਕਦਾ ਹੈ? ਇਥੇ ਗੁਰੂ ਸਾਹਿਬ ਨੇ ਫਿਰ ਸ਼ਬਦ ਰਚਿਆ ਜੋ ਮਾਰੂ ਦੀ ਵਾਰ ਦਾ ਹਿੱਸਾ ਹੈ। ਸਾਹਿਬ ਨੇ ਫਰਮਾਇਆ:-

**ਭੋਲਤਣਿ ਭੈ ਮਨਿ ਵਸੈ ਹੇਕੈ ਪਾਧਰ ਹੀਡੁ ॥ ਅਤਿ ਡਾਹਪਣਿ ਦੁਖੁ ਘਣੋ ਤੀਨੇ ਥਾਵ ਭਰੀਡੁ ॥੧॥**

ਕਿ ਭੋਲੇ ਭਾਲੇ ਹਿਰਦੇ ਵਿੱਚ ਹੀ ਹਰੀ ਦਾ ਡਰ ਵਸ ਸਕਦਾ ਹੈ। ਈਰਖਾ ਵਾਲਾ ਰਾਹ ਦੁੱਖਾਂ ਦੇ ਸਮੁੰਦਰ ਨੂੰ ਜਾਂਦਾ ਹੈ। ਸਾਹਿਬ ਨੇ ਅੱਗੇ ਕਿਹਾ:

**ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ ॥ ਨਾਨਕ ਨਾਮੁ ਸਮਾਲਿ ਤੂ ਬੀਜਉ ਅਵਰੁ ਨ ਕੋਇ ॥**

ਗੁਰੂ ਸਾਹਿਬ ਨੇ ਵੇਦਾਂ ਦੇ ਆਪਾ ਵਿਰੋਧੀ ਕਥਨਾਂ ਦੀ ਮਿਸਾਲ ਦੇ ਕੇ ਕਿਹਾ ਕਿ ਭਾਈ ਇਹ ਵੇਦਾਂ ਵਾਲੀ ਪਗਡੰਗੀ ਤੁਹਾਨੂੰ ਵਾਦ ਵਿਵਾਦ ਵਿੱਚ ਪਾ ਦੇਵੇਗੀ। ਚਤੁਰਾਈ ਛੱਡ ਕੇ ਨਾਮ ਦਾ ਆਸਰਾ ਲੈ ਲਓ। ਉਸ ਬਗੈਰ ਹੋਰ ਕੋਈ ਰਾਂਹ ਨਿਰੰਕਾਰ ਵਲ ਨਹੀ ਜਾਂਦਾ। ਆਖਿਰ ਉਹ ਬਹਿਸਣ ਵਾਲਾ ਸਾਧੂ ਵੀ ਗੁਰੂ ਦੀ ਸ਼ਰਨੀ ਲੱਗਾ ਤੇ ਨਾਮ ਦਾ ਰਾਹ ਅਖਤਿਆਰ ਕਰਕੇ ਤਰ ਗਿਆ। ਗੁਰੂ ਸਾਹਿਬ ਦਾ ਨਾਹਰਾ ਹੀ ਸਰਬਤ ਦਾ ਭਲਾ ਹੁੰਦਾ ਸੀ।

-----◈-----

ਜਨਵਰੀ 1517

## ਓਸੀਆਂ ਦਾ ਜਿਮੀਂਦਾਰ ਕਹਿੰਦਾ, "ਬਾਬਾ ਜੀ ਤੁਮ ਕੈਸੇ ਉਸ ਖਤਰਨਾਕ ਰਸਤੇ ਸੇ ਬਚ ਕਰ ਆ ਗਏ?"⊙

ਨਾਗੌਰ ਤੋਂ ਬਾਬਾ ਜੀ ਓਸੀਆਂ ਨੂੰ ਰਵਾਨਾ ਹੋ ਗਏ। ਓਸੀਆਂ ਨਾਗੌਰ ਤੋਂ ਕੋਈ 110 ਕਿਲੋਮੀਟਰ ਦੱਖਣ-ਪੱਛਮ ਵਿੱਚ ਹੈ। ਓਸੀਆਂ ਬਹੁਤ ਹੀ ਪ੍ਰਸਿੱਧ ਹਿੰਦੂ ਤੇ ਜੈਨ ਤੀਰਥ ਸੀ। (ਜੈਨ ਲੋਕਾਂ ਵਿੱਚ ਕੁਝ ਜੋ ਆਪਣੇ ਆਪ ਨੂੰ ਓਸਵਾਲ ਕਹਿੰਦੇ ਹਨ ਉਹਨਾਂ ਦਾ ਮੂਲ ਸਥਾਨ ਓਸੀਆਂ ਹੀ ਹੈ ਜਿਵੇ ਪਾਲੀ ਵਾਲੇ ਆਪਣੇ ਆਪ ਨੂੰ ਪਾਲੀਵਾਲ ਕਹਾਉਂਦੇ ਹਨ) ਇਥੋਂ ਦੇ ਮੰਦਰ ਵੀ ਬਹੁਤ ਅਮੀਰ ਸਨ ਜਿੰਨਾਂ ਨੂੰ ਮੁਹੰਮਦ ਗੌਰੀ ਨੇ 1195 'ਚ ਲੁਟਿਆ ਸੀ। ਕਹਿੰਦੇ ਹਨ ਕਿ ਹਮਲਾਵਰ ਦੇ ਆਉਣ ਤੋਂ ਪਹਿਲਾਂ ਹੀ ਇਥੋਂ ਦੇ ਧਨਾਢ ਲੋਕ ਨੱਸ ਗਏ ਸਨ ਜਿਸ ਕਰਕੇ ਗੁੱਸੇ ਵਿੱਚ ਆਏ ਗੌਰੀ ਨੇ ਸ਼ਹਿਰ ਤਹਿਸ ਨਹਿਸ ਕਰ ਦਿੱਤਾ ਸੀ। ਮੰਦਰ ਢਾਹ ਦਿੱਤੇ ਸਨ। ਕਿਹਾ ਜਾਂਦਾ ਕਿ ਉਸ ਤੋਂ ਬਾਦ ਸ਼ਹਿਰ ਕਦੀ ਵੀ ਆਪਣਾ ਪੁਰਾਣਾ ਜੋਬਨ ਹਾਸਲ ਨਾਂ ਕਰ ਸਕਿਆ।

ਓਸੀਆਂ ਆਉਣ ਦੀ ਗੁਰੂ ਸਾਹਿਬ ਦੀ ਖਬਰ ਚੁਫੇਰੇ ਫੈਲ ਗਈ। ਜਦੋਂ ਪਤਾ ਲੱਗਾ ਕਿ ਗੁਰੂ ਸਾਹਿਬ ਨਾਗੌਰ ਤੋਂ ਸਿੱਧੇ ਓਸੀਆਂ ਪਹੁੰਚੇ ਹਨ ਤਾਂ ਹਰ ਕੋਈ ਹੈਰਾਨ ਸੀ। ਕਿਉਕਿ ਰਾਹ ਵਿੱਚ ਹਾਲਾਤ ਠੀਕ ਨਹੀ ਸਨ। ਲੋਕੀ ਅਕਸਰ ਵਲ ਪਾ ਕੇ ਕਿਸੇ ਦੂਸਰੇ ਰਸਤੇ ਆਉਂਦੇ ਸਨ। ਠੱਗ ਤੇ ਲੁਟੇਰੇ ਆਮ ਹੋ ਚੁੱਕੇ ਸਨ ਤੇ ਰਾਜਿਆਂ ਦੇ ਕੰਟਰੋਲ ਤੋਂ ਬਾਹਰ ਸਨ। ਕਈ ਸਾਧੂ ਸੰਤ ਵੀ ਠੱਗਾਂ ਨੇ ਮਾਰ ਦਿੱਤੇ ਸਨ। ਫਿਰ ਰਸਤਾ ਵੀ ਬਹੁਤ ਕਠਨ ਸੀ ਥਾਂਈ ਥਾਂਈ ਰੇਤ ਦੇ ਟਿੱਲੇ ਸਨ। ਰਸਤੇ ਵਿੱਚ ਪਾਣੀ ਦੇ ਸਾਧਨ ਵੀ ਨਹੀ ਸਨ। ਘੋਰ ਮਾਰੂਥਲ ਇਲਾਕਾ।

ਇਲਾਕੇ ਦੇ ਪਤਵੰਤੇ ਲੋਕ ਇਕੱਠੇ ਹੋ ਗੁਰੂ ਸਾਹਿਬ ਨੂੰ ਸੁਣ ਰਹੇ ਸਨ। ਓਸੀਆਂ ਦੇ ਜਗੀਰਦਾਰ ਨੇ ਗੁਰੂ ਸਾਹਿਬ ਨੂੰ ਫਿਰ ਬੇਨਤੀ ਕੀਤੀ ਕਿ ਬਾਬਾ ਜੀ ਸਾਨੂੰ ਵੀ ਦੱਸੋ ਐਨੇ ਬਿਖਮ ਮਾਰਗ ਰਾਂਹੀ ਤੁਸੀ ਕਿਵੇ ਪਹੁੰਚ ਗਏ। ਗੁਰੂ ਸਾਹਿਬ ਨੇ ਜਵਾਬ ਵਿੱਚ ਕਿਹਾ ਕਿ ਜਿਸ ਤੋਂ ਲੋਕ ਡਰਦੇ ਹਨ ਉਹ ਹੀ ਸਾਡਾ ਸਾਧਨ ਹੈ। ਬਹੁਤੀ ਵਾਰੀ ਤਾਂ ਜਦੋਂ ਦੁਸ਼ਮਣ ਤੋਂ ਤੁਸੀ ਡਰਦੇ ਨਹੀ ਅਗਲਾ ਡਰ ਜਾਂਦਾ ਹੈ। ਸੋ ਗੁਰਮਤ ਕਰਕੇ ਸਾਡਾ ਮੌਤ ਦਾ ਡਰ ਲਹਿ ਚੁੱਕਾ ਹੈ ਜਦੋਂ ਕਿ ਦੁਨੀਆ ਮੌਤ ਤੋਂ ਡਰਦੀ ਹੈ। ਮਰਦਾਨੇ ਨੂੰ ਸੁਚੇਤ ਕਰਕੇ

ਚੇਤ ਸਫਾ ● ਪਾਧਰ- ਰਾਹ, ਹੀਡ- ਜਾਣਾ, ਡਾਹਪਣਿ- ਸਾੜਾ ਜਾਂ ਈਰਖਾ, ਭਰੀਡੁ- ਪ੍ਰੇਸ਼ਾਨੀ ਜਾਂ ਦੁਖ, ਮਾਂਦਲ - ਢੋਲ ⊙ ਸੋਢੀ ਮਿਹਰਬਾਨ - 339 ਦੇ ਅਧਾਰ ਤੇ

ਕੀ ਸਬੂਤ ਹੈ ਕਿ ਇਹ ਸਾਖੀ ਓਸੀਆਂ ਵਾਪਰੀ?

ਉਦਾਸੀਆਂ ਤੇ ਕੰਮ ਕਰਨ ਵਾਲੇ ਲੱਗ ਪਗ ਸਾਰੇ ਵਿਦਵਾਨਾਂ ਨੇ ਗੁਰੂ ਸਾਹਿਬ ਦਾ ਨਾਗੌਰ ਜਾਣਾ ਲਿਖਿਆ ਹੈ। ਨਾਗੌਰ ਤੋਂ ਗੁਰੂ ਸਾਹਿਬ ਦੀ ਅਗਲੀ ਮੰਜਿਲ ਜਾਂ ਤਾਂ ਪੋਖਰਣ ਬਣਦੀ ਹੈ ਜਾਂ ਜੋਧਪੁਰ। ਸਾਹਿਬ ਕਿਸੇ ਪਾਸੇ ਵੀ ਜਾਣ ਓਸੀਆਂ ਲੱਗ ਪਗ ਰਸਤੇ ਵਿੱਚ ਪੈਂਦਾ ਹੈ। ਫਿਰ ਓਸੀਆਂ ਤਾਂ ਬਹੁਤ ਹੀ ਪ੍ਰਸਿਧ ਧਾਰਮਿਕ ਤੇ ਰਾਜਨੀਤਕ ਸਥਾਨ ਰਿਹਾ ਹੈ। ਬਰਬਾਦੀ ਤੇ ਲੁਟ ਖੋਹ ਇਥੇ ਹੀ ਹੋਈ ਸੀ ਤਾਂ ਇਹੋ ਇੱਕ ਕਿਸਮ ਦਾ ਭੂਤ ਸ਼ਹਿਰ (ਗ੍ਹੋਸਟ ਸਿਟੀ) ਬਣ ਚੁੱਕਾ ਸੀ। ਸੋ ਜਦੋਂ ਲੁੱਟ ਖੋਹ ਦੀ ਗੱਲ ਹੋਏ, ਸ਼ਹਿਰ ਵਿੱਚ ਘੋਰ ਮਾਰੂਥਲ ਵਿੱਚ ਹੋਏ ਤੇ ਨਾਲੇ ਥਾਂ ਵੀ ਹੋਏ ਇਤਹਾਸਿਕ ਤਾਂ ਫਿਰ ਚੋਣ ਓਸੀਆਂ ਤੋਂ ਬਿਹਤ੍ਰ ਹੋਰ ਕੋਈ ਨਹੀ ਹੋ ਸਕਦੀ। ਹਾਲਾਂ ਰਾਜਨੀਤਕ ਮਹੱਤਤਾ ਤਾਂ ਘੱਟ ਚੁੱਕੀ ਸੀ ਪਰ ਇਤਹਾਸਿਕ ਮੰਦਰਾਂ ਕਰਕੇ ਸਾਧੂਆਂ ਦਾ ਇਕੱਠ ਤਾਂ ਰਹਿੰਦਾ ਹੀ ਸੀ।

ਨਾਲੇ ਅਗਲੀ ਹੀ ਸਾਖੀ ਸਾਧੂਆਂ ਨਾਲ ਹੁੰਦੀ ਹੈ। ਸਾਧੂਆਂ ਨਾਲ ਮੇਲ ਤਾਂ ਕਿਸੇ ਧਾਰਮਿਕ ਤੇ ਹੀ ਹੋ ਸਕਦਾ ਹੈ। ਤੇ ਉਹ ਅਸਥਾਨ ਇਸ ਪਾਸੇ ਓਸੀਆਂ ਸੀ।

ਗੁਰੂ ਸਾਹਿਬ ਨੇ ਫਿਰ ਸ਼ਬਦ ਬੋਲਿਆ ਜਿਹੜਾ ਬਰਮਾ ਵਿੱਚ ਰਚਿਆ ਸੀ (ਵੇਖੋ ਸਫਾ 168) :-

ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ .....

ਸਾਹਿਬ ਨੇ ਅੱਤ ਦੀ ਨਿਮਰਤਾ ਵਿੱਚ ਆ ਕੇ ਕਿਹਾ ਕਿ ਸ਼ਬਦ ਰੁਪੀ ਅੰਮ੍ਰਿਤ ਅਜਿਹੀ ਸ਼ੈਅ ਹੈ ਜਿਸ ਕਰਕੇ ਸਭ ਡਰ ਭੈਅ ਮੁੱਕ ਜਾਂਦੇ ਹਨ। ਡਰ ਸਾਡੀ ਅਗਿਆਨਤਾ ਕਰਕੇ ਹੁੰਦਾ ਹੈ। ਮੌਤ ਨੂੰ ਸਵੀਕਾਰ ਕਰਕੇ ਜੀਵਨ ਜੀਣਾ ਅਨੰਦ ਹੈ। ਨਾਮ ਦੀ ਅਣਹੋਂਦ ਕਰਕੇ ਡਰ ਤੇ ਦੁੱਖ ਹਨ। ਗੁਰੂ ਸਾਹਿਬ ਨੇ ਪ੍ਰਚਲਤ ਧਾਰਮਿਕ ਰੀਤਾਂ ਨੂੰ ਫਜ਼ੂਲ ਦੱਸ ਕੇ ਲੋਕਾਂ ਨੂੰ ਨਾਮ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ।

-----◈-----

## ਸਾਧੂਆਂ ਪੁੱਛਿਆ "ਗੁਰੂ ਜੀ ਕਿਹੜੀ ਸੇਵਾ ਸਭ ਤੋਂ ਉਤਮ ਹੈ ਜਿਸ ਤੇ ਰੱਬ ਰੀਝਦਾ ਹੈ?" ⊙

ਓਸੀਆਂ (ਜਿਲਾ ਜੋਧਪੁਰ) ਦੀ ਹੀ ਗੱਲ ਹੈ। ਗੁਰੂ ਸਾਹਿਬ ਦੇ ਦੁਆਲੇ ਸਾਧੂ ਮਹਾਤਮਾ ਸੰਨਿਆਸੀ ਇਕੱਠੇ ਹੋਏ ਪਏ ਸਨ। ਹਰ ਪਾਸੇ ਚਰਚਾ ਗੁਰੂ ਸਾਹਿਬ ਦੀ ਸੀ ਕਿ ਨਵਾਬ ਦੀ ਵੱਡੀ ਨੌਕਰੀ ਛੱਡ ਕੇ ਗੁਰੂ ਨਾਨਕ ਨੇ ਸੰਨਿਆਸ ਲਿਆ ਹੈ। ਗੁਰੂ ਸਾਹਿਬ ਸੰਨਿਆਸੀ, ਜੋਗੀ ਤੇ ਜੈਨੀ ਲੋਕਾਂ ਨੂੰ ਨਾਮ ਦਾ ਸਿਧਾਂਤ ਸਮਝਾ ਚੁੱਕੇ ਸਨ। ਓਥੇ ਫਿਰ ਕਿਸੇ ਸਾਧੂ ਨੇ ਗੁਰੂ ਸਾਹਿਬ ਨੂੰ ਸੰਬੋਧਨ ਹੋ ਕੇ ਰੱਜ ਕੇ ਤਾਰੀਫ ਕਰਕੇ ਨਿਮ੍ਰਤਾ ਸਾਹਿਤ ਸਵਾਲ ਕੀਤਾ ਕਿ ਗੁਰੂ ਸਾਹਿਬ ਤੁਸੀ ਸੇਵਾ ਦੇ ਸਿਧਾਂਤ ਤੇ ਵੀ ਜੋਰ ਦੇ ਰਹੇ ਹੋ। ਜਿੰਦਗੀ ਵਿੱਚ ਕਿਹੜੀ ਸੇਵਾ ਸਭ ਤੋਂ ਉਤਮ ਹੈ ਜਿਸ ਤੇ ਭਗਵਾਨ ਖੁਸ਼ ਹੋਵੇ ਤੇ ਸਾਨੂੰ ਆਪਣੇ ਗਲ ਲਾਵੇ?

ਇਸ ਤੇ ਗੁਰੂ ਸਾਹਿਬ ਨੇ ਸ਼ਬਦ ਆਖਿਆ:-

ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ ॥ ਵਡੈ ਭਾਗਿ ਸਤਿਗੁਰੁ ਮਿਲੈ ਪਾਈਐ ਪਦੁ ਨਿਰਬਾਣੀ ॥੧॥ ਮੈ ਓਲ੍ਗੀਆ ਓਲ੍ਗੀ ਹਮ ਛੋਰੂ ਥਾਰੇ ॥ ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ ॥੧॥ ਰਹਾਉ ॥ ਦਰਸਨ ਕੀ ਪਿਆਸਾ ਘਣੀ ਭਾਣੈ ਮਨਿ ਭਾਈਐ ॥ ਮੇਰੇ ਠਾਕੁਰ ਹਾਥਿ ਵਡਿਆਈਆ ਭਾਣੈ ਪਤਿ ਪਾਈਐ ॥੨॥ ਸਾਚਉ ਦੂਰਿ ਨ ਜਾਣੀਐ ਅੰਤਰਿ ਹੈ ਸੋਈ ॥ ਜਹ ਦੇਖਾ ਤਹ ਰਵਿ ਰਹੇ ਕਿਨਿ ਕੀਮਤਿ ਹੋਈ ॥੩॥ ਆਪਿ ਕਰੇ ਆਪੇ ਹਰੇ ਵੇਖੈ ਵਡਿਆਈ ॥ ਗੁਰਮੁਖਿ ਹੋਇ ਨਿਹਾਲੀਐ ਇਉ ਕੀਮਤਿ ਪਾਈ ॥੪॥ ਜੀਵਦਿਆ ਲਾਹਾ ਮਿਲੈ ਗੁਰ ਕਾਰ ਕਮਾਵੈ ॥ ਪੂਰਬਿ ਹੋਵੈ ਲਿਖਿਆ ਤਾ ਸਤਿਗੁਰੁ ਪਾਵੈ ॥੫॥ ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ ॥ ਮਨਮੁਖੁ ਅੰਧੁ ਨ ਚੇਤਈ ਕਿਉ ਦਰਸਨੁ ਪਾਏ ॥੬॥ ਤਾ ਜਗਿ ਆਇਆ ਜਾਣੀਐ ਸਾਚੈ ਲਿਵ ਲਾਏ ॥ ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਏ ॥੭॥ ਅਹਿਨਿਸਿ ਰਹੈ ਨਿਰਾਲਮੋ ਕਾਰ ਧੁਰ ਕੀ ਕਰਣੀ॥ ਨਾਨਕ ਨਾਮਿ ਸੰਤੋਖੀਆ ਰਾਤੇ ਹਰਿ ਚਰਣੀ॥

ਭਾਵ ਸਾਧੂ ਨੇ ਜੋ ਗੁਰੂ ਸਾਹਿਬ ਦੀ ਸਿਫਤ ਵਿੱਚ ਲਫਜ ਕਹੇ ਸਨ ਉਨਾਂ ਨੂੰ ਪ੍ਰਵਾਨ ਨਹੀ ਕੀਤਾ ਤੇ ਕਿਹਾ ਕਿ ਭਾਈ ਜੇ ਕੋਈ ਚੀਜ ਜਾਂ ਬੰਦਾ ਸੋਹਣਾ ਹੈ ਤਾਂ ਉਹ ਨਿਰੰਕਾਰ ਖੁੱਦ ਹੈ। ਇਹ ਤਾਂ ਸਭ ਓਸੇ ਦੀ ਰਚਨਾ ਹੈ। ਖੂਬਸੂਰਤੀ ਜੇ ਕਿਤੇ ਹੈ ਤਾਂ ਉਹਦੀ ਸਿਫਤ ਦੀ ਹੀ ਹੈ। ਭਾਈ ਅਸੀ ਤਾਂ ਓਲਗੀ ਆਂ ਸੇਵਾਦਾਰ ਹਾਂ। ਅਸੀ ਤਾਂ ਛੋਕਰੇ ਜਿਹੇ ਤੁਹਾਡੇ ਨੌਕਰ ਹਾਂ।

ਬਾਕੀ ਕਿਹੜੀ ਸੇਵਾ ਸਭ ਤੋਂ ਉਤਮ ਹੈ ਇਸ ਮਸਲੇ ਤੇ ਮੈਂ ਤਾਂ ਕਹਾਂਗਾ ਕਿ ਨਿਰੰਕਾਰ ਦੇ ਦਰ ਤੇ ਓਹੀ ਸੋਭਾ ਪਾਉਂਦਾ ਜਾਂ ਸਤਿਕਾਰਿਆ ਜਾਂਦਾ ਹੈ ਜਿਸ ਤੇ ਰੱਬ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ। ਸਭ ਤੋਂ ਵੱਡੀ ਸੇਵਾ ਜਿਸ ਤੇ ਰੱਬ ਰੀਝਦਾ ਹੈ ਉਹ ਹੈ ਉਹਦੇ ਭਾਣੇ ਵਿੱਚ ਰਹਿਣਾ, ਉਹਦੀ ਰਜਾ ਨੂੰ ਸਿਰ ਮੱਥੇ ਮੰਨਣਾ। ਜੋ ਰੁਜਗਾਰ ਵੀ ਉਹ ਸਹਿਜ ਸੁਭਾਅ ਬਖਸ਼ਦਾ ਹੈ ਉਸ ਵਿੱਚ ਖੁਸ਼ ਰਹਿਣਾ।

-----◈-----

## ਬਾਬਾ ਜੀ ਕਿਥੇ ਹੈ ਹਰੀ ਦਾ ਵਾਸਾ?- ਸਾਧੂਆਂ ਪੁੱਛਿਆ

ਓਸੀਆਂ ਦੀ ਸਭਾ ਦੀ ਹੀ ਗਲ ਚਲ ਰਹੀ ਹੈ। ਸਾਧੂਆਂ ਜਦੋਂ ਪੁੱਛਿਆ ਕਿ ਰਾਮ ਦਾ ਅਸਲੀ ਨਿਵਾਸ ਕਿੱਥੇ ਹੈ? ਗੁਰੂ ਸਾਹਿਬ ਨੇ ਸ਼ਬਦ ਰਚਿਆ◈ :-

ਅਲਗਉ ਜੋਇ ਮਧੂਕੜਉ ਸਾਰੰਗਪਾਣਿ ਸਬਾਇ ॥ ਹੀਰੈ ਹੀਰਾ ਬੇਧਿਆ ਨਾਨਕ ਕੰਠਿ ਸੁਭਾਇ ॥੨॥ ਪਉੜੀ ॥ ਮਨਮੁਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ ॥ ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੇ ॥ ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ ਲਾਗੇ ॥ ਤਿਨ ਜਮ ਡੰਡੁ ਨ ਲਗਈ ਜੋ ਹਰਿ ਲਿਵ ਜਾਗੇ ॥ ਸਭ ਤੇਰੀ ਤੁਧੁ ਛਡਾਵਣੀ ਸਭ ਤੁਧੈ ਲਾਗੇ ॥੧੨॥ ਸਲੋਕੁ ਮਃ ੧ ॥ ਸਰਬੇ ਜੋਇ ਅਗਛਮੀ ਦੂਖੁ ਘਨੇਰੋ ਆਥਿ ॥ ਕਾਲਰੁ ਲਾਦਸਿ ਸਰੁ ਲਾਘਣਉ ਲਾਭੁ ਨ ਪੂੰਜੀ ਸਾਥਿ ॥੧॥ ਮਃ ੧ ॥ ਪੂੰਜੀ ਸਾਚਉ ਨਾਮੁ ਤੂ ਅਖੁਟਉ ਦਰਬੁ ਅਪਾਰੁ ॥ ਨਾਨਕ ਵਖਰੁ ਨਿਰਮਲਉ ਧੰਨੁ ਸਾਹੁ ਵਾਪਾਰੁ ॥੨॥ ਮਃ ੧ ॥ ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ ॥ ਮਾਥੈ ਊਭੈ ਜਮੁ ਮਾਰਸੀ ਨਾਨਕ ਮੇਲਣੁ ਨਾਮਿ ॥੩॥ ਪਉੜੀ ॥ ਆਪੇ ਪਿੰਡੁ ਸਵਾਰਿਓਨੁ ਵਿਚਿ ਨਵ ਨਿਧਿ ਨਾਮੁ ॥ ਇਕਿ ਆਪੇ ਭਰਮਿ ਭੁਲਾਇਅਨੁ ਤਿਨ ਨਿਹਫਲ ਕਾਮੁ ॥ ਇਕਨੀ ਗੁਰਮੁਖਿ ਬੁਝਿਆ ਹਰਿ ਆਤਮ ਰਾਮੁ ॥ ਇਕਨੀ ਸੁਣਿ ਕੈ ਮੰਨਿਆ ਹਰਿ ਊਤਮ ਕਾਮੁ ॥ ਅੰਤਰਿ ਹਰਿ ਰੰਗੁ ਉਪਜਿਆ ਗਾਇਆ ਹਰਿ ਗੁਣ ਨਾਮੁ ॥੧੩॥

-----◈-----

## ਆਪਿ ਮਰੈ, ਮਾਰੇ ਭੀ ਆਪਿ (ਮਾਰਵਾੜ ਦੀ ਰਾਜਧਾਨੀ ਮੰਡੋਰ ਵਿਖੇ ਬਾਬਾ)

ਓਸੀਆਂ ਤੋਂ 50 ਕਿ. ਮੀ. ਦਾ ਪੈਂਡਾ ਕਰਕੇ ਜਦੋਂ ਗੁਰੂ ਸਾਹਿਬ ਮੰਡੋਰ ਪਹੁੰਚੇ ਤਾਂ ਸ਼ਹਿਰ ਸੋਗ ਮਨਾ ਰਿਹਾ ਸੀ। ਰਾਜੇ ਜਾਂ ਸ਼ਾਹੂਕਾਰ ਦਾ ਜਵਾਨ ਪੁੱਤ ਮਰ ਗਇਆ ਸੀ। ਉੱਚੀ ਉੱਚੀ ਰੋਣਾ ਪਿੱਟਣਾ ਇਲਾਕੇ ਦੀ ਰਸਮ ਸੀ। ਥੋੜੀ ਦੂਰੀ ਤੇ ਬਹਿ ਗੁਰੂ ਸਾਹਿਬ ਤੇ ਮਰਦਾਨੇ ਨੇ ਉੱਚੀ ਉੱਚੀ ਸਬਦ ਗਾਉਣਾ ਸ਼ੁਰੂ ਕਰ ਦਿੱਤਾ। ਯਾਦ ਰਹੇ ਓਨੀ ਦਿਨੀ ਸਪੀਕਰ ਤਾਂ ਹੁੰਦੇ ਨਹੀ ਸਨ ਤੇ ਬਹੁਤ ਉੱਚੀ ਗਾਇਆ ਜਾਂਦਾ ਹੁੰਦਾ ਸੀ। ਮਹੌਲ ਚੁੱਪ ਸ਼ਾਂਤੀ ਵਾਲਾ ਹੁੰਦਾ ਸੀ ਇਸ ਕਰਕੇ ਅਵਾਜ 2 ਕਿਲੋਮੀਟਰ ਤੱਕ ਵੀ ਪਹੁੰਚ ਜਾਇਆ ਕਰਦੀ ਸੀ।● ਸੋ ਗਮਗੀਨ ਮਹੌਲ ਵਿੱਚ ਗਾਉਣ ਦੀ ਅਵਾਜ ਸੁਣ ਕੇ ਲੋਕ ਉਤਸੁਕਤਾ ਵਸ ਹੋ ਨੇੜੇ ਆ ਗਏ।

ਇਕ ਮੁਖੀਏ ਨੇ ਬੜੇ ਆਦਰ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਕਿਹਾ ਹੈ ਕਿ ਇਥੇ ਮਰਗ ਹੋ ਗਈ। ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਮੈਂ ਮਰਗ ਦਾ ਹੀ ਗੀਤ ਗਾ ਰਿਹਾ ਹਾਂ। ਮੈਂ ਕਹਿ ਰਿਹਾ ਹਾਂ ਕਿ ਭਾਈਓ ਉਹ ਮਾਰਨ ਵਾਲਾ ਤੇ ਮਰਨ ਵਾਲਾ ਆਪੇ ਹੀ ਹੈ ਕਾਹਨੂੰ ਪਏ ਰੁਦਨ ਕਰਦੇ ਹੋ। ਕਿਉਕਿ ਇਲਾਕੇ ਵਿੱਚ ਨਾਸਤਕ

ਪੈੜ ਸਰੋਤ

⊙ ਸੋਢੀ ਮਿਹਰਬਾਨ - 345 ਦੇ ਅਧਾਰ ਤੇ

◈ਅਲਗਉ - ਬੇਲਾਗ, ਮਧੂਕੜਓ-ਭਉਰਾ, ਸਾਰੰਗਪਾਣਿ- ਸ੍ਰਿਸਟੀ ਦਾ ਮਾਲਕ ਭਾਵ ਰੱਬ, ਜੋਇ-ਵੇਖਣਾ ਪਰ ਇਥੇ ਮਤਲਬ ਵਰਗਾ ਹੈ। (ਜੋਇ ਲਫਜ ਰਾਜਸਥਾਨ ਤੇ ਗੁਜਰਾਤ ਵਿੱਚ ਵਰਤਿਆ ਜਾਂਦਾ ਹੈ। ਇਹ ਸਾਬਤ ਕਰਦਾ ਹੈ ਕਿ ਬਾਣੀ ਰਾਜਸਥਾਨ ਵਿੱਚ ਹੀ ਰਚੀ ਗਈ ਹੈ)

● ਪਿਛੇ ਸਮੁੰਦਰ ਦੇ ਸ਼ਾਂਤ ਮਹੌਲ ਵਿੱਚ ਅਵਾਜ ਦੀ ਸੀਮਾ ਤੇ ਤਜੱਰਬਾ ਕੀਤਾ ਗਇਆ ਤੇ ਪਤਾ ਲੱਗਾ ਕਿ ਸ਼ਾਂਤ ਮਹੌਲ ਵਿੱਚ ਮਨੁੱਖੀ ਚੀਕ 17 ਕਿਲੋਮੀਟਰ ਤੱਕ ਚਲੀ ਗਈ।

ਜੈਨਮਤ ਦਾ ਬਹੁਤ ਪ੍ਰਭਾਵ ਸੀ ਇਸ ਕਰਕੇ ਗੁਰੂ ਸਾਹਿਬ ਨੇ ਲੋਕਾਂ ਨੂੰ ਸਰਬਵਿਆਪਕ ਨਿਰੰਕਾਰ ਦੀ ਹੋਂਦ ਉਹਦੀ ਰਚਨਾ ਤੇ ਹੁਕਮ ਵਾਲੀ ਗੱਲ ਸਮਝਾਈ। ਗੁਰੂ ਸਾਹਿਬ ਨੇ ਕਿਹਾ ਏਹੋ ਜਿਹੇ ਵੇਲੇ ਸਗੋਂ ਨਿਰੰਕਾਰ ਦਾ ਜਸ ਗਾਇਆ ਕਰੋ।

ਸਮਝਾਉਣ ਉਪਰੰਤ ਇੱਕ ਵਾਰ ਫਿਰ ਆਸਾ ਰਾਗ ਦੀ ਧੁੰਨ ਗਮਗੀਨ ਮਹੌਲ ਵਿੱਚ ਗੂੰਜ ਉਠੀ:-◘

ਆਸਾ ਮਹਲਾ ੧ ॥ ਏਕੁ ਮਰੈ ਪੰਚੇ ਮਿਲਿ ਰੋਵਹਿ ॥ ਹਉਮੈ ਜਾਇ ਸਬਦਿ ਮਲੁ ਧੋਵਹਿ ॥ ਸਮਝਿ ਸੂਝਿ ਸਹਜ ਘਰਿ ਹੋਵਹਿ ॥ ਬਿਨੁ ਬੂਝੇ ਸਗਲੀ ਪਤਿ ਖੋਵਹਿ ॥੧॥ ਕਉਣੁ ਮਰੈ ਕਉਣੁ ਰੋਵੈ ਓਹੀ ॥ ਕਰਣ ਕਾਰਣ ਸਭਸੈ ਸਿਰਿ ਤੋਹੀ ॥੧॥ ਰਹਾਉ ॥ ਮੂਏ ਕਉ ਰੋਵੈ ਦੁਖੁ ਕੋਇ ॥ ਸੋ ਰੋਵੈ ਜਿਸੁ ਬੇਦਨ ਹੋਇ ॥ ਜਿਸੁ ਬੀਤੀ ਜਾਣੈ ਪ੍ਰਭ ਸੋਇ ॥ ਆਪੇ ਕਰਤਾ ਕਰੇ ਸੁ ਹੋਇ ॥੨॥ ਜੀਵਤ ਮਰਣਾ ਤਾਰੇ ਤਰਣਾ ॥ ਜੈ ਜਗਦੀਸ ਪਰਮ ਗਤਿ ਸਰਣਾ ॥ ਹਉ ਬਲਿਹਾਰੀ ਸਤਿਗੁਰ ਚਰਣਾ ॥ ਗੁਰੁ ਬੋਹਿਥੁ ਸਬਦਿ ਭੈ ਤਰਣਾ ॥੩॥ ਨਿਰਭਉ ਆਪਿ ਨਿਰੰਤਰਿ ਜੋਤਿ ॥ ਬਿਨੁ ਨਾਵੈ ਸੂਤਕੁ ਜਗਿ ਛੋਤਿ ॥ ਦੁਰਮਤਿ ਬਿਨਸੈ ਕਿਆ ਕਹਿ ਰੋਤਿ ॥ ਜਨਮਿ ਮੂਏ ਬਿਨੁ ਭਗਤਿ ਸਰੋਤਿ ॥੪॥ ਮੂਏ ਕਉ ਸਚੁ ਰੋਵਹਿ ਮੀਤ ॥ ਤ੍ਰੈ ਗੁਣ ਰੋਵਹਿ ਨੀਤਾ ਨੀਤ ॥ ਦੁਖੁ ਸੁਖੁ ਪਰਹਰਿ ਸਹਜਿ ਸੁਚੀਤ ॥ ਤਨੁ ਮਨੁ ਸਉਪਉ ਕ੍ਰਿਸਨ ਪਰੀਤਿ ॥੫॥ ਭੀਤਰਿ ਏਕੁ ਅਨੇਕ ਅਸੰਖ ॥ ਕਰਮ ਧਰਮ ਬਹੁ ਸੰਖ ਅਸੰਖ ॥ ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥੬॥ ਆਪਿ ਮਰੈ ਮਾਰੇ ਭੀ ਆਪਿ ॥ ਆਪਿ ਉਪਾਏ ਥਾਪਿ ਉਥਾਪਿ ॥ ਸ੍ਰਿਸਟਿ ਉਪਾਈ ਜੋਤੀ ਤੂ ਜਾਤਿ ॥ ਸਬਦੁ ਵੀਚਾਰਿ ਮਿਲਣੁ ਨਹੀ ਭ੍ਰਾਤਿ ॥੭॥ ਸੂਤਕੁ ਅਗਨਿ ਭਖੈ ਜਗੁ ਖਾਇ ॥ ਸੂਤਕੁ ਜਲਿ ਥਲਿ ਸਭ ਹੀ ਥਾਇ ॥ ਨਾਨਕ ਸੂਤਕਿ ਜਨਮਿ ਮਰੀਜੈ ॥ ਗੁਰ ਪਰਸਾਦੀ ਹਰਿ ਰਸੁ ਪੀਜੈ ॥੮॥੪॥

-----◈-----

## ਜੋਧਪੁਰ –ਰਾਓ ਗੰਗਾ ਵੀ ਪੁੱਛਦਾ "ਮਹਾਤਮਾ ਜੀ ਤੁਹਾਡਾ ਕਿਹੜਾ ਫਿਰਕਾ ਹੈ?"

ਓਸੀਆਂ ਤੋਂ 50 ਕਿ.ਮੀ. ਦਾ ਸਫਰ ਕਰਕੇ ਗੁਰੂ ਸਾਹਿਬ ਮੰਡੋਰ ਪਹੁੰਚੇ ਸਨ। ਮੰਡੋਰ ਦੇ ਨਾਲ ਹੀ 15 ਕਿ. ਮੀ. ਹਟਵੀ ਪਹਾੜੀ ਤੇ ਨਵੀ ਬਣੀ ਰਾਜਧਾਨੀ ਜੋਧਪੁਰ ਸੀ। 1480 ਈ. ਤੱਕ ਮੰਡੋਰ ਹੀ ਮਾਰਵਾੜ ਦੀ ਰਾਜਧਾਨੀ ਸੀ। ਰਾਓ ਜੋਧਾ ਨੇ 1459 ਈ. ਵਿੱਚ ਨਵੀ ਰਾਜਧਾਨੀ ਪਹਾੜੀ ਤੇ ਬਣਾਉਣੀ ਸ਼ੁਰੂ ਕੀਤੀ ਸੀ। ਸਾਹਿਬ ਜੋਧਪੁਰ ਪਹੁੰਚ ਗਏ। ਅਮੂਮਨ ਗੁਰੂ ਸਾਹਿਬ ਕਿਲੇ ਦੇ ਬਾਹਰ ਡੇਰਾ ਜਮਾ ਲਿਆ ਕਰਦੇ ਸਨ। ਵਕਤ ਪਾ ਕੇ ਗੁਰੂ ਸਾਹਿਬ ਰਾਜੇ ਨੂੰ ਮਿਲੇ।


ਓਸੀਆਂ ਦੀ ਜਗਤ ਪ੍ਰਸਿੱਧ ਸਚਿਆ ਮਾਤਾ ਦੀ 1200 ਸਾਲ ਪੁਰਾਣੀ ਮੂਰਤੀ। ਇਹ ਮੂਰਤ ਸਮਾਜ ਵਿਦਵਾਨਾਂ ਵਾਸਤੇ ਬਹੁਤ ਮਹੱਤਵ ਰੱਖਦੀ ਹੈ। ਇਸ ਤੋਂ ਉਸ ਵੇਲੇ ਦੀ ਔਰਤ ਦੇ ਪਹਿਰਾਵੇ ਆਦਿ ਦਾ ਪਤਾ ਲਗਦਾ ਹੈ। ਜੈਨ ਬਾਣੀਆਂ ਲੋਕਾਂ ਦਾ ਸ਼ਹਿਰ ਓਸੀਆਂ ਆਪਣੇ ਪੁਰਾਣੇ ਮੰਦਰਾਂ ਲਈ ਮਸ਼ਹੂਰ ਹੈ। ਧੁਰ ਰੇਗਿਸਤਾਨ ਵਿਚ ਹੋਣ ਕਰਕੇ ਇਹ ਮੁਸਲਮਾਨ ਹਮਲਾਵਰਾਂ ਤੋਂ ਬਚਿਆ ਰਿਹਾ ਹੈ। ਇਥੋਂ ਦਾ ਪੁਰਾਤਤ ਵੇਖਣਾ

ਗੁਰੂ ਸਾਹਿਬ ਦੀ ਮਸ਼ਹੂਰੀ ਤਾਂ ਓਦੋਂ ਤੱਕ ਦੂਰ ਦੂਰ ਤੱਕ ਹੋ ਚੁੱਕੀ ਸੀ। ਕਈ ਧਾਰਮਿਕ ਅਦਾਰੇ ਜਿਵੇ ਪੀਰ, ਜੈਨੀ, ਜੋਗੀ ਆਦਿ ਗੁਰੂ ਸਾਹਿਬ ਨੂੰ ਈਰਖਾ ਨਾਲ ਵੇਖ ਰਹੇ ਸਨ। ਪਰ ਆਮ ਜਨਤਾ ਵਿੱਚ ਗੁਰੂ ਸਾਹਿਬ ਲਈ ਡਾਢੀ ਉਤਸੁਕਤਾ ਸੀ। ਕਿਉਂਕਿ ਹੁਕਮਰਾਨ ਤਾਂ ਸਬੰਧਤ ਮੁਕਾਮੀ ਅਦਾਰਿਆਂ ਨਾਲ ਜੁੜੇ ਹੁੰਦੇ ਹਨ। ਜੋਧਪੁਰ ਦੇ ਰਾਜੇ ਰਾਓ ਗੰਗਾ (1515-1532 ਈ. )ਨੇ ਵੀ ਗੁਰੂ ਸਾਹਿਬ ਦੀ ਉਹਦੀ ਨਗਰੀ ਆਉਣ ਤੇ ਦਿਲੋਂ ਖੁਸ਼ੀ ਨਾਂ ਕੀਤੀ। ਸਗੋਂ ਤਰਾਂ ਤਰਾਂ ਦੇ ਸਵਾਲ ਕੀਤੇ। ਤੁਹਾਡਾ ਫਿਰਕਾ ਕਿਹੜਾ ਹੈ? ਕਾਹਦੀ ਪੂਜਾ ਕਰਦੇ ਹੋ ਤੁਸੀ? ਆਹ ਤੁਹਾਡਾ ਪਹਿਰਾਵਾ ਕਿਓ ਜਿਹਾ ਹੈ? ਕੀ ਤੁਸੀ ਜੋਗੀ ਹੋ? ਓਥੇ ਗੁਰੂ ਸਾਹਿਬ ਨੇ ਫਿਰ ਦਖਣੀ ਕਿਸਮ ਦੀ ਰਾਮਕਲੀ ਵਿੱਚ ਸ਼ਬਦ ਰਚਿਆ:-

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ ॥੧॥ ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ ॥ ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖਿ ਪਤੀਣਾ ॥੧॥ ਰਹਾਉ ॥ ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦਿ ਰੰਗੀਣਾ ॥੨॥ ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ ਜਿਹਵਾ ਰੰਗਿ ਰਸੀਣਾ ॥੩॥ ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ ਕਿਰਤੁ ਵੀਚਾਰਿ ਪਤੀਣਾ ॥੪॥ ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ ॥੫॥ ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ ਸੋ ਪ੍ਰਭੁ ਲਖਨੁ ਨ ਜਾਈ ॥੬॥ ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ ॥੭॥ ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ ॥੮॥ ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ ॥੯॥ ਨਾਨਕ ਸਰਣਿ ਪ੍ਰਭੂ ਕੀ ਛੂਟੇ ਸਤਿਗੁਰ ਸਚੁ ਸਖਾਈ ॥੧੦॥੮॥

ਸ਼ਬਦ - ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਅਸੀ ਨਾਮ ਭਾਵ ਨਿਰੰਕਾਰ ਦੀ ਸਿਫਤ ਸਲਾਹ ਸੱਚ, ਸਬਰ ਸੰਤੋਖ ਦਾ ਰਾਹ ਦੱਸਦੇ ਹਾਂ। ਸਾਡੇ ਪੰਥ ਵਿੱਚ ਗੁਰੂ ਦੀ ਵੱਡੀ ਅਹਿਮੀਅਤ ਹੈ, ਜਿਵੇ ਦੀਵੇ ਨਾਲ ਦੂਸਰਾ ਦੀਵਾ ਜਗਾਈਦਾ ਹੈ। ਸਾਡੀ ਪੂਜਾ ਸ਼ਬਦ ਭਾਵ ਰੱਬ ਦਾ ਜਸ ਗਾਉਣਾ ਹੀ ਹੈ। ਸੱਚ, ਮਿੱਠਾ ਬੋਲਣਾ ਤੇ ਕੁਪੀਨ (ਓਦੋਂ ਗੁਰੂ ਸਾਹਿਬ ਨੇ ਲੰਗੋਟੀ ਪਹਿਨੀ ਹੋਈ ਸੀ) ਸਾਡੇ ਪਹਿਰਾਵੇ ਹਨ। ਅਸੀ ਹਰ ਚੀਜ਼, ਹਰ ਜੀਅ ਨੂੰ ਇਕੋ ਨਿਰੰਕਾਰ ਦੀ ਰਚਨਾ ਮੰਨਦੇ ਹਾਂ। ਹਾਂ ਮੈਂ ਉਹ ਜੋਗੀ ਹਾਂ ਜਿਸਦੀ ਸ਼ਬਦ ਰਾਂਹੀ ਉਸ ਨਿਰੰਕਾਰ ਨਾਲ ਲਿਵ ਲੱਗੀ ਰਹਿੰਦੀ ਹੈ ਜਿਹੜਾ ਘੱਟ ਘਟ ਵਿੱਚ ਬਿਰਾਜਮਾਨ ਹੈ । (ਅਸਲ ਜੋਗੀ ਤ੍ਰਿਕੁਟੀ ਤੇ ਧਿਆਨ ਲਾਉਦੇ ਹਨ)

ਮਤਲਬ ਇਥੇ ਵੀ ਗੁਰੂ ਸਾਹਿਬ ਨੇ ਨਿਰੰਕਾਰ ਸਤਿ ਕਰਤਾਰ ਦਾ ਗਿਆਨ ਕਰਵਾਇਆ ਤੇ ਦੱਸਿਆ ਕਿ ਉਹਦੀ ਅਸਲ ਭਗਤੀ ਨਾਮ ਹੈ।

-----◈-----

## ਜੋਧਪੁਰ ਦੀ ਝੀਲ ਵਿੱਚ ਗੁਰੂ ਸਾਹਿਬ ਨੇ ਪੱਥਰ ਦਾ ਕੂੰਡਾ ਤਾਰ ਦਿੱਤਾ

ਰਿਧੀ ਸਿੱਧੀ ਹਾਸਲ ਕਰਕੇ ਇੱਕ ਸਿੱਧ ਜੋਗੀ ਅਕਸਰ ਚਮਤਕਾਰ ਦਿਖਾਉਦਾ ਹੁੰਦਾ ਸੀ ਤੇ ਇਥੇ ਉਸਨੇ ਬਹੁਤ ਜਨਤਾ ਆਪਣੇ ਮਗਰ ਲਾਈ ਹੋਈ ਸੀ। ਗੁਰੂ ਸਾਹਿਬ ਦੇ ਆਗਮਨ ਮੌਕੇ ਉਸਨੇ ਪ੍ਰੋਗਰਾਮ ਬਣਾ ਲਿਆ ਝੀਲ ਦੇ ਪਾਣੀ ਤੇ ਸਮਾਧੀ ਲਾਉਣ ਦਾ।

ਸਿੱਧ ਨੇ ਜਿਵੇ ਹੀ ਪਾਣੀ ਤੇ ਸਮਾਧੀ ਲਾਈ ਗੁਰੂ ਸਾਹਿਬ ਨੇ ਲੋਕਾਂ ਨੂੰ ਸਮਝਾਇਆ ਕਿ ਇਹ ਰਿੱਧੀ ਸਿਧੀ ਦਾ ਕਮਾਲ ਹੈ। ਦੁਨੀਆ ਦਾ ਅਸਲ ਮਾਲਕ ਤੇ ਕਰਤਾ ਨਿਰੰਕਾਰ ਭਗਵਾਨ

ਪੈੜ ਸਫਾ

◘ ਸੋਢੀ 2- 381 ਅਨੁਸਾਰ ਇਹ ਸ਼ਬਦ ਲਹੌਰ ਰਚਿਆ। ਸਬਦ ਦੇ ਬੋਲਾਂ ਤੇ ਭਾਸ਼ਾ ਤੋਂ ਤਾਂ ਇਥੇ ਢੁਕਦਾ ਲੱਗਦਾ ਹੈ।




ਹੈ। ਉਹ ਜੋ ਚਾਹੇ ਹੋ ਜਾਂਦਾ ਹੈ। ਉਹ ਚਾਹੇ ਤਾਂ ਪੱਥਰ ਵੀ ਪਾਣੀ ਤੇ ਤਾਰ ਦੇਵੇ। ਹੰਕਾਰ ਵਿੱਚ ਆਏ ਜੋਗੀ ਨੇ ਗੁਰੂ ਸਾਹਿਬ ਨੂੰ ਵੰਗਾਰਿਆ ਕੇ ਜੇ ਇਸ ਤਰਾਂ ਹੁੰਦਾ ਹੈ ਤਾਂ ਤਾਰ ਕੇ ਦੱਸ ਪੱਥਰ। ਝੀਲ ਕਿਨਾਰੇ ਜਿੱਥੇ ਇਹ ਗੱਲ ਬਾਤ ਚਲ ਰਹੀ ਸੀ ਸਾਧੂਆਂ ਦਾ ਪੱਥਰ ਦਾ ਕੂੰਡਾ ਪਿਆ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਇਹ ਕੂੰਡਾ ਪਾਣੀ ਤੇ ਰੱਖ ਦਿਓ। ਮਰਦਾਨੇ ਨੇ ਨਾਲ ਦੇ ਬੰਦੇ ਦੀ ਮਦਦ ਨਾਲ ਉਸ ਭਾਰੇ ਕੂੰਡੇ ਨੂੰ ਪਾਣੀ ਕੰਢੇ ਲਿਜਾ ਕੇ ਨਿਰੰਕਾਰ ਅੱਗੇ ਅਰਦਾਸ ਕੀਤੀ ਤੇ ਸਤਿਨਾਮ ਵਾਹਿਗੁਰੂ ਕਹਿੰਦੇ ਕੂੰਡਾ ਪਾਣੀ ਵਿੱਚ ਠੇਲ ਦਿੱਤਾ। ਕੂੰਡਾ ਤਰਨਾਂ ਸ਼ੁਰੂ ਹੋ ਗਿਆ। ਇਥੇ ਫਿਰ ਗੁਰੂ ਸਾਹਿਬ ਨੇ ਸ਼ਬਦ ਰਚਿਆ:-

**ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥** ... (ਪੂਰਾ ਸ਼ਬਦ। ਸਫਾ- 177)

ਸਿੱਧ ਜੋਗੀ ਪਹਿਲਾਂ ਤਾਂ ਹੰਕਾਰ ਵਿੱਚ ਆ ਕੇ ਬਹਿਸ ਬਾਜੀ ਕਰੇ ਪਰ ਹੌਲੀ ਹੌਲੀ ਰੱਬ ਦੇ ਭੈ ਵਿੱਚ ਆ ਗਿਆ।

ਕੁਝ ਦਿਨ ਗੁਰੂ ਸਾਹਿਬ ਮੰਡੋਰ ਜੋਧਪੁਰ ਰਹੇ। ਜੋਗੀ ਨੂੰ ਸਿੱਖੀ ਸਿਧਾਂਤ ਦ੍ਰਿੜ ਕਰਾਇਆ ਤੇ ਓਥੋਂ ਜੇਸਲਮੇਰ ਪੋਖਰਾਣ ਵਲ ਨੂੰ ਰਵਾਨਾ ਹੋ ਗਏ।

-----◈-----

ਸਰਦੀਆਂ 1517/18

## ਜੈਸਲਮੇਰ ਦੇ ਮਾਰੂਥਲ ਵਿੱਚ ਬਾਬਾ

ਜੋਧਪੁਰ ਤੋਂ 160 ਕਿ.ਮੀ. ਦਾ ਪੈਂਡਾ ਕਰਕੇ ਗੁਰੂ ਸਾਹਿਬ ਭੱਟੀ ਰਾਜਪੂਤਾਂ ਦੀ ਰਾਜਧਾਨੀ ਜੈਸਲਮੇਰ ਪਹੁੰਚੇ। ਇਹ ਵੀ ਸੰਭਾਵਨਾ ਹੈ ਕਿ ਗੁਰੂ ਸਾਹਿਬ ਕਿਸੇ ਕਾਫਲੇ ਦੇ ਨਾਲ ਹੀ ਆਏ ਹੋਣ। ਇਸ ਰਾਹ ਤੇ ਵਣਜਾਰਿਆਂ ਦੇ ਕਾਫਲੇ ਅਕਸਰ ਚਲਦੇ ਰਹਿੰਦੇ ਸਨ।

ਜੈਸਲਮੇਰ ਵਿਖੇ ਗੁਰੂ ਸਾਹਿਬ ਦੀ ਆਮਦ ਵੇਲੇ ਰਾਜਾ ਜੈਤਸੀ (ਜੈਤ ਸਿੰਘ) ਸੀ। ਬਾਬਾ ਜੀ ਨੇ ਇਥੇ ਮੰਦਰਾਂ ਦੇ ਪੁਜਾਰੀਆਂ ਨੂੰ ਨਿਰੰਕਾਰ ਦਾ ਪਾਠ ਪੜ੍ਹਾਇਆ। ਸੂਫੀ ਪੀਰਾਂ ਕੋਲ ਵੀ ਗਏ। ਗੁਰੂ ਸਾਹਿਬ ਨੂੰ ਜੈਨੀਆਂ ਦੀ ਮੌਜੂਦਗੀ ਜਿਆਦਾ ਬੁਰੀ ਲੱਗੀ ਜੋ ਨਿਰੰਕਾਰ ਦੀ ਹੋਂਦ ਤੋਂ ਆਕੀ ਸਨ। ਇਥੇ ਫਿਰ ਓਨਾਂ ਲੋਕਾਂ ਨੂੰ ਨਿਰੰਕਾਰ ਦੀ ਸਰਬਵਿਆਪਕਤਾ ਬਾਰੇ ਗਿਆਨ ਕਰਵਾਇਆ ਕਿ ਭੋਲਿਓ ਇਹ ਜੀਵਨ ਸਭ ਓਸੇ ਦਾ ਹੀ ਖੇਲ ਹੈ। ਇਹ ਸਾਰੀ ਰਚਨਾ ਓਸੇ ਦੀ ਹੈ। ਆਪ ਹੀ ਸਭ ਥਾਂਈ ਰਵ ਰਿਹਾ ਹੈ। ਉਨਾਂ ਨੂੰ ਸਮਝਾਇਆ ਕਿ ਇਹ ਪਾਪ ਪੁੰਨ ਦਾ ਸਿਧਾਂਤ ਤਾਂ ਬੰਦੇ ਦਾ ਘੜਿਆ ਹੋਇਆ ਹੈ। ਮੱਛੀ ਵੀ ਨਿਰੰਕਾਰ ਹੈ ਤੇ ਮਾਹੀ ਵੀ ਨਿਰੰਕਾਰ। ਉਹ ਆਪ ਹੀ ਸ਼ਿਕਾਰ ਹੈ ਤੇ ਸ਼ਿਕਾਰੀ ਵੀ ਆਪੇ ਹੀ ਹੈ।

**ਆਪੇ ਧਰਤੀ ਧਉਲੁ ਅਕਾਸੰ ॥ ਆਪੇ ਸਾਚੇ ਗੁਣ ਪਰਗਾਸੰ ॥ ਜਤੀ ਸਤੀ ਸੰਤੋਖੀ ਆਪੇ ਆਪੇ ਕਾਰ ਕਮਾਈ ਹੇ ॥੧॥** (ਸਗਗਸ-1021)

ਇਕ ਤਾਂ ਇਹ ਜੈਨੀ (ਇਨਾਂ ਨੂੰ ਓਨੀ ਦਿਨੀ ਸਰੇਵੜੇ ਜਾਂ ਭਾਬੜੇ ਵੀ ਕਿਹਾ ਜਾਂਦਾ ਸੀ। ਕਿਤੇ ਇਨਾਂ ਨੂੰ ਢੂੰਢੀਏ ਲਿਖਿਆ ਵੀ ਮਿਲਦਾ ਹੈ)* ਲੋਕ ਨਾਸਤਕ ਸਨ ਦੂਸਰਾ ਇਨਾਂ ਦਾ ਰਹਿਣ ਸਹਿਣ ਵੀ ਗੁਰੂ ਸਾਹਿਬ ਨੂੰ ਸਾਫ ਸੁਹਾਵੰਦਾ ਨਾਂ ਲੱਗਾ। ਨਾਸਤਕ ਤੋਂ ਇਥੇ ਭਾਵ ਕਿ ਇਹ ਲੋਕ ਇਕ ਨਿਰੰਕਾਰ ਦੀ ਹੋਂਦ ਤੋਂ ਮੁਨੱਕਰ ਹਨ। ਬੁੱਧ ਧਰਮ ਵੀ ਅਕਾਲ ਪੁਰਖ ਦੀ ਹੋਂਦ ਨਹੀ ਮੰਨਦਾ। ਜੈਨੀ ਸਾਧੂ ਇੱਕ ਤਾਂ ਇਸਨਾਨ ਕਰਨਾਂ ਵੀ ਪਾਪ ਸਮਝਦੇ ਸਨ ਦੂਸਰਾ ਇਹ ਟੱਟੀ ਬਹਿ ਕੇ ਉਨੂੰ ਫੋਲਣ ਬਹਿ ਜਾਂਦੇ ਸਨ। ਇਸ ਤੇ ਫਿਰ ਗੁਰੂ ਸਾਹਿਬ ਨੇ ਕਟਾਖ ਵੀ ਕੀਤਾ। ਗੁਰੂ ਸਾਹਿਬ ਨੇ ਭਾਬੜਿਆਂ ਬਾਰੇ ਫਿਰ ਇਥੇ ਸ਼ਬਦ ਰਚਿਆ:-

**ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥ ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥** (ਪੂਰਾ ਸ਼ਬਦ ਵੇਖੋ ਸਫਾ -402)

ਭਾਬੜੇ ਲੋਕ ਰਸਮੀ ਤੌਰ ਤੇ ਅੱਜ ਵੀ ਇਕੱਠੇ ਬਹਿ ਸਿਰ ਖੋਹਦੇ ਹਨ। ਇਸ਼ਨਾਨ ਤੋਂ ਕਤਰਾਉਂਦੇ ਹਨ ਉਨਾਂ ਨੂੰ ਇਸ਼ਨਾਨ ਦੀ ਅਹਿਮੀਅਤ ਵੀ ਦੱਸੀ। ਤੇ ਸਮਝਾਇਆ ਕਿ ਜੀਵਾਂ ਨੂੰ ਪੈਦਾ ਕਰਨ ਤੇ ਮਾਰਨ ਵਾਲਾ ਆਪ ਨਿਰੰਕਾਰ ਹੈ।

ਗੁਰੂ ਸਾਹਿਬ ਨੇ ਥਾਂਈ ਥਾਂਈ ਜਾ ਜੈਨੀਆਂ ਨੂੰ ਸੁਮਾਰਗ ਤੇ ਪਾਇਆ। ਅਜਿਹੀਆਂ ਸਿਖਿਆਵਾਂ ਦਾ ਹੀ ਅਸਰ ਹੋਇਆ ਕਿ ਜੈਨ ਧਰਮੀਆਂ ਦੀ ਗਿਣਤੀ ਵਿੱਚ ਵੱਡੀ ਕਮੀ ਆ ਚੁੱਕੀ ਹੈ।


ਰਾਮਦੇਵ ਪੀਰ

ਕੁਝ ਦਿਨ ਇਥੇ ਉਪਦੇਸ਼ ਕਰਨ ਦੇ ਬਾਦ ਗੁਰੂ ਸਾਹਿਬ ਬੀਕਾਨੇਰ ਨੂੰ ਰਵਾਨਾ ਹੋ ਗਏ।

-----◈-----

## ਪੋਖਰਣ ਦਾ ਰਾਮ ਦੇਵਰਾ ਵੇਖਿਆ ਬਾਬੇ ਨੇ

ਰਾਜਸਥਾਨ ਇਲਾਕੇ ਵਿੱਚ ਓਨੀ ਦਿਨੀ ਜੈਨਮੱਤ ਦਾ ਜ਼ੋਰ ਸੀ ਤੇ ਨਾਲ ਪੋਖਰਣ ਦੇ ਪੀਰ ਰਾਮਦੇਵ (1352-1385 ਈ.) ਦੀ ਥਾਂ ਥਾਂ ਤੂਤੀ ਬੋਲ ਰਹੀ ਸੀ। ਇਸ ਕਰਕੇ ਰਸਤੇ ਵਿੱਚ ਗੁਰੂ ਸਾਹਿਬ ਨੇ ਪੋਖਰਾਣ ਜਾਣਾ ਤਹਿ ਕੀਤਾ। ਜਿੱਥੇ ਪੀਰ ਰਾਮਦੇਵਰਾ ਦੀ ਸਮਾਧੀ ਹੈ ਉਹ ਜੈਸਲਮੇਰ ਤੋਂ ਕੋਈ 120 ਕਿਲੋਮੀਟਰ ਪੂਰਬ ਤੇ ਹੈ।

ਪੀਰ ਰਾਮਦੇਵ ਪੋਖਰਣ ਦਾ ਰਾਜਾ ਸੀ ਪਰ ਗਰੀਬ ਗੁਰਬੇ ਦੱਬੇ

ਪੈੜ ਸੂਤਰ

* ਗਿਆਨੀ -140, **ਬੀਕਾਨੇਰ ਨਹੀ ਜੈਸਲਮੇਰ** - ਕਈ ਲਿਖਾਰੀਆਂ ਸਰੇਵੜਿਆਂ ਵਾਲੀ ਸਾਖੀ ਬੀਕਾਨੇਰ ਨਾਲ ਜੋੜੀ ਜੋ ਸਹੀ ਨਹੀ ਲੱਗਦਾ। ਦਰ ਅਸਲ ਗਿਆਨੀ ਜਿਹੇ ਲਿਖਾਰੀਆਂ ਜਨਮ ਸਾਖੀ ਵਿੱਚ ਬੀਕਾਨੇਰ ਨੂੰ ਜਿਆਦਾ ਅਹਿਮੀਅਤ ਦਿੱਤੀ ਹੈ ਜੋ ਸਹੀ ਨਹੀ ਲੱਗਦਾ। ਯਾਦ ਰਹੇ ਬੀਕਾਨੇਰ ਦੀ ਨੀਹ ਗੁਰੂ ਸਾਹਿਬ ਦੇ ਇਸ ਇਲਾਕੇ ਦੇ ਆਗਮਨ ਦਿਨਾਂ ਵਿੱਚ ਹੀ ਰੱਖੀ ਗਈ ਸੀ। ਰਾਓ ਬੀਕਾ ਨੇ 1488 ਈ. ਵਿੱਚ ਤਾਂ ਇਥੇ ਪਹਿਲਾ ਕਿਲਾ ਬਣਾਇਆ ਸੀ। ਸੋ ਮੰਦਰ ਵਗੈਰਾ ਅਜੇ ਇਥੇ ਸਥਾਪਤ ਨਹੀ ਸਨ ਹੋਏ।

ਰਾਜਾ ਜੈਤਸੀਂਹ (1497-1530) ਗੂਗਲ ਕਰੋ➡ https://en.wikipedia.org/



ਗੁਰਦੁਆਰਾ ਸਾਹਿਬ ਪਹਿਲੀ ਪਾਤਸ਼ਾਹੀ ਕਲਿਆਤ

ਕੁਚਲੇ ਲੋਕਾਂ ਨਾਲ ਖਲੋਦਾ ਸੀ। ਉਸ ਦੇ ਜੀਵਨ ਨਾਲ ਕਈ ਕੌਤਕ ਵੀ ਜੁੜੇ ਹੋਏ ਹਨ। ਪੀਰ ਰਾਮਦੇਵ ਦੀ ਅੱਜ ਵੀ ਰਾਜਸਥਾਨ ਤੇ ਹਰਿਆਣਾ ਗੁਜਰਾਤ ਦੇ ਕੁਝ ਇਲਾਕਿਆਂ ਵਿੱਚ ਮਾਨਤਾ ਹੈ। ਕਿਉਂਕਿ ਉਹਦੀ ਸੰਗਤ ਕੁਝ ਮੁਸਲਮਾਨ ਪੀਰਾਂ ਨਾਲ ਹੋਈ ਵੀ ਦੱਸੀ ਜਾਂਦੀ ਹੈ ਜਿਸ ਤੋਂ ਲੱਗਦਾ ਹੈ ਕਿ ਉਹ ਵੀ ਇੱਕ ਅਕਾਲ ਨੂੰ ਮੰਨਦਾ ਸੀ। ਉਹਦੀ ਮਾਨਤਾ ਪਾਕਿਸਤਾਨ ਦੇ ਨਾਲ ਲੱਗਦੇ ਇਲਾਕੇ ਵਿੱਚ ਵੀ ਹੁੰਦੀ ਹੈ। ਰਾਮਦੇਵ ਸੱਚ ਮੁੱਚ ਇਨਕਲਾਬੀ ਸੰਤ ਸੀ ਉਸ ਨੇ ਓਨੀ ਦਿਨੀ ਹੀ ਛੂਆ ਛੂਤ ਦੀ ਵਿਰੋਧਤਾ ਕੀਤੀ ਸੀ। ਇਹ ਗੁਰੂ ਨਾਨਕ ਪਾਤਸ਼ਾਹ ਦੀ ਮਹਾਨਤਾ ਵਿੱਚ ਹੋਰ ਵੀ ਵਾਧਾ ਕਰਦਾ ਹੈ ਕਿ ਬਾਬਾ ਜੀ ਖਾਸ ਰਾਮਦੇਵਰਾ ਸੰਤ ਦੀ ਸਮਾਧੀ ਸਥਾਨ ਤੇ ਉਹਦੇ ਹਜਾਰਾਂ ਭਗਤਾਂ ਨੂੰ ਨਮਸਕਾਰ ਕਰਨ ਗਏ।

ਉਹਦੇ ਭਗਤ ਜਦੋਂ ਉਹਦੀ ਉਸਤਤ ਗਾਉਂਦੇ ਹਨ ਤਾਂ ਵਿੱਚ 'ਕਰਤਾਰ' ਲਫਜ ਵੀ ਸੁਣਨ ਨੂੰ ਮਿਲਦਾ ਹੈ ਜਿਸ ਦਾ ਸਾਫ ਮਤਲਬ ਹੈ ਕਿ ਰਾਮਦੇਵ ਦੇ ਭਗਤਾਂ ਵਿੱਚ ਵੀ ਗੁਰੂ ਸਾਹਿਬ ਆਪਣੀ ਛਾਪ ਛੱਡ ਗਏ ਸਨ।

ਰਾਮਦੇਵਰਾ ਪੋਖਰਣ ਸ਼ਹਿਰ ਤੋਂ ਕੋਈ 12 ਕਿਲੋਮੀਟਰ ਪਹਾੜ ਪਾਸੇ ਹੈ। ਜਦੋਂ ਪੋਖਰਣ ਗੁਰੂ ਸਾਹਿਬ ਅਰਾਮ ਫਰਮਾ ਰਹੇ ਸਨ ਤਾਂ ਲੋਕਾਂ ਨੇ ਫਰਿਆਦ ਕੀਤੀ ਕਿ ਮਿੱਠੇ ਪਾਣੀ ਲਈ ਓਨਾਂ ਨੂੰ ਦੂਰ ਜਾਣਾ ਪੈਂਦਾ ਹੈ ਤੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਮਿੱਠੇ ਜਲ ਦੀ ਬਖਸ਼ਸ਼ ਲੋਕਾਂ ਨੂੰ ਕੀਤੀ ਜਾਵੇ।

ਗੁਰੂ ਸਾਹਿਬ ਨੇ ਫਿਰ ਇਸ਼ਾਰਾ ਕਰਕੇ ਉਸ ਸਥਾਨ ਬਾਰੇ ਦੱਸਿਆ ਜਿੱਥੇ ਜਮੀਨ ਵਿੱਚ ਮਿੱਠਾ ਪਾਣੀ ਮੌਜੂਦ ਸੀ। ਖੂਹ ਪੁੱਟਣ ਤੇ ਮਿੱਠਾ ਜਲ ਨਿਕਲਿਆ ਜਿਸ ਕਰਕੇ ਗੁਰੂ ਸਾਹਿਬ ਦੀ ਧੁੰਮ ਹੋਰ ਵੀ ਇਲਾਕੇ ਵਿੱਚ ਵੱਧ ਗਈ। ਹਰ ਪਾਸੇ ਧੰਨ ਗੁਰੂ ਨਾਨਕ ਧੰਨ ਬਾਬਾ ਨਾਨਕ ਹੋ ਰਿਹਾ ਸੀ।

ਗੁਰੂ ਸਾਹਿਬ ਦੇ ਦੱਸੇ ਖੂਹ ਦਾ ਪਾਣੀ ਅੱਜ ਤੱਕ ਲੋਕ ਪੀਂਦੇ ਆ ਰਹੇ ਸਨ ਪਰ ਪਿੱਛੇ ਜਿਹੇ ਫੌਜ ਦੀ ਇੱਕ ਯੂਨਿਟ ਦੇ ਇੱਕ ਅਫਸਰ ਨੇ ਮੂਰਖਤਾ ਕੀਤੀ ਤੇ ਉਸ ਖੂਹ ਦੇ ਲਾਗੇ ਟਿਊਬਵੈਲ ਲਾ ਦਿੱਤਾ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਮਿੱਠਾ ਪਾਣੀ ਤੇ ਖਾਰਾ ਪਾਣੇ ਦੇ ਸਰੋਤ ਆਪਸ ਵਿੱਚ ਮਿਲ ਗਏ ਤੇ ਟਿਊਬਵੈਲ ਦਾ ਪਾਣੀ ਹੁਣ ਖਾਰਾ ਹੋ ਗਇਆ ਤੇ ਪੁਰਾਣਾ ਖੂਹ ਸੁੱਕ ਗਇਆ ਹੈ। ਅੱਜ ਉਸ ਪਵਿਤਰ ਖੂਹ ਤੇ ਗੁਰਮੁਖ ਪਿਆਰਿਆਂ ਨੇ ਸੁੰਦਰ ਵਿਸ਼ਾਲ ਯਾਦਗਾਰੀ ਅਸਥਾਨ ਉਸਾਰ ਦਿੱਤਾ ਹੈ: ਗੁਰਦੁਆਰਾ ਦਮਦਮਾ ਸਾਹਿਬ ਪੋਖਰਣ।



84 ਸਿੱਧਾਂ ਵਿਚੋ ਇਕ ਯੋਗੀ ਚੰਦਰਨਾਥ ਵੀ ਕਲਿਆਤ ਤੋਂ ਹੀ ਹੋਏ ਨੇ। ਕੁਦਰਤੀ ਹੈ ਕਿ ਇਥੇ ਬਹੁਤ ਵੱਡਾ ਜੋਗੀ ਮੱਠ ਵੀ ਸੀ

ਪੋਖਰਣ ਤੋਂ 60 ਕਿ. ਮੀ. ਚਲ ਕੇ ਗੁਰੂ ਸਾਹਿਬ ਫਲੌਦੀ ਪਹੁੰਚੇ। ਫਲੌਦੀ ਓਨੀ ਦਿਨੀ ਛੋਟੀ ਜਿਹੀ ਰਿਆਸਤ ਸੀ ਤੇ ਅਜ ਕਲ ਇਹ ਸ਼ਹਿਰ ਲੂਣ ਬਣਾਉਣ ਦੀ ਸਨਅਤ ਲਈ ਮਸ਼ਹੂਰ ਹੈ। ਇਥੇ ਵੀ ਗੁਰੂ ਸਾਹਿਬ ਨੇ ਜੈਨੀਆਂ ਤੇ ਹੋਰ ਪੱਥਰ ਪੂਜ ਲੋਕਾਂ



ਕਲਿਆਤ ਸਰੋਵਰ ਕਿਨਾਰੇ ਕਪਿਲ ਮੁਨੀ ਦੀ ਸਮਾਧੀ ਅਤੇ ਆਸ਼ਰਮ

ਨੂੰ ਰਾਹੇ ਪਾ ਇੱਕ ਨਿਰੰਕਾਰ ਦੀ ਹੋਂਦ ਦਾ ਸੁਨੇਹਾ ਦਿੱਤਾ ਤੇ ਅੱਗੇ ਚਲਦੇ ਬਣੇ।

-----◈-----

## ਕਲਿਆਤ ਵਿਖੇ ਕਪਿਲ ਮੁਨੀ ਦਾ ਮੰਦਰ ਵੇਖਿਆ

ਇਸ ਅੱਗੇ ਫਿਰ 110 ਕਿ. ਮੀ. ਦਾ ਸਫਰ ਕਰਕੇ ਗੁਰੂ ਸਾਹਿਬ ਕਲਿਆਤ ਪਹੁੰਚੇ। ਕਲਿਆਤ ਉਹ ਜਗਾ ਹੈ ਜਿੱਥੇ ਹਿੰਦੂ ਧਰਮ ਦੇ ਪ੍ਰਸਿਧ ਰਿਸ਼ੀ ਕਪਿਲ ਮੁਨੀ  ਨੇ ਸਰੀਰ ਤਿਆਗਿਆ ਸੀ। ਇਥੇ ਵੱਡੀ ਝੀਲ ਕਿਨਾਰੇ ਉਹਦੀ ਸਮਾਧੀ ਬਣੀ ਹੋਈ ਹੈ ਜਿੱਥੇ ਕਤਕ ਦੀ ਪੂਰਨਮਾਸ਼ੀ ਨੂੰ ਵੱਡਾ ਮੇਲਾ ਵੀ ਲੱਗਦਾ ਹੈ।* ਅੱਜ ਕਲ ਸਿੱਖ ਸ਼ਰਧਾਲੂਆਂ ਨੇ ਇਥੇ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਵੀ ਬਣਾ ਦਿੱਤਾ ਹੈ।

ਕਪਿਲ ਮੁਨੀ ਵੀ ਨਾਸਤਕ ਸ਼੍ਰੇਣੀ ਦਾ ਰਿਸ਼ੀ ਹੋਇਆ ਹੈ। ਇਥੇ ਰਿਸ਼ੀ ਦੇ ਸਥਾਨ ਤੇ ਪਹੁੰਚ ਗੁਰੂ ਸਾਹਿਬ ਤੇ ਮਰਦਾਨੇ ਨੇ ਹੇਠ ਸ਼ੱਸ਼ੋਭਤ ਸ਼ਬਦ ਗਾਵਿਆ ਤੇ ਮੌਜੂਦ ਸਭ ਮਾਈ ਭਾਈ ਨੂੰ ਦੱਸਿਆਂ ਕਿ ਨਾਮ ਤੋਂ ਭਵਜਲ ਤਰਨਾ ਅਸੰਭਵ ਹੈ। ਭਾਵੇ ਕੋਈ ਕਿੱਢਾ ਵੀ ਰਿਸ਼ੀ ਮੁਨੀ ਹੋਵੇ ਜੇ ਨਾਮ ਦਾ ਆਸਰਾ ਨਹੀ ਲਿਆ ਤਾਂ ਉਹ 84 ਦੇ ਗੇੜ ਵਿੱਚ ਹੀ ਰਹੇਗਾ :-

ਮਾਰੂ ਅਸਟਪਦੀਆ ਮਹਲਾ  ੧ ਘਰੁ ੧ ੧ਓ ਸਤਿਗੁਰ ਪ੍ਰਸਾਦਿ ॥

ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ ॥ ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ ॥ ਸਾਚੋ ਸਾਹਿਬੁ ਨਿਰਮਲੋ ਮਨਿ ਮਾਨੈ ਏਕਾ ॥੧॥ ਤੂ ਅਜਰਾਵਰੁ ਅਮਰੁ ਤੂ ਸਭ ਚਾਲਣਹਾਰੀ ॥ ਨਾਮੁ ਰਸਾਇਣੁ ਭਾਇ ਲੈ  ਪਰਹਰਿ ਦੁਖੁ ਭਾਰੀ ॥੧॥ ਰਹਾਉ ॥ ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥ ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ ॥ ਅਠਸਠਿ ਤੀਰਥ ਹਰਿ ਨਾਮੁ ਹੈ

ਕਿਲਵਿਖ ਕਾਟਣਹਾਰਾ ॥੨॥ ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥ ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥ ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ ॥੩॥ ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥ ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥ ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ ॥੪॥ ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ॥ ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ॥ ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ ॥੫॥ ਸਾਚੀ ਸੰਗਤਿ ਥਾਨੁ ਸਚੁ ਸਚੇ ਘਰ ਬਾਰਾ ॥ ਸਚਾ ਭੋਜਨੁ ਭਾਉ ਸਚੁ ਸਚੁ ਨਾਮੁ ਅਧਾਰਾ ॥ ਸਚੀ ਬਾਣੀ ਸੰਤੋਖਿਆ ਸਚਾ ਸਬਦੁ ਵੀਚਾਰਾ ॥੬॥ ਰਸ ਭੋਗਣ ਪਾਤਿਸਾਹੀਆ ਦੁਖ ਸੁਖ ਸੰਘਾਰਾ ॥ ਮੋਟਾ ਨਾਉ ਧਰਾਈਐ ਗਲਿ ਅਉਗਣ ਭਾਰਾ ॥ ਮਾਣਸ ਦਾਤਿ ਨ ਹੋਵਈ ਤੂ ਦਾਤਾ ਸਾਰਾ ॥੭॥ ਅਗਮ ਅਗੋਚਰੁ ਤੂ ਧਣੀ ਅਵਿਗਤੁ ਅਪਾਰਾ ॥ ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ ॥ ਨਾਨਕ ਮੇਲੁ ਨ ਚੂਕਈ ਸਾਚੇ ਵਾਪਾਰਾ ॥੮॥੧॥ (ਸਗਗਸ-1009)

ਇਥੇ ਹੀ ਕੋਈ ਨਾਸਤਕ ਮਾਇਆਧਾਰੀ ਬੰਦਾ ਸਾਧੂ ਸੰਤਾਂ ਦੀ ਨਿੰਦਾ ਕਰ ਰਿਹਾ ਸੀ ਕਿ ਇਹ ਲੋਕ ਸਮਾਜ ਤੇ ਬੋਝ ਹਨ। ਸਾਧੂਆਂ ਦੀ ਬੇਨਤੀ ਤੇ ਫਿਰ ਉਸ ਦੇ ਪ੍ਰਥਾਇ ਗੁਰੂ ਸਾਹਿਬ ਨੇ ਭੈਰਉ ਰਾਗ ਵਿੱਚ ਇਹ ਸ਼ਬਦ ਕਿਹਾ:⊙

ਭੂੰਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ ॥ ਨੇਤ੍ਰੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ ॥੧॥ ਅੰਧੁਲੇ ਕਿਆ ਪਾਇਆ ਜਗਿ ਆਇ ॥ ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਇ ॥੧॥ ਰਹਾਉ ॥ ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ ॥ ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ ॥੨॥ ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ ॥ ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ ॥੩॥ ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ ॥ ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ ॥੪॥(ਸਗਗਸ-1126)

ਕਲਿਆਤ ਤੋਂ 45 ਕਿ.ਮੀ. ਦਾ ਪੈਂਡਾ ਕਰਕੇ ਗੁਰੂ ਸਾਹਿਬ ਬੀਕਾਨੇਰ ਪਹੁੰਚੇ ਤੇ ਓਥੋਂ ਦੇ ਰਾਜੇ ਨੂੰ ਨਿਰੰਕਾਰ ਦਾ ਉਪਦੇਸ਼ ਦਿੱਤਾ ਅਤੇ ਸਮਝਾਇਆ ਇਕ ਇਹ ਦੇਵੀ ਦੇਵਤੇ ਜਾਂ ਸਰੇਵੜੇ ਨਿਰੰਕਾਰ ਦੇ ਸਿਧਾਂਤ ਤੋਂ ਸੱਖਣੇ ਹਨ ਇਸ ਕਰਕੇ ਮਰਨ ਜੀਉਣ ਦੇ ਚੱਕ੍ਰ ਵਿਚ ਹਨ।

-----◈-----

## ਸਿੱਧ ਜੋਗੀਆਂ ਨੂੰ ਰਾਹੇ ਪਾਉਣ ਗੁਰੂ ਜੀ ਸਾਹਵਾ ਆਏ

ਬੀਕਾਨੇਰ ਤੋਂ ਕੋਈ 200 ਕਿ. ਮੀ. ਚੱਲ ਕੇ ਗੁਰੂ ਸਾਹਿਬ ਸਾਹਵਾ ਆਏ।

ਸਾਹਵਾ ਜਿਲਾ ਚੁਰੂ ਰਾਜਸਥਾਨ ਵਿਖੇ ਵੀ ਜੋਗੀਆਂ ਦਾ ਮਸ਼ਹੂਰ ਮੱਠ ਸੀ। ਇਸ ਰੇਗਿਸਤਾਨੀ ਇਲਾਕੇ ਵਿਚ ਜੋਗੀਆਂ ਨੇ ਬੜੇ ਟਿਕਾਣੇ ਸਿਰ ਆਸ਼ਰਮ ਬਣਾਇਆ ਹੋਇਆ ਸੀ ਭਾਵ ਲਾਗੇ ਇਕ ਛੋਟਾ ਜਿਹਾ ਪਰ ਡੂੰਘਾ ਤਲਾਬ ਸੀ। ਜਿਸ ਵਿਚ ਪਾਣੀ 12 ਮਹੀਨੇ ਨਹੀ ਸੀ ਸੁੱਕਦਾ।

ਗੁਰੂ ਸਾਹਿਬ ਨੇ ਡੇਰਾ ਜੋਗੀਆਂ ਦੇ ਮੱਠ ਤੋਂ ਹਟਵਾਂ ਜੰਮਾਇਆ ਹੋਇਆ ਸੀ। ਗੁਰੂ ਸਾਹਿਬ ਦੀ ਜੋਗੀਆਂ ਨਾਲ ਇਕ ਬੈਠਕ ਹੋ ਚੁੱਕੀ ਸੀ ਜਿਸ ਵਿਚ ਸਾਹਿਬ ਨੇ ਉਨਾਂ ਨੂੰ ਦੱਸਿਆ ਸੀ ਕਿ ਅਕਾਲ ਪੁਰਖ ਦੀ ਭਗਤੀ ਬਿਨਾਂ ਜੋਗ ਵਿਅੱਰਥ ਹੈ। ਪਰ ਅਜੇ ਤਕ ਜੋਗੀਆਂ ਦੀ ਪੂਰੀ ਤਸੱਲੀ ਨਹੀ ਸੀ ਹੋਈ।



ਗੁਰਦੁਆਰਾ ਸਾਹਿਬ ਸਾਹਵਾ ਪਾਤਸ਼ਾਹੀ ਪਹਿਲੀ ਅਤੇ ਦਸਵੀ

ਕਰਨੀ ਰੱਬ ਦੀ ਕਿ ਲੱਖ ਸ਼ਾਹ ਨਾਂ ਦੇ ਵਣਜਾਰੇ ਦਾ ਕਾਫਲਾ ਇਸ ਪਾਸਿਓ ਦੀ ਗੁਜਰ ਰਿਹਾ ਸੀ ਕਿ ਉਨਾਂ ਨੂੰ ਪਿਆਸ ਲੱਗੀ। ਪੁੱਛਦੇ ਪੁਛਾਂਦੇ ਵਣਜਾਰਾ ਜੋਗੀਆਂ ਦੇ ਮੱਠ ਤੇ ਪਹੁੰਚ ਗਇਆ। ਜੋਗੀਆਂ ਦੇ ਮੱਠ ਲਾਗੇ ਪਾਣੀ ਦਾ ਤਲਾਬ ਤਾਂ ਮੌਜੂਦ ਸੀ ਪਰ ਉਹਨਾਂ ਨੇ ਕਿਹਾ ਕਿ ਬੰਦੇ ਤਾਂ ਇਥੋਂ ਪਾਣੀ ਪੀ ਲੈਣ ਪਰ ਜਾਨਵਰਾਂ ਨੂੰ ਪਾਣੀ ਡਾਹੁੰਣ ਤੋਂ ਜੋਗੀਆਂ ਨੇ ਮਨਾ ਕਰ ਦਿਤਾ।

ਸਬੱਬੀਂ ਕੁਝ ਦੇਰ ਬਾਦ ਵਣਜਾਰੇ ਦਾ ਮੇਲ ਗੁਰੂ ਸਾਹਿਬ ਨਾਲ ਹੋ ਗਇਆ। ਵਣਜਾਰੇ ਨੇ ਪਹਿਲਾਂ ਹੀ ਗੁਰੂ ਸਾਹਿਬ ਦੀ ਉਸਤਤ ਸੁਣ ਰੱਖੀ ਸੀ ਪਰ ਉਹਨੂੰ ਇਹ ਨਹੀ ਸੀ ਪਤਾ ਕਿ ਸਾਅਵੇ ਵਿਖੇ ਗੁਰੂ ਨਾਨਕ ਹੀ ਆਏ ਹੋਏ ਹਨ। ਜਦੋਂ ਵਣਜਾਰੇ ਨੂੰ ਗੁਰੂ ਸਾਹਿਬ ਦੀ ਪਛਾਣ ਦਾ ਪਤਾ ਲੱਗਾ ਤਾਂ ਗੱਦ ਗੱਦ ਹੋ ਉੱਠਿਆ। ਗੁਰਮਤ ਦੀਆਂ ਗੱਲਾਂ ਬਾਤਾਂ ਹੋਈਆਂ। ਵਣਜਾਰੇ ਨੇ ਸ਼ਿਕਾਇਤ ਕੀਤੀ ਕਿ ਬਾਬਾ ਜੀ ਕਿਸੇ ਤਰਾਂ ਜੋਗੀਆਂ ਨੂੰ ਸਮਝਾਓ ਮੇਰੇ ਜਾਨਵਰ ਪਿਆਸੇ ਨੇ, ਪਾਣੀ ਪੀ ਲੈਣ ਦੇਣ। ਗੁਰੂ ਸਾਹਿਬ ਜੋਗੀਆਂ ਦਾ ਹੱਠ ਜਾਣਦੇ ਸਨ।

ਗੁਰੂ ਸਾਹਿਬ ਨੇ ਮਿੱਟੀ ਵਿਚ ਛੋਟਾ ਜਿਹਾ ਟੋਆ ਪੁੱਟਿਆ ਤੇ ਥੋੜਾ ਜਿਹਾ ਪਾਣੀ ਉਸ ਵਿਚ ਪਾ ਦਿੱਤਾ। ਵਣਜਾਰੇ ਨੂੰ ਕਿਹਾ ਕਿ ਆਪਣੇ ਜਾਨਵਰ ਲੈ ਆਉ ਤੇ ਪਾਣੀ ਡਾਹ ਲਵੋ। ਮਨ ਵਿਚ ਸ਼ੰਕਾ ਹੋਣ ਦੇ ਬਾਵਜੂਦ ਵਣਜਾਰਾ ਆਪਣੇ ਪਸ਼ੂ ਲੈ ਆਇਆ ਤੇ ਵਾਰੀ ਵਾਰੀ ਸਾਰੇ ਜਾਨਵਰਾਂ ਨੂੰ ਪਾਣੀ ਪਿਲਾ ਦਿਤਾ। ਵਣਜਾਰਾ ਹੈਰਾਨ ਸੀ ਕਿ ਪਾਣੀ ਓਨਾਂ ਦਾ ਓਨਾਂ ਟੋਏ ਵਿਚ ਮੌਜੂਦ ਸੀ। ਵਣਜਾਰਾ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਇਆ।

ਏਸ ਕੌਤਕ ਕਰਕੇ ਪੂਰਾ ਇਲਾਕਾ ਸਾਅਵੇ ਨੂੰ ਉਮੰਡ ਆਇਆ। ਇਥੇ ਵੀ ਵੱਡੀ ਸੰਗਤ ਖੜੀ ਹੋ ਗਈ ਵਕਤ ਪਾ ਕੇ ਦਸਵੇ ਪਾਤਸ਼ਾਹ ਦਾ ਵੀ ਸਾਹਵੇ ਆਉਣਾ ਹੋਇਆ ਹੈ।

-----◈-----

ਪੈੜ ਸਫਾ

⊙ ਕਪਿਲ ਮੁਨੀ ਜਿਸ ਨੇ ਸੰਖਿਅਕੀ ਪੁਰਾਣ ਦੀ ਰਚਨਾ ਕੀਤੀ ਦੀ ਸਖਸੀਅਤ ਬਾਰੇ ਵੀ ਹਿੰਦੂ ਧਰਮ ਵਿੱਚ ਬੜਾ ਬਖੇੜਾ ਹੈ। ਕੋਈ ਕਹਿੰਦਾ ਉਹ 2700 ਸਾਲ ਪਹਿਲਾਂ ਹੋਇਆ ਸੀ । ਪਰ ਨਾਲ ਹੀ ਉਹਦਾ ਨਾਂ ਵੇਦਾਂ ਵਿੱਚ ਵੀ ਆਉਦਾ ਹੈ। ਇਥੇ ਕਲਿਆਤ ਵਿੱਚ ਕਪਿਲ ਮੁਨੀ ਦੀ ਜੋ ਕਥਾ ਸੁਣਾਈ ਜਾਂਦੀ ਹੈ ਉਹ ਉਨੂੰ ਸਲਵਾਨ ਰਾਜੇ ਦਾ ਸਮਕਾਲੀ ਦਸਦੀ ਹੈ।

ਖੈਰ ਇਸ ਰਿਸ਼ੀ ਦੇ ਨਾਂ ਨਾਲ ਸੰਖਿਅਕੀ ਸਿਧਾਂਤ ਜੁੜਿਆ ਹੋਇਆ ਜਿਸ ਨੂੰ ਗੁਰੂ ਸਾਹਿਬ ਨੇ ਨਕਾਰਿਆ ਤੇ ਸਬਦ ਰਚਿਆ।

**ਸੋਢੀ-353 ਨੇ ਇਹ ਸ਼ਬਦ ਬੀਕਾਨੇਰ ਵਿਖੇ ਰਚਿਆ ਜਾਣਾ ਦੱਸਿਆ ਹੈ। ਸਾਧੂਆਂ ਨਾਲ ਮੇਲ ਕਲਿਆਤ ਵਿਖੇ ਹੋਣ ਦੀ ਜਿਆਦਾ ਸੰਭਾਵਨਾ ਹੈ। ਬੀਕਾਨੇਰ ਅਜੇ ਨਵਾਂ ਨਵਾਂ ਸ਼ਹਿਰ ਬਣਿਆ ਸੀ। ਕੋਈ ਧਾਰਮਿਕ ਅਸਥਾਨ ਵਜੋਂ ਮਸ਼ਹੂਰ ਨਹੀ ਸੀ।

## ਗੁੱਗਾਪੀਰ ਦੇ ਦਦਰੇਵਾ ਅਤੇ ਗੁੱਗਾਮੜੀ ਵੀ ਗਏ ਗੁਰੂ ਸਾਹਿਬ

ਸਾਅਵੇ ਤੋਂ ਸਾਹਿਬ 55 ਕਿ. ਮੀ ਪੈਂਡਾ ਕਰਕੇ ਗੁੱਗਾਪੀਰ ਦੇ ਸਥਾਨ ਦਦਰੇਵਾ ਪਹੁੰਚੇ ਹੋਣਗੇ। ਲਾਗੇ ਗੁੱਗਾਮੜੀ ਪਹੁੰਚਣ ਬਾਰੇ ਤਾਂ ਇਤਹਾਸ ਵਿਚ ਵੀ ਜਿਕਰ ਹੈ।

ਗੁੱਗਾ ਜਿਹਨੂੰ ਗੋਗਾ ਜੀ, ਜਾਹਰ ਵੀਰ ਗੋਗਾ, ਗੁੱਗਾ ਚੌਹਾਨ, ਗੁੱਗਾ ਰਾਣਾ, ਗੁੱਗਾ ਬੀਰ ਆਦਿ ਨਾਵਾਂ ਨਾਲ ਪੂਰੇ ਉੱਤਰ-ਪੱਛਮੀ ਭਾਰਤ ਭਾਵ ਰਾਜਸਥਾਨ, ਹਰਿਆਣਾ, ਹਿਮਾਚਲ, ਪੱਛਮੀ ਯੂ ਪੀ, ਪੰਜਾਬ, ਪੱਛਮੀ (ਪੰਜਾਬ) ਜੰਮੂ, ਗੁਜਰਾਤ ਵਿਚ ਨਾਗ ਦੇਵਤਾ ਕਰਕੇ ਪੂਜਿਆ ਜਾਂਦਾ ਰਿਹਾ ਹੈ।



ਗੁੱਗਾ

ਇਸ ਬਾਰੇ ਇਤਹਾਸਿਕ ਸਰੋਤ ਤਾਂ ਨਹੀ ਮਿਲਦੇ ਪਰ ਉੱਤੇ ਦੱਸੇ ਇਲਾਕਿਆਂ ਵਿਚ ਗੁੱਗੇ ਬਾਰੇ ਬੜੀ ਤਾਕਤਵਰ ਪ੍ਰੰਪਰਾਗਤ ਕਥਾਵਾਂ ਮਸ਼ਹੂਰ ਨੇ। ਵਿਦਵਾਨਾਂ ਨੇ ਅੰਦਾਜ਼ਾ ਲਾਇਆਂ ਹੈ ਕਿ ਗੁੱਗਾ 1000 ਕੁ ਸਾਲ ਪਹਿਲਾਂ ਰਾਜਸਥਾਨ ਵਿਚ ਕਿਸੇ ਛੋਟੀ ਜਿਹੀ ਰਿਆਸਤ ਦਾ ਰਾਜਾ ਸੀ।*

ਗੁਰੂ ਸਾਹਿਬ ਦਾ ਇਥੇ ਆਮਦ ਬਾਰੇ ਇਤਹਾਸ ਵਿਚ ਤਾਂ ਕੋਈ ਜਿਕਰ ਨਹੀ ਪਰ ਸਾਨੂੰ ਅੰਦਾਜ਼ਾ ਹੈ ਕਿ ਗੁਰੂ ਸਾਹਿਬ ਜਰੂਰ ਇਥੇ ਵੀ ਪਹੁੰਚੇ ਹੋਣਗੇ ਇਨਾਂ ਸੱਪਾਂ ਦੇ ਦੇਵਤੇ ਦੇ ਸਥਾਨ ਦਾ ਵਰਤਾਰਾ ਸਮਝਣ ਵਾਸਤੇ। ਕਿਉਕਿ ਸਾਅਵੇ ਤੋਂ ਦਦਰੇਵਾ ਨੇੜੇ ਹੀ ਪੈਂਦਾ ਹੈ। ਗੁੱਗਾਮੜੀ ਤਾਂ ਬਿਲਕੁਲ ਹੀ ਸਿਰਸੇ ਦੇ ਰਾਹ ਵਿਚ ਹੈ।

### ਗੁੱਗਾਮੜੀ ਜਾਂ ਗੋਗਾਮੇੜੀ

ਦਦਰੇਵਾ ਭਾਵ ਗੁੱਗੇ ਦੇ ਜਨਮ ਅਸਥਾਨ ਤੋਂ 60 ਕਿ. ਮੀ. ਪਹਾੜ ਪਾਸੇ ਚਲ ਕੇ ਗੁਰੂ ਸਾਹਿਬ ਗੁੱਗਾਮੜੀ ਵੀ ਪਹੁੰਚਣ ਬਾਰੇ ਗਿਆਨੀ-141 ਨੇ ਵੀ ਲਿਖਿਆ ਹੈ। ਗੁੱਗਾਮੜੀ ਗੁੱਗਾ ਸ਼ਰਧਾਲੂ ਮੰਨਦੇ ਹਨ ਕਿ ਗੁੱਗੇ ਨੇ ਅੰਤਮ ਸਾਹ ਲਿਆ ਸੀ। ਕਿਉਕਿ ਇਹ ਬਿਲਕੁਲ ਸਰਸੇ ਦੇ ਰਾਹ ਵਿਚ ਪੈਂਦਾ ਹੈ। ਅੰਦਾਜ਼ਾ ਹੈ ਕਿ ਗੁਰੂ ਸਾਹਿਬ ਇਥੇ ਆਮ ਦਿਨਾਂ ਵਿਚ ਪਹੁੰਚੇ। ਮੇਲਾ ਸਾਵਣ ਦੇ ਮਹੀਨੇ ਲਗਦਾ ਹੈ ਜਿਸ ਕਾਰਨ ਗੁਰੂ ਸਾਹਿਬ ਦਾ ਇਥੇ ਪਧਾਰਨਾ ਇਤਹਾਸ ਵਿਚ ਜਿਆਦਾ ਉਜਾਗਰ ਨਾਂ ਹੋਇਆ। ਕਿਉਕਿ ਜਿੱਥੇ ਜਿੱਥੇ ਉਹਨਾਂ ਕੌਤਕ ਕੀਤੇ ਉਹ ਸਥਾਨ ਤਾਂ ਇਤਹਾਸ ਵਿਚ ਉਘੜ ਗਏ।

-----◈-----



ਗੁੱਗੇ ਪੀਰ ਦੇ ਸ਼ਰਧਾਲੂ ਬਹੁਤੇ ਸਿੱਧੇ ਸਾਦੇ ਪੇਂਡੂ ਲੋਕ ਹੋਇਆ ਕਰਦੇ ਸਨ ਜਿੰਨਾਂ ਨੂੰ ਸੱਪ ਆਦਿ ਕੀੜਿਆਂ ਤੋਂ ਬਹੁਤ ਡਰ ਰਹਿੰਦਾ ਹੁੰਦਾ ਸੀ। ਅੱਜ ਵੀ ਰਾਜਸਥਾਨ ਦੇ ਇਸ ਇਲਾਕੇ ਜੋ ਬਹੁਤੇ ਸ਼ਰਧਾਲੂ ਆਉਂਦੇ ਹਨ ਜਿਆਦਾ ਸਿੱਧ ਪੱਧਰੇ ਜਿਹੇ ਲੋਕ ਹਨ। ਤਸਵੀਰ ਗਗਰੇਵਾ ਦੀ ਹੈ। ਜਿਥੇ ਗੁੱਗੇ ਦਾ ਜਨਮ ਹੋਇਆ। ਵੇਖੋ ਇਥੇ ਇਕ ਪੁਰਾਤਨ ਰੁੱਖ ਤੇ ਲੋਕਾਂ ਨੇ ਕਿਵੇ ਮੌਲੀਆਂ ਬੰਨੀਆਂ ਹੋਈਆਂ ਕਿ ਸਾਡੀ ਕਾਮਨਾ ਪੂਰੀ ਹੋਣ ਤੇ ਆ ਕੇ ਅਸੀ ਮੌਲੀ ਲਾਹਵਾਂਗੇ। (ਵਿਚ) ਜਨਮ ਅਸਥਾਨ ਦੀ ਮੁੱਖ ਜਗਾ ਜਿਥੇ ਪੁਰਾਤਨ ਮੂਰਤੀਆਂ ਜੜੀਆ ਪਈਆਂ ਹਨ। ਪੁਜਾਰੀਆਂ ਦਾ ਕਹਿਣਾ ਹੈ ਕਿ ਮੂਰਤੀਆਂ ਖੁਦਾਈ ਦੌਰਾਨ ਨਿਕਲੀਆਂ ਹਨ।

ਗੁੱਗੇ ਦੀ ਰਿਆਸਤ ਦਾ ਨਾਂ ਬਾਗੜ ਦੇੜਗਾ ਕਿਹਾ ਜਾਂਦਾ ਹੈ ਜੋ ਅੱਜ ਦੇ ਗੰਗਾ ਨਗਰ ਇਲਾਕੇ ਵਿਚ ਸੀ। ਇਹਨੂੰ ਜੰਗਲ ਦੇਸ ਵੀ ਕਿਹਾ ਜਾਂਦਾ ਰਿਹਾ ਹੈ। ਗੁੱਗੇ ਦਾ ਪਿਤਾ ਦਾ ਨਾਂ ਵੱਛਾ ਸੀ ਜੋ ਜੰਗਲ ਦੇਸ ਦਾ ਰਾਜਾ ਸੀ।

ਲੋਕ ਕਥਾ ਮੁਤਾਬਿਕ ਗੁੱਗਾ ਰਾਣੀ ਬੱਛਲ ਦੇ ਘਰ ਪੈਦਾ ਹੋਇਆ। ਬਛਲ ਰਾਜਪੂਤ ਰਾਣੇ ਕੰਵਰਪਾਲ ਦੀ ਧੀ ਸੀ। ਕੰਵਰਪਾਲ ਬਾਰੇ ਇਤਹਾਸ ਵਿਚ ਜਿਕਰ ਮਿਲ ਜਾਂਦਾ ਹੈ ਜੋ 1173 ਈ ਵਿਚ ਸਿਰਸੇ ਰਾਜ ਕਰਦਾ ਸੀ। ਗੁੱਗਾ ਦਾ ਬਚਪਨ ਦਦਰੇਵਾ ਪਿੰਡ ਦਾ ਹੀ ਹੈ।

ਗੁੱਗਾ ਤੰਦੂੱਲ ਨਗਰੀ ਦੇ ਰਾਜਾ ਸਿੰਧਾ ਸਿੰਘ ਦੀ ਧੀ ਸ਼੍ਰੀਆਲ ਰੋਜ ਨੂੰ ਮੁਹੱਬਤ ਕਰਦਾ ਸੀ। ਪਰ ਗੁੱਗਾ ਨੂੰ ਜਦੋਂ ਪਤਾ ਲੱਗਾ ਕਿ ਉਹਦੇ ਚਚੇਰੇ ਭਰਾ ਅਰਜਨ ਅਤੇ ਸਰਜਨ ਦੀ ਵੀ ਅੱਜ ਸ਼੍ਰੇਆਲ ਤੇ ਹੈ ਤਾਂ ਗੁੱਗੇ ਨੇ ਦੋਵੇ ਭਰਾ ਮਾਰ ਦਿੱਤੇ। ਜਿਸ ਤੇ ਉਹਦੀ ਮਾਂ ਬੱਛਲ ਸਖਤ ਗੁੱਸੇ ਹੋ ਗਈ ਤੇ ਉਸ ਨੇ ਗੁੱਗੇ ਨੂੰ ਕਿਹਾ ਕਿ ਜੀਂਦਾ ਜੀ ਮੈਨੂੰ ਮੂੰਹ ਨਾਂ ਵਿਖਾਈ।

ਲੋਕ ਕਥਾਵਾਂ ਦੱਸਦੀਆਂ ਹਨ ਕਿ ਉਹ ਜੋਗੀ ਹਾਜੀ ਰਤਨ ਰਾਂਹੀ ਗੋਰਖਪੰਥੀ ਜੋਗੀ ਬਣ ਗਿਆ ਸੀ। ਧਿਆਨ ਰਹੇ ਹਾਜੀ ਰਤਨ ਕਹਿਣ ਨੂੰ ਤਾਂ ਜੋਗੀ ਸੀ ਪਰ ਹੈ ਉਹ ਮੁਸਲਮਾਨ ਸੀ। ਹਾਜੀ ਰਤਨ ਓਹਨਾਂ ਸਮਿਆ ਵਿਚ ਹੋਇਆ ਹੈ ਜਦੋਂ ਇਸਲਾਮ ਅਜੇ ਨਵਾਂ ਨਵਾਂ ਉਠਿਆ ਸੀ।

ਮੁੱਕਦੀ ਗਲ ਗੁੱਗਾ ਉੱਤਰ ਪੱਛਮੀ ਭਾਰਤ ਵਿਚ ਸੱਪਾਂ ਜਾਂ ਨਾਗਾਂ ਦਾ ਦੇਵਤਾ ਕਰਕੇ ਪੂਜਿਆ ਜਾਣ ਲੱਗਾ। ਪਿੰਡ ਪਿੰਡ ਵਿਚ ਗੁੱਗੇ ਦੀ ਥਾਵਾਂ ਬਣੀਆ ਹੁੰਦੀਆਂ ਸਨ। ਜਿਥੇ ਵੀ ਕਿਤੇ ਵੀ ਸੱਪ ਦੀ ਵਰਮੀ ਹੁੰਦੀ ਸੀ ਉਥੇ ਗੁੱਗੇ ਦਾ ਝੰਡਾ ਲਗ ਜਾਂਦਾ। ਗੁੱਗਾ ਘਰ ਘਰ ਦਾ ਪੀਰ ਸੀ, ਦੇਵਤਾ ਸੀ। ਇਸ ਖਿੱਤੇ ਵਿਚ ਇਸਲਾਮ ਦੇ ਫੈਲਾਅ ਤੋਂ ਪਹਿਲਾਂ ਗੁੱਗਾ ਪੀਰ ਸ਼ਾਇਦ ਸਭ ਤੋਂ ਵੱਡੇ ਫਿਰਕਿਆਂ ਵਿਚੋਂ ਇਕ ਸੀ।

-----◈-----

ਅਪ੍ਰੈਲ/ਮਈ 1518

## ਮਰਦਾਨੇ ਨੂੰ ਅੱਕ ਦੀਆਂ ਖੱਖੜੀਆਂ ਖਵਾ ਦਿੱਤੀਆਂ

ਜੈਸਲਮੇਰ ਤੋਂ ਗੁਰੂ ਸਾਹਿਬ ਦਾ ਪੰਜਾਬ ਨੂੰ ਪਰਤਣਾ ਅਤੇ ਉਹ ਵੀ ਜੈਸਲਮੇਰ- ਬੀਕਾਨੇਰ- ਭਟਨੇਰ (ਅੱਜ ਦਾ ਹਨੂਮਾਨਗੜ੍ਹ) ਵਾਲੀ ਜਰਨੈਲੀ ਸੜ੍ਹਕ ਫੜ (ਪੱਛਮੀ) ਪੰਜਾਬ ਵਲ ਜਾਣ ਦਾ ਰੂਟ ਤਹਿ ਕਰਨਾਂ ਰੌਂਗਟੇ ਖੜੇ ਕਰ ਦਿੰਦਾ ਹੈ। ਘੋਰ ਰੇਗਿਸਤਾਨੀ ਇਲਾਕੇ ਜੈਸਲਮੇਰ ਤੋਂ ਭਟਨੇਰ ਵਲ ਦਾ ਲੱਗ ਪਗ 550 ਕਿ. ਮੀ. ਦੇ ਸਫਰ। ਕਿੰਨੀ ਦਲੇਰੀ ਤੇ ਭਰੋਸਾ ਹੋਵੇਗਾ ਗੁਰੂ ਸਾਹਿਬ ਵਿੱਚ।

ਜੈਸਲਮੇਰ ਤੋਂ ਬੀਕਾਨੇਰ ਅਤੇ ਸਾਹਵੇ ਤਕ ਤਾਂ ਮਰਦਾਨਾ ਖਾਣ ਪੀਣ ਦਾ ਸਮਾਨ ਨਾਲ ਲਈ ਫਿਰਦਾ ਰਿਹਾ।

ਲੰਮੇ ਸਫਰਾਂ ਦਾ ਪਾਂਧੀ ਮਰਦਾਨਾ ਹੁਣ ਪੂਰੀ ਤਰਾਂ ਸਫਰ ਲਈ ਢਲ ਚੁੱਕਾ ਹੋਇਆ ਸੀ। ਉਹ ਪੈਂਡੇ ਲਈ ਆਪਣਾ ਖਾਣ ਪੀਣ ਦਾ ਇੰਤਜਾਮ ਕਰ ਲੈਂਦਾ ਸੀ। ਪਰ ਸਾਹਵੇ ਤੋਂ ਐਤਕਾਂ ਭੁੱਜੇ ਦਾਣੇ ਥੋੜੇ ਸਨ ਜਾਂ ਫਿਰ ਲੈ ਨਹੀ ਪਾਇਆ। ਪਿੱਛੇ ਰੇਗਸਤਾਨ ਦਾ ਸਾਰਾ ਸਫਰ ਸੁਹਾਵਣੇ ਜਾਂ ਠੰਡ ਦੇ ਮੌਸਮ ਵਿੱਚ ਬੀਤਿਆ ਸੀ। ਪਹਿਲਾਂ ਤਾਂ ਰਸਤੇ ਵਿਚ ਮਲਿਆਂ ਦੇ ਬੇਰ ਵੀ ਸਨ। ਪਰ ਹੁਣ ਬੇਰਾਂ ਦਾ ਮੌਸਮ ਵੀ ਜਾ ਚੁੱਕਾ ਸੀ।

ਸਾਹਵੇ ਤੋਂ ਦਦਰੇਵਾ ਫਿਰ ਗੁੱਗਾਮੜੀ ਅਤੇ ਮਰਦਾਨੇ ਦਾ ਸਟਾਕ ਮੁੱਕ ਚੁੱਕਾ ਸੀ ਇਹਦੇ ਬਾਵਜੂਦ ਉਹ ਸਿਰਫ ਪਾਣੀ ਦੀ ਮਸ਼ਕ ਲੈ ਕੇ ਹੀ ਰੇਗਸਤਾਨ ਇਲਾਕੇ ਵਿਚ ਠੱਲ ਪਏ। ਕੁਝ ਚਿਰ ਸਫਰ ਕਰਨ ਉਪਰੰਤ ਲੋਢੇ ਵੇਲੇ ਜਿਹੇ ਮਰਦਾਨੇ ਨੂੰ ਭੁੱਖ ਨੇ ਸਤਾਉਣਾ ਸ਼ੁਰੂ ਕਰ ਦਿਤਾ। ਅਜਿਹੀ ਹਾਲਤ ਹੋਈ ਕਿ ਮੀਲਾਂ ਤਕ ਕੋਈ ਬਸਤੀ ਨਹੀ ਆਈ। ਜਿਥੋਂ ਕਿ ਕੁਝ ਮੂੰਹ ਵਿੱਚ ਪਾ ਲੈਂਦਾ। ਰਾਤ ਵੀ ਬਾਹਰ ਰੇਗਸਤਾਨ ਵਿਚ ਬਿਤਾਈ। ਦੂਸਰਾ ਦਿਨ ਚੜਿਆ ਤਾਂ ਮਰਦਾਨਾ ਭੁੱਖ ਦੇ ਮਾਰੇ ਨਢਾਲ ਹੋ ਗਇਆ ਸੀ। ਗੁਰੂ ਸਾਹਿਬ ਦੇ ਹੌਸਲਾ ਦੇਣ ਤੇ ਥੋੜਾ ਬਹੁਤ ਤੁਰਿਆ। ਫਿਰ ਆਖਰ ਬਹਿ ਹੀ ਗਿਆ। ਕਹਿੰਦਾ ਬਾਬਾ ਹੁਣ ਨਹੀ ਹਿੱਲਿਆ ਜਾਂਦਾ। ਰਾਹ ਦੇ ਲਾਗੇ ਚਾਗੇ ਖਾਣ ਨੂੰ ਕੋਈ ਦਾਣਾ ਤੀਲਾ ਨਜਰ ਨਹੀ ਸੀ ਆ ਰਿਹਾ।

ਥੋੜਾ ਹਟਵਾ ਵੇਖਿਆ ਤਾਂ ਅੱਕ (ਹਿੰਦੋਸਤਾਨੀ : ਮਦਾਰ) ਦਾ ਬੂਟਾ ਨਜਰ ਆਇਆ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਿਆ ਉਹ ਵੇਖ ਕਿੱਡੇ ਸੋਹਣੇ ਫਲ ਲੱਗੇ ਨੇ। ਜਾ ਤੋੜ ਤੇ ਖਾ ਲੈ। ਪਰ ਪੱਲੇ ਨਾਂ ਬੰਨੀ।

ਗੁੱਸੇ ਵਿੱਚ ਮਰਦਾਨਾ ਬੋਲਿਆ ਕਿ 'ਚੰਗਾ ਹੁਣ ਜਹਿਰ ਖਵਾ ਕੇ ਮਾਰ ਦੇ ਮੈਨੂੰ!'

ਗੁਰੂ ਜੀ ਨੇ ਕਿਹਾ ਨਹੀ ਮਰਦਾਨਿਆ ਇਹ ਜ਼ਹਿਰ ਨਹੀ ਇਹ ਤਾਂ ਤੇਰੇ ਲਈ ਅੰਮ੍ਰਿਤ ਨਿਆਈ ਹੈ ਖਾ ਕੇ ਤਾਂ ਵੇਖ। ਮੈਂ ਮਖੌਲ ਥੋੜਾ ਕੀਤਾ ਹੈ।

ਮਰਦਾਨੇ ਨੇ ਜਦੋਂ ਵੇਖਿਆ ਕਿ ਗੁਰੂ ਸਾਹਿਬ ਮਖੌਲ ਨਹੀ ਸਨ ਕਰ ਰਹੇ ਸਗੋਂ ਸੱਚੀ ਮੁੱਚੀ ਮਰਦਾਨੇ ਨੂੰ ਅੱਕ ਖਾਣ ਵਾਸਤੇ ਕਹਿ ਰਹੇ ਸਨ ਤਾਂ ਮਰਦਾਨੇ ਦੀਆਂ ਅੱਖਾਂ ਵਿੱਚ ਚਮਕ ਆ ਗਈ ਤੇ ਜਾ ਕੇ ਅੱਕ ਦਾ ਡੋਡਾ ਤੋੜਿਆ ਤੇ ਥੋੜਾ ਚੱਖ ਕੇ ਵੇਖਿਆ। ਇਹ ਤਾਂ ਅਲੌਕਿਕ ਸਵਾਦ ਸੀ। ਮਰਦਾਨੇ ਨੇ ਤਾਂ ਸਾਰੀ ਜਿੰਦਗੀ ਏਡਾ ਸਵਾਦੀ ਫਲ ਤਾਂ ਕਦੀ ਖਾਧਾ ਹੀ ਨਹੀ ਸੀ। ਮਰਦਾਨੇ ਨੇ ਢਿੱਡ ਭਰ ਲਿਆ।


ਅੱਕ

ਥੋੜੀਆਂ ਜਿਹੀਆਂ ਖੱਖੜੀਆਂ ਮਰਦਾਨੇ ਨੇ ਝੋਲੇ ਵਿੱਚ ਵੀ ਪਾ ਲਈਆਂ।

ਅੱਗੇ ਚਲਦੇ ਬਣੇ। ਸ਼ਾਮੀ ਫਿਰ ਮਰਦਾਨੇ ਨੂੰ ਜਦੋਂ ਭੁੱਖ ਮਹਿਸੂਸ ਹੋਈ ਤਾਂ ਮਰਦਾਨੇ ਨੇ ਅੱਕ ਦਾ ਡੋਡਾ ਝੋਲੇ ਵਿੱਚੋਂ ਕੱਢਿਆ ਤੇ ਬਿਨਾਂ ਸੋਚੇ ਮੂੰਹ ਮਾਰ ਲਿਆ। ਜਿਵੇ ਕੌੜਾ ਲੱਗਾ ਤਾਂ ਥੁੱਕ ਦਿੱਤਾ। ਪਰ ਅੱਕ ਤਾਂ ਮੰਨਿਆਂ ਹੋਇਆ ਜ਼ਹਿਰ ਹੈ। ਕੁਝ ਹੀ ਚਿਰ ਵਿੱਚ ਮਰਦਾਨੇ ਨੂੰ ਉਲਟੀਆਂ ਆਉਣੀਆਂ ਸ਼ੁਰੂ ਹੋ ਗਈਆਂ। ਮਰਦਾਨਾ ਚੀਕਿਆ, "ਬਾਬਾ ਮਰਨ ਲੱਗਾ ਈ ਮੈਂ। "

ਬਾਬੇ ਨੂੰ ਸਾਰੀ ਗੱਲ ਦੱਸੀ ਕਿ "ਮੈਂ ਸਵੇਰ ਵਾਲੀਆਂ ਖੱਖੜੀਆਂ ਵਿੱਚੋਂ ਇੱਕ ਨੂੰ ਮੂੰਹ ਮਾਰ ਲਿਆ ਤੇ ਹੁਣ ਉਲਟੀ ਆ ਰਹੀ ਹੈ। ਬਚਾ ਲੈ ਮੈਨੂੰ। ਅੱਕ ਤਾਂ ਜ਼ਹਿਰ ਹੁੰਦਾ ਹੈ। "

ਗੁਰੂ ਸਾਹਿਬ ਨੇ ਪਾਣੀ ਦੀ ਚੂਲੀ ਮਰਦਾਨੇ ਨੂੰ ਦਿੱਤੀ। ਮਰਦਾਨਾ ਸਤਿ ਕਰਤਾਰ ਕਹਿ ਕੇ ਪੀ ਗਇਆ ਤੇ ਅੱਗੇ ਚਲਦੇ ਬਣੇ।

ਗੁਰੂ ਜੀ ਨੇ ਮਰਦਾਨੇ ਨੂੰ ਯਾਦ ਦਿਵਾਇਆ ਕਿ ਮਰਦਾਨੇ ਤੂੰ ਖੱਖੜੀਆਂ ਆਪਣੇ ਨਾਲ ਕਿਓ ਬੰਨੀਆਂ ਸਨ ਜਦੋਂ ਤੈਨੂੰ ਮਨਾ ਕੀਤਾ ਸੀ। ਗੁਰੂ ਸਾਹਿਬ ਨੇ ਫਿਰ ਮਰਦਾਨੇ ਨੂੰ ਸਿਧਾਂਤ ਸਮਝਾਇਆ ਕਿ ਰੱਬ ਤੇ ਭਰੋਸਾ ਕਰਨ ਵਾਲੇ ਮੁਸਾਫਿਰ ਨਾਲ ਸਮਾਨ ਨਹੀ ਬੰਨਦੇ। ਮਰਦਾਨੇ ਨੇ ਅੱਗੇ ਵਾਸਤੇ ਤੋਬਾ ਕੀਤੀ।

ਇਕ ਵੇਰਾਂ ਪੰਚਮ ਪਾਤਸ਼ਾਹ ਨੇ ਰਸਤੇ 'ਚ ਤੁਰੇ ਜਾਂਦਿਆਂ ਜਦੋਂ ਅੱਕ ਵਲ ਨਿਗਾਹ ਮਾਰੀ ਤਾਂ ਲਹਿ ਲਹਾਉਦੀਆਂ ਖੱਖੜੀਆਂ ਵੇਖ ਸ਼ੇਅਰ ਬੋਲਿਆ:

ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥ ਬਿਰਹ ਵਿੱਚੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥

ਕਿ ਇਹ ਖੱਖੜੀ ਓਨਾਂ ਚਿਰ ਹੀ ਸੋਹਣੀ ਲੱਗਦੀ ਏ ਜਿੰਨਾ ਚਿਰ ਮਾਲਕ ਨਾਲ ਜੁੜੀ ਹੋਈ ਏ। ਜਦੋਂ ਬੂਟੇ ਤੋਂ ਟੁੱਟ ਗਈ ਤਾਂ ਸੈਕੜੇ ਟੁਕੜੇ ਹੋ ਜਾਣਗੇ। ਖੈਰ ਇਥੇ ਪੰਚਮ ਪਾਤਸ਼ਾਹ ਦਾ ਇਸ ਤੁੱਕ ਵਿੱਚ ਮਤਲਬ ਹੋਰ ਹੈ ਪਰ ਖਖੜੀਆਂ ਦਾ ਧਿਆਨ ਸਾਖੀ ਕਰਕੇ ਹੀ ਆਉਂਦਾ ਹੈ। ◈

-----◈-----

## ਸਿਰਸੇ ਫਕੀਰ ਦਾ ਹੰਕਾਰ ਤੋੜਿਆ
## ਕਹਿੰਦਾ ਅਸੀ ਤਾਂ ਜਦੋਂ ਸਫਰ ਤੇ ਜਾਣਾ ਹੁੰਦਾ ਹੈ ਤਾਂ ਅਰਸ਼ਾਂ ਤੋਂ ਘੋੜੇ ਉੱਤਰ ਆਉਦੇ ਨੇ

ਸਾਹਵਾ ਤੋਂ ਦਦਰੇਵਾ ਭੱਦਰਾ ਤੇ ਗੋਗਾਮੜੀ ਹੁੰਦੇ ਹੋਏ ਸਿਰਸਾ



ਗੁਰਦਵਾਰਾ ਚਿੱਲਾ ਸਾਹਿਬ ਸਿਰਸਾ

ਪਹੁੰਚੇ। ਉਸ ਵੇਲੇ ਸਿਰਸੇ ਵਿੱਚ ਮੁਸਲਮਾਨ ਫਕੀਰਾਂ ਦਾ ਵੱਡਾ ਡੇਰਾ ਸੀ ਜਿਸ ਦੀ ਸਥਾਪਨਾ ਪ੍ਰਸਿਧ ਪੀਰ ਖਵਾਜਾ ਅਬਦੁਲ ਸ਼ਾਕਰ ਨੇ ਕੀਤੀ ਜੋ ਤੇਰਵੀ ਸਦੀ ਵਿੱਚ ਹੋਏ ਤੇ ਮੁਹੰਮਦ ਗੌਰੀ ਦੇ ਨਾਲ ਹੀ ਭਾਰਤ ਵਿੱਚ ਆਇਆ ਸੀ।

ਕਿਹਾ ਜਾਂਦਾ ਹੈ ਕਿ ਮਰਦਾਨੇ ਨੇ ਇਥੇ ਪਹੁੰਚ ਕੇ ਥਕਾਵਟ ਦਾ ਜਦੋਂ ਜਿਕਰ ਕੀਤਾ ਤਾਂ ਪੀਰ ਸਾਹਿਬ ਗੁਰੂ ਜੀ ਨੂੰ ਕਹਿਣ ਲੱਗੇ ਕਿ ਹਜੂਰੇ ਆਲਾ ਮੁਰੀਦਾਂ ਨੂੰ ਤੰਗ ਨਹੀ ਹੋਣ ਦਈਦਾ। ਅਸੀ ਤਾਂ ਜਦੋਂ ਇਧਰ ਉਧਰ ਜਾਈਦਾ ਹੈ ਅਸਮਾਨੀ ਘੋੜੇ ਮੰਗਾਂ ਲੈਂਨੇ ਆ। ਗੁਰੂ ਸਾਹਿਬ ਨੇ ਕਿਹਾ ਕਿ ਪੀਰ ਜੀ ਸਾਡੇ ਤੇ ਵੀ ਅਨਾਇਤ ਫਰਮਾਓ ਤੇ ਸਾਨੂੰ ਵੀ ਅਸਮਾਨੀ ਘੋੜਿਆਂ ਤੇ ਸੁਲਤਾਨਪੁਰ ਤੱਕ ਪਹੁੰਚਾ ਦਿਓ।

ਪੀਰ ਕਹਿਣ ਲੱਗਾ ਕੁਝ ਦੇਰ ਉਡੀਕੋ। ਇਸ ਤਰਾਂ ਹੀ ਹੋਵੇਗਾ। ਨਾਲ ਹੀ ਗੁਰੂ ਸਾਹਿਬ ਨੂੰ ਪੀਰ ਨੇ ਉਪਦੇਸ਼ ਕਰਨਾਂ ਸ਼ੁਰੂ ਕਰ ਦਿੱਤਾ ਕਿ ਵੇਖੋ ਤੁਸਾਂ ਕੀ ਲਿਬਾਸ ਬਣਾਇਆ ਹੈ ਨਾਂ ਤੁਸੀ ਮੋਮਨ ਦਿਸਦੇ ਹੋ ਨਾਂ ਕਾਫਿਰ। ਕਿਸੇ ਦਾਇਰੇ ਵਿੱਚ ਆਵੋ। ਗੁਰੂ ਸਾਹਿਬ ਨੇ ਕਿਹਾ ਕਿ ਨਿਰੰਕਾਰ ਦੇ ਦਾਇਰੇ ਵਿੱਚ ਹਾਂ ਜੋ ਨਾਂ ਜੰਮਦਾ ਨਾਂ ਮਰਦਾ ਤੇ ਜੋ ਅਨੰਤ ਹੈ। ਮੈਂ ਇਹੋ ਜਿਹੇ ਖੁਦਾ ਨੂੰ ਮੰਨਦਾ ਹਾਂ ਜਿਸ ਵਾਸਤੇ ਕੋਈ ਕਾਫਿਰ ਜਾਂ ਕੋਈ ਬਿਗਾਨਾ ਨਹੀ। ਸਾਰੀ ਸ੍ਰਿਸਟੀ ਜਿਸ ਦੀ ਪੈਦਾ ਕੀਤੀ ਹੋਈ ਹੈ। ਮੈਂ ਉਸ ਨੂੰ ਮੰਨਦਾ ਹਾਂ ਜਿਸ ਦਾ ਪੈਦਾ ਕੀਤਾ ਜੀ ਘੋੜਾ ਧਰਤੀ ਦਾ ਵਾਸੀ ਹੈ ਨਾਂ ਕਿ ਅਸਮਾਨੀ ਪੰਛੀ।

ਪਰ ਪੀਰ ਆਪਣੇ ਹੰਕਾਰ ਵਿੱਚ ਅਟੱਲ ਰਿਹਾ ਤੇ ਕਹਿਣ ਲੱਗਾ ਛੇਤੀ ਹੀ ਦੋ ਘੋੜੇ ਅਸਮਾਨੋਂ ਉਤਰਨਗੇ ਜੋ ਤੁਹਾਨੂੰ ਅੱਗੇ ਪਹੁੰਚਾ ਦੇਣਗੇ।

ਵਿਚੇ ਉਸ ਨੇ ਗੱਪ ਮਾਰ ਦਿੱਤੀ ਕਿ ਅਸੀ ਜਦੋਂ ਚਿੱਲੇ ਤੇ ਬੈਠਦੇ ਹਾਂ ਤਾਂ ਲਗਾਤਾਰ 40 ਦਿਨ ਬਿਨਾਂ ਸੂਰਜ ਦੇਖੇ ਬਿਨਾਂ ਖਾਧੇ ਬੰਦਗੀ ਕਰੀਦੀ ਹੈ।ਅਰਸ਼ੀ ਘੋੜੇ ਕਿਓ ਨਾਂ ਉਤਰਨ?

ਗੁਰੂ ਸਾਹਿਬ ਨੇ ਕਿਹਾ ਸਾਨੂੰ ਵੀ ਬੰਦਗੀ ਵਿਚ ਸ਼ਾਮਲ ਕਰ ਲਓ। ਕਿਹਾ ਜਾਂਦਾ ਹੈ ਕਿ ਪੀਰ ਦੋ ਦਿਨ ਵੀ ਨਾਂ ਬੈਠ ਪਾਇਆ।

ਹਫਤਾ 10 ਦਿਨ ਗੁਰੂ ਸਾਹਿਬ ਇਥੇ ਰਹਿ ਕੇ ਇੱਕ ਨਿਰੰਕਾਰ ਦਾ ਜਸ ਗਾਇਆ। ਇਹ ਵੀ ਕਿਹਾ ਜਾਂਦਾ ਹੈ ਕਿ ਫਕੀਰਾਂ ਦੇ ਕਹਿਣ ਤੇ ਪੂਰੇ 40 ਦਿਨ ਚਿੱਲਾ ਕੱਢਿਆ ਸੀ।

ਲੋਕਾਂ ਨੂੰ ਮੜੀਆਂ, ਕਬਰਾਂ, ਪੱਥਰ, ਰੁੱਖ ਪੂਜਣ ਤੋਂ ਵਰਜ ਕੇ ਨਾਮ ਨਾਲ ਜੋੜਿਆ। ਇਹੋ ਉਪਦੇਸ਼ ਦਿੱਤਾ ਕਿ ਧਰਮ ਦੇ ਰਾਹ ਤੇ ਪਾਖੰਡਪੁਣਾ ਸਾਨੂੰ ਗੁਨਾਹਗਾਰ ਬਣਾ ਦਿੰਦਾ ਹੈ ਤੇ ਨਾਮ ਜਪਣਾ, ਕਿਰਤ ਕਰਨਾਂ ਵੰਡ ਛੱਕਣ ਦਾ ਉਪਦੇਸ਼ ਦਿੱਤਾ।

ਓਧਰ ਪੀਰ ਦੇ ਘੋੜੇ ਉਤਰਨ ਵਿੱਚ ਨਾਕਾਮ ਰਹੇ। ਗੁਰੂ ਸਾਹਿਬ ਦੀਆਂ ਰਹਿਮਤਾ ਵੇਖ ਕੇ ਪੀਰ ਵੀ ਆ ਚਰਨੀ ਲਗਾ ਤੇ ਗੁਰੂ ਸਾਹਿਬ ਅੱਗੇ ਰਵਾਨਾ ਹੋ ਗਏ।

ਚਿੱਲਾ ਸਾਹਿਬ ਪਾਤਸ਼ਾਹੀ ਪਹਿਲੀ- ਬਾਬਾ ਜੀ ਦੀ ਆਗਮਨ ਦੀ ਯਾਦ ਵਿੱਚ ਗੁਰਸਿੱਖਾਂ ਨੇ ਸਿਰਸੇ ਬੜਾ ਖੂਬਸੂਰਤ ਗੁਰਦੁਆਰਿਆ ਬਣਾਇਆ ਹੋਇਆ ਹੈ। ਇਹ ਜਗ੍ਹਾ ਮੁਸਲਮਾਨਾਂ ਦੀ ਖਾਨਗਾਹ ਦੇ ਕੋਲ ਹੀ ਸੀ ਤੇ ਕਬਜਾ ਵੀ 1947 ਤੋਂ ਪਹਿਲਾਂ ਮੁਸਲਮਾਨਾਂ ਦਾ ਹੀ ਸੀ। ਪੁਰਾਣਾ ਸ਼ਿਲਾਲੇਖ ਅੱਜ ਵੀ ਮੌਜੂਦ ਹੈ, 'ਚਿਲ੍ਹਾ ਬਾਵਾ ਸਾਹਿਬ ਨਾਨਕ ਦਰਵੇਸ਼'।

ਸਿਰਫ ਏਹੋ ਸਥਾਨ ਹੀ ਨਹੀ ਕਈ ਹੋਰ ਅਜਿਹੇ ਸਥਾਨ ਜਿੱਥੇ ਗੁਰੂ ਸਾਹਿਬ ਦਾ ਆਗਮਨ ਮੁਸਲਮਾਨ ਟਿਕਾਣਿਆ ਤੇ ਹੁੰਦਾ ਹੈ। ਪੰਜਾ ਸਾਹਿਬ ਅਤੇ ਬਿਦਰ ਦੇ ਅਸਥਾਨ ਵੀ ਪਹਿਲਾਂ ਮੁਸਲਮਾਨਾਂ ਕੋਲ ਹੀ ਸਨ। ਵਕਤ ਪਾ ਕੇ ਮੁਸਲਮਾਨਾਂ ਤੇ ਸਿੱਖਾਂ ਵਿੱਚ ਫਰਕ ਪੈ ਗਿਆ।

ਖੈਰ ਗੁਰੂ ਸਾਹਿਬ ਇਥੇ ਕੁਝ ਦਿਨ ਰਹਿਣ ਉਪਰੰਤ ਬਠਿੰਡੇ ਵਲ ਨੂੰ ਹੋ ਤੁਰੇ।⊙

—▲—

ਪੈੜ ਸਫਾ

◈ਬਹੁਤੇ ਇਤਹਾਸਕਾਰਾਂ ਨੇ ਇਹ ਘਟਨਾ ਰਾਜਸਥਾਨ ਵਿਚ ਹੋਣੀ ਦੱਸਿਆ ਹੈ । ਕਈਆਂ ਨੇ ਬੰਗਾਲ ਵਿਚ ਹੋਣੀ ਲਿਖਿਆਂ ਹੈ। ਪੂਰਬ (ਬੰਗਾਲ ਪਾਸੇ) ਵਾਪਰਨ ਦੀ ਸੰਭਾਵਨਾ ਘੱਟ ਹੈ ਕਿਉਕਿ ਉਧਰ ਅਬਾਦੀ ਕਾਫੀ ਸੰਘਣੀ ਸੀ ਅਤੇ ਵਨਾਸਪਤੀ ਵੀ ਵਾਧੂ ਉਗਦੀ ਹੈ। ਖੈਰ ਇਸ ਬਾਬਤ ਹੋਰ ਖੋਜ ਦੀ ਜਰੂਰਤ ਹੈ।

http://www.himalayawellness.com/herbfinder/calotropis-procera.htm

⊙ ਕਈ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਹਨੂੰਮਾਨਗੜ੍ਹ ਜਾਣਾ ਵੀ ਲਿਖਿਆ ਹੈ। ਇਤਹਾਸ ਵਲ ਝਾਤੀ ਮਾਰੀਏ ਤਾਂ ਹਨੂੰਮਾਨਗੜ ਜਿਸਦਾ ਪੁਰਾਣਾ ਨਾਂ ਭਟਨੇਰ ਸੀ ਬਹੁਤ ਹੀ ਮਹੱਤਵਪੂਰਣ ਅਸਥਾਨ ਰਿਹਾ ਹੈ। ਪਰ ਅਸੀ ਹਨੂੰਮਾਨਗੜ ਦੇ ਇਲਾਕੇ ਦੇ ਗੁਰਦੁਆਰਿਆ ਵਿਚੋਂ ਪੁੱਛ ਪੜਤਾਲ ਕੀਤੀ ਹੈ ਤੇ ਪਤਾ ਲੱਗਾ ਹੈ ਕਿ ਗੁਰੂ ਸਾਹਿਬ ਦੇ ਇਥੇ ਆਉਣ ਦੀ ਕੋਈ ਲੋਕ ਕਥਾ ਨਹੀ ਹੈ। ਹੋ ਸਕਦੈ ਜਿਸ ਅਰਸੇ ਵਿਚ ਗੁਰੂ ਸਾਹਿਬ ਇਸ ਇਲਾਕੇ ਵਿਚ ਫੇਰੀ ਪਾ ਰਹੇ ਸਨ ਓਦੋਂ ਭਟਨੇਰ ਨੂੰ ਵਸਨੀਕਾਂ ਨੇ ਖਾਲੀ ਕਰ ਦਿਤਾ ਹੋਵੇ। 1517 ਦੇ ਵੇਲਿਆਂ ਵਿਚ ਭਟਨੇਰ ਦੀ ਗਿਰਾਵਟ ਦੇ ਸਬੂਤ ਤਾਂ ਮਿਲਦੇ ਹੀ ਹਨ । ਛੇਤੀ ਹੀ ਮਗਰੋਂ ਭਾਵ 1527 ਈ. ਵਿਚ ਬੀਕਾਨੇਰ ਦੇ ਰਾਓ ਜੇਤ ਸਿੰਘ ਨੇ ਭਟਨੇਰ ਦੇ ਕਿਲੇ ਤੇ ਕਬਜ਼ਾ ਕਰ ਲਿਆ ਸੀ। ਮੁਕਦੀ ਗਲ ਗੁਰੂ ਸਾਹਿਬ ਦਾ ਭਟਨੇਰ ਭਾਵ ਹਨੂਮਾਨਗੜ੍ਹ ਆਉਣਾ ਸਾਬਤ ਨਹੀ ਹੁੰਦਾ।

# ਸਿਰਸਾ ਤੋਂ ਪੱਖੋਕੇ

(ਅਤੇ ਕਰਤਾਰਪੁਰ ਦੇ ਕੌਤਕ ਭਾਗ-1)

## ਹਾਜੀ ਰਤਨ ਦੇ ਸਜ਼ਦਾਨਸ਼ੀਨ ਨਾਲ ਗੋਸ਼ਟੀ ◉

ਸਿਰਸਾ ਤੋਂ 80 ਕਿ. ਮੀ ਪਹਾੜ ਚਲ ਕੇ ਸਾਹਿਬ ਬਠਿੰਡਾ ਆਏ।

ਬਠਿੰਡੇ ਵਿਖੇ ਹਾਜੀ ਰਤਨ ਨਾਂ ਦੇ ਸੂਫੀ ਪੀਰ ਦਾ ਮਕਬਰਾ ਹੈ। ਇਸ ਪੀਰ ਬਾਰੇ ਤਰਾਂ ਤਰਾਂ ਦੀਆਂ ਕਹਾਣੀਆਂ ਹਨ। ਬਹੁਤੀਆਂ ਇਸ ਬਾਬਤ ਹਨ ਕਿ ਉਹ ਤਕਰੀਬਨ 700 ਸਾਲਾਂ ਤਕ ਜੀਂਦਾ ਰਿਹਾ। ਉਂਜ 84 ਸਿੱਧਾਂ ਵਿਚ ਵੀ ਹਾਜੀ ਰਤਨ ਨਾਥ ਦਾ ਨਾਂ ਆਉਂਦਾ ਹੈ।



ਹਾਜੀ ਰਤਨ ਨਾਲ ਗੋਸ਼ਟਿ। ਗੁਰੂ ਸਾਹਿਬ ਅਤੇ ਮਰਦਾਨਾ

ਲੋਕਾਂ ਦਾ ਇਹ ਮੰਨਣਾ ਹੈ ਕਿ ਰਤਨ ਨਾਥ ਬਾਦ ਵਿੱਚ ਮੁਸਲਮਾਨ ਬਣ ਗਇਆ ਸੀ ਜਦੋਂ ਇਸ ਨੇ ਸੁਣਿਆ ਕਿ ਅਰਬ ਵਿੱਚ ਰੱਬ ਦਾ ਅਵਤਾਰ ਪੈਦਾ ਹੋਇਆ ਹੈ। ਉਦੋਂ ਪੰਜਾਬ ਵਿਚ ਇਸਲਾਮ ਨੂੰ ਵੱਖਰਾ ਮਜ਼੍ਹਬ ਅਜੇ ਤਸਲੀਮ ਨਹੀ ਸੀ ਕੀਤਾ ਗਿਆ। ਮਿਸਾਲ ਦੇ ਤੌਰ ਤੇ ਅੱਜ ਕੋਈ ਹਿੰਦੂ, ਸਿਰਸੇ ਵਾਲੇ ਡੇਰੇ ਦਾ ਚੇਲਾ ਰਹਿੰਦਿਆਂ ਆਪਣੇ ਆਪ ਨੂੰ ਹਿੰਦੂ ਵੀ ਅਖਵਾ ਸਕਦਾ ਹੈ।

ਮੁਸਲਮਾਨ ਇਸ ਬਾਰੇ ਬੜੀ ਅਦਭੁਤ ਕਥਾ ਦੱਸਦੇ ਹਨ।◉ ਕਹਿੰਦੇ ਹਨ ਕਿ ਰਤਨ ਨਾਥ ਬਠਿੰਡੇ ਦੇ ਸੌਦਾਗਰ ਦਾ ਪੁੱਤਰ ਸੀ। ਇਹ ਸੌਦਾਗਰ ਅਰਬ ਦੇਸਾਂ ਤੱਕ ਭਾਰਤੀ ਸਮਾਨ ਲੈ ਕੇ ਜਾਇਆ ਕਰਦਾ ਸੀ ਅਤੇ ਇਸ ਦਾ ਮੇਲ ਇੱਕ ਵੇਰਾਂ ਮੁਹੰਮਦ ਸਾਬ ਨਾਲ ਹੋਇਆ ਸੀ ਜਿੰਨ੍ਹਾਂ ਨੇ ਇਸ ਨੂੰ ਲੰਮੀ ਉਮਰ ਦੀ ਅਸੀਸ ਦਿੱਤੀ ਸੀ।

ਇਹ ਵੀ ਕਿਹਾ ਜਾਂਦਾ ਹੈ ਕਿ ਰਤਨ ਹਿੰਦੀ ਨੇ ਮਹਿਮੂਦ ਗਜ਼ਨਵੀ ਦੀਆਂ ਫੌਜਾਂ ਨੂੰ ਬਠਿੰਡੇ ਦਾ ਕਿਲ੍ਹਾ ਫਤਹਿ ਕਰਨ ਵਿੱਚ ਮਦਦ ਕੀਤੀ ਸੀ।

ਜਨਮ ਸਾਖੀਆਂ ਵਿੱਚ ਗੁਰੂ ਸਾਹਿਬ ਦਾ ਰਤਨ ਹਿੰਦੀ ਨਾਲ ਵੀ ਮੇਲ ਲਿਖਿਆ ਹੈ। ਦੂਸਰੇ ਪਾਸੇ ਜਨਮਸਾਖੀਆਂ ਦੀ ਪ੍ਰੰਪਰਾ ਜੇ ਵੇਖੀਏ ਤਾਂ ਉਹਨਾਂ ਵਿੱਚ ਜਿੱਥੇ ਵੀ ਗੁਰੂ ਸਾਹਿਬ ਕਿਸੇ ਵੱਡੀ ਸ਼ਖਸੀਅਤ ਦੇ ਸਥਾਨ ਤੇ ਜਾਂਦੇ ਹਨ ਤਾਂ ਜਨਮਸਾਖੀਆਂ ਸਥਾਨ ਦੇ ਮੌਜੂਦਾ ਗੱਦੀ ਨਸ਼ੀਨ ਦਾ ਨਾਂ ਦੇਣ ਦੇ ਬਿਜਾਏ ਸਿੱਧਾ ਹੀ ਪ੍ਰਸਿੱਧ ਸ਼ਖਸੀਅਤ ਨਾਲ ਮੇਲ ਦੱਸਦੀਆਂ ਹਨ ਕਿਉਕਿ ਜਨਮਸਾਖੀਆਂ ਸੁਣੀਆਂ ਸੁਣਾਈਆਂ ਕਹਾਣੀਆਂ ਦੇ ਅਧਾਰ ਤੇ ਲਿਖੀਆਂ ਗਈਆਂ ਹਨ। ਜਨਮਸਾਖੀ ਲਿਖਾਰੀਆਂ ਵਾਸਤੇ ਮੌਜੂਦਾ ਗੱਦੀਨਸ਼ੀਨ ਦਾ ਨਾਂ ਲੱਭਣਾ ਮੁਸ਼ਕਲ ਹੀ ਨਹੀ ਅਸੰਭਵ ਹੁੰਦਾ ਸੀ। ਭਾਵ ਜੇ ਗੁਰੂ ਸਾਹਿਬ ਉਜੈਨ ਵਿਖੇ ਭਰਥਰੀ ਜੋਗੀ ਦੀ ਜਗਾ ਜਾਂਦੇ ਨੇ ਤਾਂ ਓਥੇ ਮੌਜੂਦਾ ਗੱਦੀ ਨਸ਼ੀਨ ਨਾਲ ਗੋਸ਼ਟ ਹੁੰਦੀ ਹੈ, ਪਰ ਜਨਮ ਸਾਖੀਆਂ ਵਾਲੇ ਸਿੱਧਾ ਹੀ ਭਰਥਰੀ ਨਾਲ ਗਲ ਬਾਤ ਦੱਸਦੇ ਹਨ। ਏਸੇ ਤਰਾਂ ਕਿਤੇ ਗੋਰਖ ਨਾਥ ਨਾਲ ਗਲਬਾਤ ਹੁੰਦੀ ਲਿਖੀ ਹੈ ਕਿਤੇ ਸ਼ੇਖ ਫਰੀਦ ਨਾਲ ਆਦਿ। ਇਹ ਸਭ ਸ਼ਖਸੀਅਤਾਂ ਗੁਰੂ ਸਾਹਿਬ ਤੋਂ ਬਹੁਤ ਪਹਿਲੇ ਹੋ ਚੁੱਕੀਆਂ ਹੁੰਦੀਆਂ ਹਨ।

ਸੋ ਐਨ ਇਹੋ ਹਾਲਤ ਪੀਰ ਹਾਜੀ ਰਤਨ ਦੇ ਸਜਦਾਨਸ਼ੀਨ ਅਤੇ ਗੁਰੂ ਸਾਹਿਬ ਦੇ ਮੇਲ ਦੀ ਹੈ। ਜਦੋਂ ਗੁਰੂ ਸਾਹਿਬ ਪੀਰ ਨੂੰ ਮਿਲਦੇ ਹਨ ਤਾਂ ਉਹ ਗੁਰੂ ਸਾਹਿਬ ਅੱਗੇ ਗੁਜਾਰਿਸ਼ ਕਰਦੇ ਹਨ ਕਿ ਸਾਨੂੰ ਆਪਣੀ ਬਾਣੀ ਸੁਣਾਓ। ਗੁਰੂ ਸਾਹਿਬ ਵਜੰਤਰੀਆਂ ਨਾਲ ਬਾਣੀ ਦਾ ਕੀਰਤਨ ਕਰਦੇ ਹਨ।:

ਪ੍ਰਭਾਤੀ ਮਹਲਾ ੧ ॥ ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥ ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥ ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ ॥ ਤੇਰੇ ਲਾਲ ਕੀਮਤਿ ਤਾ ਪਵੈ ਜਾਂ ਸਿਰੈ ਹੋਵਹਿ ਹੋਰਿ ॥੨॥ ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥ ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ ॥੩॥ ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥੪॥੨

ਅੰਦਾਜ਼ਾ ਹੈ ਕਿ ਗੁਰੂ ਸਾਹਿਬ ਇੱਕ ਵਾਰ ਫਿਰ ਮਾਝ ਦੀ ਵਾਰ ਵਾਲੇ ਸਲੋਕ ਇਥੇ ਵੀ ਗਾਏ ਜਿੰਨਾਂ ਵਿੱਚ ਮੁਸਲਮਾਨਾਂ ਬਾਰੇ ਟਿੱਪਣੀਆ ਹਨ। ਜਿਵੇ:

ਪਉੜੀ ॥ ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥ ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥ ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥ (ਪੂਰਾ ਸ਼ਬਦ ਵੇਖੋ ਅੰਗ-141)



ਮਕਬਰਾ ਪੀਰ ਹਾਜੀ ਰਤਨ ਬਠਿੰਡਾ


ਗੁਰਦੁਆਰਾ ਹਾਜੀ ਰਤਨ ਬਠਿੰਡਾ


ਪੇਸ਼ਾਵਰ ਦਾ ਮੰਦਰ: ਦਰਗਾਹ ਪੀਰ ਰਤਨ ਨਾਥ। ➡

ਇਸ ਪ੍ਰਕਾਰ ਹਾਜੀ ਰਤਨ ਮਕਬਰੇ ਦੇ ਗੱਦੀ ਨਸ਼ੀਨ ਨਾਲ ਗੋਸ਼ਟਾਂ ਚਲਦੀਆਂ ਰਹੀਆਂ। ਜਿਸ ਪ੍ਰਕਾਰ ਫਿਰ ਸਿੱਖਾਂ ਦਾ ਇਸ ਅਸਥਾਨ ਤੇ ਆਉਣ ਜਾਣ ਹੋ ਗਇਆ, ਲੱਗਦਾ ਹੈ ਕਿ ਪੀਰ ਨੇ ਅੰਦਰੋਂ ਸਿੱਖੀ ਧਾਰਨ ਕਰ ਲਈ ਸੀ।

ਇਥੇ ਫਿਰ ਦਸਵੇਂ ਗੁਰੂ ਸਾਹਿਬ ਦਾ ਵੀ ਆਉਣਾ ਹੁੰਦਾ ਹੈ। ਦਸਮ ਪਾਤਸ਼ਾਹ ਨੇ ਵੀ ਫਿਰ ਮੌਜੂਦਾ ਪੀਰਾਂ ਨੂੰ ਕਬਰਾਂ ਦੇ ਵਿਸ਼ਵਾਸ ਤੋਂ ਅਜਾਦ ਕਰਵਾਇਆ ਸੀ ਜਿੰਨਾਂ ਦਾ ਸੋਚਣਾ ਸੀ ਕਿ ਮਰਨ ਤੋਂ ਬਾਦ ਵੀ ਪੀਰ ਦੀ ਰੂਹ ਇਥੇ ਹੀ ਰਹਿੰਦੀ ਹੈ।

ਦਸਮ ਪਾਤਸ਼ਾਹ ਨੇ ਇਥੋਂ ਦੀ ਲੋਕਾਈ ਨੂੰ ਇੱਕ ਦੇਅ (ਜਿੰਨ) ਭੈ ਤੋਂ ਵੀ ਮੁਕਤ ਕੀਤਾ ਸੀ।

----◈-----

## ਭੁਚੋ ਮੰਡੀ ਦਾ ਲਵੇਰੀਸਰ ◈

ਬਠਿੰਡੇ ਹੀ ਗੁਰੂ ਸਾਹਿਬ ਨੂੰ ਪਤਾ ਚਲਦਾ ਹੈ ਕਿ ਇਥੋਂ 15


ਲਵੇਰੀਸਰ

ਕਿ.ਮੀ. ਪੂਰਬ ਵਿਚ ਜਿਥੇ ਅੱਜ ਕਲ ਚੱਕ ਫਤਹਿ ਸਿੰਘ ਵਾਲਾ ਹੈ ਓਥੇ ਜੋਗੀਆਂ ਦਾ ਪ੍ਰਸਿੱਧ ਮੱਠ ਹੈ। ਭੁੱਚੋ ਮੰਡੀ ਲਾਗੇ। ਸੋ ਗੁਰੂ ਸਾਹਿਬ ਆ ਪਹੁੰਚੇ ਜੋਗੀਆ ਨੂੰ ਰਾਹੇ ਪਾਉਣ।

ਭੁੱਚੋ ਮੰਡੀ ਤੋਂ ਦੋ ਕਿ. ਮੀ. ਪੱਛਮ ਵਿੱਚ ਟਿੱਬੇ ਤੇ ਗੁਰਦੁਆਰਾ ਲਵੇਰੀਸਰ ਹੈ। ਗੁਰੂ ਨਾਨਕ ਸਾਹਿਬ ਦੇ ਆਗਮਨ ਵੇਲੇ ਇਥੇ ਜੋਗੀਆਂ ਦਾ ਆਸ਼ਰਮ ਹੁੰਦਾ ਸੀ। ਜੋਗੀਆਂ ਵੇਲੇ ਇਹ ਗਲ ਮਸ਼ਹੂਰ ਸੀ ਕਿ ਇਹ ਉਹ ਥਾਂ ਹੈ ਜਿੱਥੇ ਜਾਬਰ ਆਸਹਾਇ ਹੋ ਜਾਂਦਾ ਹੈ। ਹੋਇਆ ਇਸ ਤਰਾਂ ਸੀ ਕਿ ਇੱਕ ਗਾਂ ਨੇ ਜੱਦੋਜਹਿਦ ਕਰਕੇ ਆਪਣੇ ਵੱਛੇ ਨੂੰ ਬਘਿਆੜਾਂ ਤੋਂ ਬਚਾ ਲਿਆਂ ਸੀ।

ਜੋਗੀਆਂ ਨੂੰ ਸਿੱਧੇ ਰਾਹੇ ਪਾਉਣ ਖਾਤਰ ਗੁਰੂ ਸਾਹਿਬ ਨੇ ਇਥੇ ਚਰਨ ਪਾਏ।

ਇਹ ਪਵਿਤ੍ਰ ਅਸਥਾਨ ਪ੍ਰਗਟ ਵੀ ਖ਼ੁੱਦ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ। ਇਸ ਅਸਥਾਨ ਤੋਂ ਬਠਿੰਡੇ ਦਾ ਕਿਲਾ ਨਜਰ ਆਉਂਦਾ ਸੀ ਤਾਂ ਗੁਰੂ ਸਾਹਿਬ ਨੇ ਦੱਸਿਆ ਕਿ ਬਾਨੀ ਗੁਰੂ ਨਾਨਕ ਸਾਹਿਬ ਨੇ ਪਹਿਲਾਂ ਇਸ ਜੋਗੀ ਡੇਰੇ ਤੇ ਚਰਨ ਪਾਏ। ਵਕਤ ਪਾਕੇ ਛੇਵੇ ਪਾਤਸ਼ਾਹ ਹਰਗੋਬਿੰਦ ਸਾਹਿਬ ਵੀ ਇਥੇ ਪਧਾਰੇ। ਇਥੇ ਹੀ ਛੇਵੇਂ ਪਾਤਸ਼ਾਹ ਦੇ ਕਹਿਣ ਤੇ ਕਿਸਾਨ ਨੇ ਫੰਡਰ ਮੱਝ ਲਵੇਰੀਆਂ ਵਾਂਗ ਚੋਈ ਸੀ ਤੇ ਗੁਰੂ ਪਾਤਸ਼ਾਹ ਨੂੰ ਦੁੱਧ ਅਰਪਣ ਕੀਤਾ ਸੀ। ਏਸੇ ਕਰਕੇ ਇਸ ਅਸਥਾਨ ਨੂੰ ਲਵੇਰੀਸਰ ਕਿਹਾ ਜਾਂਦਾ ਹੈ।

ਲਗਦਾ ਹੈ ਗੁਰੂ ਨਾਨਕ ਸਾਹਿਬ ਇਥੋਂ ਵਾਪਸ ਹਾਜੀ ਰਤਨ ਦੇ ਟਿਕਾਣੇ ਤੇ ਚਲੇ ਗਏ ਬਾਅਦ ਵਕਤ ਪਾ ਕੇ ਓਥੋਂ ਸਰਾਇ ਨਾਗਾ ਨੂੰ ਰਵਾਨਾ ਹੋ ਗਏ।

----◈-----

## ਲੱਖੀ ਜੰਗਲ ਵਿਚ ਮੰਗਲ

ਭੁੱਚੋ (ਲਵੇਰੀਸਰ) ਤੋਂ ਹੀ ਚਲਦੇ ਹੋਏ ਗੁਰੂ ਸਾਹਿਬ ਲੱਖੀ ਜੰਗਲ ਪਹੁੰਚੇ ਸਨ। ਇਥੇ ਜੰਗਲ ਵਿੱਚ ਇੱਕ ਸੰਨਿਆਸੀ ਸਾਧ ਰਹਿੰਦਾ ਸੀ ਜਿਸ ਨੂੰ ਆਪਣੀ ਭਗਤੀ ਦਾ ਬੜਾ ਮਾਣ ਸੀ ਜਿਸ ਕਰਕੇ ਉਹ ਲੋਕਾਈ ਨੂੰ ਸਰਾਫ ਆਦਿ ਦੇਣ ਦੀਆਂ ਧਮਕੀਆਂ ਵੀ ਦਿਆ ਕਰਦਾ ਸੀ। ਉਹਦੀ ਚਰਚਾ ਸੁਣ ਕੇ ਗੁਰੂ ਸਾਹਿਬ ਉਸ ਦੇ ਡੇਰੇ ਪਹੁੰਚੇ।

ਲੱਖੀ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਉਹਨੂੰ ਜਪੁਜੀ ਸਾਹਿਬ ਦਾ ਨਿੱਤ ਪਾਠ ਕਰਨ ਦਾ ਉਪਦੇਸ਼ ਦਿੱਤਾ। ਕਿਹਾ ਜਾਂਦਾ ਹੈ, ਲੱਖੀ ਨੇ ਫਿਰ ਲੱਖਾਂ ਵਾਰੀ ਜਪੁਜੀ ਜੱਪਿਆ। ਇਸ ਤਰਾਂ ਲੱਖੀ ਗੁਰੂ ਸਾਹਿਬ ਦਾ ਅਨਿਨ ਭਗਤ ਸਾਬਤ ਹੋਇਆ ਤੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਲੱਖੀ ਸਾਧੂ ਦੀ ਸਮਾਧ ਅੱਜ ਵੀ ਮੌਜੂਦ ਹੈ।

ਗੁਰੂ ਹਰਗੋਬਿੰਦ ਸਾਹਿਬ ਜਦੋਂ ਚੰਦੂ ਸ਼ਾਹੀ ਨੂੰ ਗ੍ਰਿਫਤਾਰ ਕਰਕੇ ਲਹੌਰ ਲਿਜਾ ਰਹੇ ਸਨ ਤਾਂ ਇਸ ਥਾਂ ਵੀ ਰੁਕੇ ਸਨ। ਚੰਦੂ ਨੂੰ ਜਿਸ ਕਿੱਲੇ ਨਾਲ ਬੰਨਿਆ ਉਹ ਵੀ ਅੱਜ ਤੱਕ ਮੌਜੂਦ ਹੈ।

ਦਸਵੇ ਪਾਤਸ਼ਾਹ ਜਦੋਂ ਪ੍ਰਥਮ ਗੁਰੂ ਦੀ ਚਰਨ ਛੋਹ ਧਰਤੀ ਨੂੰ


ਗੁਰਦੁਆਰਾ ਸਾਹਿਬ ਲੱਖੀ ਜੰਗਲ

ਪੈੜ ਸੂਤਰ
◉ ਸਾਈਕਲ ਯਾਤਰੀ- 275 ਅਤੇ ਜਨਮਸਾਖੀਆਂ
◉ Shared Spaces: Exploring Traditions of Shared Faith in India - by Yoginder Sikand. Penguin Books, New Delhi. page-196 to 211
◈ ਸਾਈਕਲ ਯਾਤਰੀ- 274

ਪਰਸਣ ਆਏ ਤਾਂ ਗਦ ਗਦ ਹੋਏ ਸਾਹਿਬ ਦੇ ਮੂੰਹ ਵਿਚੋ ਆਪ ਮੁਹਾਰੇ ਮਲਵੱਈਆਂ ਦੀ ਧਾਰਨਾ ਤੇ ਇਹ ਸ਼ਬਦ ਆਪ ਮੁਹਾਰੇ ਮੁੱਖ ਤੋਂ ਨਿਕਲੇ:

ਲੱਖੀ ਜੰਗਲ ਖਾਲਸਾ, ਆਏ ਦੀਦਾਰ ਲਗਾਉਨੇ॥
ਸੁੱਣ ਕੇ ਸੱਦ ਮਾਹੀ ਦਾ, ਮੇਂਹੀ ਪਾਣੀ ਘਾਹ ਮੱਤੇ ਨੇ॥
ਕਿਸੇ ਨਾਲ ਨਾ ਰਲੀਆ ਕਾਈ, ਕੋਈ ਸਉਂਕ ਪਿਯੋ ਨੇ॥
ਗਿਆ ਫਿਰਾਕ ਮਿਲਿਆ ਮੀਤ ਮਾਹੀ, ਤਾਹੀ ਸ਼ੁਕਰ ਕੀਤੇ ਨੇ॥


ਲੱਖੀ ਸਾਧੂ ਦੀ ਸਮਾਧ

ਲੱਖੀ ਜੰਗਲ ਅਸਲ ਵਿੱਚ ਸਿੰਧ ਵਿੱਚ ਕਰਾਚੀ ਦੇ ਇਲਾਕੇ ਵਿੱਚ ਹੁੰਦਾ ਸੀ ਜਿਥੋਂ ਦੇ ਘੋੜੇ ਮਸ਼ਹੂਰ ਸਨ। ਗੁਰੂ ਸਾਹਿਬ ਨੇ ਲੱਖੀ ਭਗਤ ਹੋਣ ਕਰਕੇ ਇਸੇ ਇਲਾਕੇ ਨੂੰ ਲੱਖੀ ਜੰਗਲ ਦਾ ਖਿਤਾਬ ਦੇ ਦਿਤਾ ਸੀ।

ਜਿਥੇ ਅੱਜ ਇਹ ਅਸਥਾਨ ਮੌਜੂਦ ਹੈ ਇਹ ਪਿੰਡ ਮਹਿਮਾ ਸਰਜਾ ਵੱਜਦਾ ਹੈ ਜੋ ਕਿ ਭਗਤਾ ਭਾਈ ਕਾ ਤੋ 30 ਕਿ. ਮੀ. ਦੱਖਣ ਪੱਛਮ ਭਾਵ ਬਠਿੰਡੇ ਤੋਂ 33 ਕਿ. ਮੀ ਦੱਖਣ ਅਤੇ ਜੈਤੋ ਤੋਂ 20 ਕਿ. ਮੀ ਪੂਰਬ ਪੈਂਦਾ ਹੈ।⊙

----◈-----

## ਸਰਾਏ ਨਾਗਾ ਜਾ ਸਿੱਖੀ ਦਾ ਬੂਟਾ ਲਾਇਆ

ਜਦੋਂ ਗੁਰੂ ਸਾਹਿਬ ਇਥੇ ਪਧਾਰੇ ਸਨ ਤਾਂ ਇਥੇ ਵੀ ਜੋਗੀਆਂ ਦਾ ਬਹੁਤ ਵੱਡਾ ਮੱਠ ਹੁੰਦਾ ਸੀ। ਉਨਾਂ ਨੂੰ ਸ਼ਬਦ ਦੀ ਮਹਿਮਾ ਦੱਸ ਕੇ ਨਾਮ ਦੇ ਲੜ ਲਾਇਆ।

ਗੁਰੂ ਸਾਹਿਬ ਜਦੋਂ ਇਥੇ ਆਏ ਤਾਂ ਡੇਰਾ ਉਸ ਥਾਂ ਕੀਤਾ ਜਿੱਥੇ ਅੱਜ ਗੁਰਦੁਆਰਾ ਸਾਹਿਬ ਮੌਜੂਦ ਹੈ। ਉਦੋਂ ਇਸ ਸ਼ਹਿਰ ਦਾ ਨਾਂ ਮੱਤੇ ਦੀ ਸਰਾਇ ਹੁੰਦਾ ਸੀ। ਇਹ ਸ਼ਹਿਰ ਪੂਰਨ ਭਗਤ ਭਾਵ ਰਾਜਾ ਸਲਵਾਨ ਦੇ ਵੇਲਿਆਂ ਦਾ ਸੀ। ਖੁਦਾਈ ਦੌਰਾਨ ਇਥੋਂ ਵੱਡੀ ਇੱਟ ਮਿਲਦੀ ਹੈ। ਜੋ 1500-2500 ਸਾਲ ਪਹਿਲਾਂ ਹੋਇਆ ਕਰਦੀ ਸੀ। ਬਾਦ ਵਿੱਚ ਮੱਤੇ ਦੀ ਸਰਾਇ ਬਰਬਾਦ ਹੋ ਗਇਆ ਜਦੋਂ ਕਿਸੇ ਮੁਸਲਮਾਨ ਹਮਲਾਵਰ ਨੇ ਇਨੂੰ ਲੁੱਟਿਆ ਪੁੱਟਿਆ ਸੀ।

ਇਥੇ ਹੀ ਸਾਹਿਬ ਨੇ ਕਰਮੂ ਨਾਂ ਦਾ ਕੋੜੀ ਰਾਜੀ ਕੀਤਾ ਸੀ। ਕਿਸੇ ਸੂਫੀ ਪੀਰ ਨਾਲ ਵੀ ਗਲ ਬਾਤ ਹੋਣ ਦਾ ਜਿਕਰ ਮਿਲਦਾ ਹੈ। ਦਾਤਣ ਕਰਨ ਉਪਰੰਤ ਗੁਰੂ ਸਾਹਿਬ ਨੇ ਟਹਿਣੀ ਦਬੀ ਸੀ ਜੋ ਅੱਜ ਵੀ ਵਣ ਦੇ ਰੁੱਖ ਵਿੱਚ ਮੌਜੂਦ ਹੈ।

ਜਦੋਂ ਦਸਮ ਪਾਤਸ਼ਾਹ ਇਸ ਥਾਂ ਆਏ ਤਾਂ ਇਥੇ ਲੰਮੀ ਉਮਰ ਦਾ ਜੋਗੀ ਰਿਹਾ ਕਰਦਾ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਦੌਰ ਵਿੱਚ ਇਥੇ ਮਨੋਹਰ ਦਾਸ ਨਾਂ ਦਾ ਨਾਂਗਾ ਸਾਧੂ ਇਲਾਕੇ ਵਿੱਚ ਬਹੁਤ ਅਸਰ ਰਸੂਖ ਰੱਖਦਾ ਸੀ। ਮਹਾਰਾਜੇ ਦੇ ਦੀਵਾਨ ਮੋਹਕਮ ਚੰਦ ਨੇ ਜਦੋਂ ਇਹ ਇਲਾਕਾ ਫਤਹਿ ਕੀਤਾ ਤਾਂ ਨਾਂਗੇ ਸਾਧੂ ਨੂੰ ਇਲਾਕੇ ਦੀ ਜਗੀਰ ਦੇ ਦਿਤੀ। ਸੋ ਦੁਬਾਰਾ ਹੋਂਦ ਵਿੱਚ ਆਈ ਬਸਤੀ ਫਿਰ ਨਾਂਗੇ ਸਾਧੂ ਦੇ ਨਾਂ ਤੇ ਚਲੀ।◈

## ਮਰਦਾਨਾ ਚੌਥੇ ਪੰਜਵੇਂ ਦਿਨ ਜਾ ਪਹੁੰਚਿਆ ਤਲਵੰਡੀ

ਸਰਾਇ ਨਾਗਾ ਤੋਂ ਮਰਦਾਨਾ ਗੁਰੂ ਸਾਹਿਬ ਤੋਂ ਵਿਦਾ ਲੈਣ ਲੱਗਾ ਕਹਿਣ ਲੱਗਾ ਕਿ ਬਾਬਾ ਜੀ ਮਿਰਾਸਣ ਲਈ ਕੀ ਲੈ ਕੇ ਜਾਵਾਂ? ਜਾਣੀ ਜਾਣ ਬਾਬੇ ਨੇ ਜਿੱਥੇ ਬੈਠੇ ਸਨ ਰੋੜਾਂ ਦੀ ਮੁੱਠ ਭਰੀ ਤੇ ਮਰਦਾਨੇ ਨੂੰ ਕਿਹਾ ਲੈ ਪੱਲੇ ਬੰਨ ਲੈ। ਆਗਿਆਕਾਰ ਮਰਦਾਨੇ ਨੇ ਬਿਨਾਂ ਹੀਲ ਹੁੱਜਤ ਦੇ ਉਹ ਰੋੜ ਪੱਲੇ ਬੰਨ ਲਏ ਤੇ ਵੱਖਰਾ ਹੋ ਤਲਵੰਡੀ ਦਾ ਰੁਖ ਕਰ ਗਿਆ। ਤੁਰਨ ਲੱਗਾ ਬਾਬੇ ਨੂੰ ਮਾਣ ਨਾਲ ਹੁਕਮ ਕਰ ਗਇਆ ਕਿ ਬਾਬਾ ਹੁਣ ਰਸਤੇ ਵਿੱਚ ਹੀ ਕਿੱਤੇ ਸਮਾਧੀ ਨਾਂ ਲੱਗ ਜਾਵੇ। ਪਰਸੋਂ ਨੂੰ ਤੁਸੀ ਸੁਲਤਾਨਪੁਰ ਹੋਣੇ ਚਾਹੀਦੇ ਹੋ। ਅੰਦਾਜ਼ਾ ਹੈ ਮਰਦਾਨੇ ਨੇ ਚਾਰ ਕੁ ਦਿਨਾਂ ਵਿੱਚ 140 ਕਿ. ਮੀ. ਸਫਰ ਤਹਿ ਕੀਤਾ ਹੋਵੇਗਾ। ਰਸਤੇ ਵਿੱਚ ਰਾਤ ਕੱਟਣ ਲਈ ਤਾਂ ਬਾਬੇ ਦੀਆਂ ਠਾਹਰਾਂ ਜਿਵੇ ਕੰਗਣਪੁਰ, ਚੂਣੀਆਂ, ਉਪਲ ਬਸਤੀ ਆਦਿ ਪਹਿਲਾਂ ਹੀ ਬਣ ਚੁੱਕੀਆਂ ਸਨ।

ਸਰਾਇ ਨਾਗਾ ਤੋਂ ਗੁਰੂ ਸਾਹਿਬ ਤੋਂ ਵੱਖਰਾ ਹੋ ਮਰਦਾਨਾ ਚੌਥੇ ਦਿਨ ਜਾ ਘਰ ਪਹੁੰਚਿਆ। ਮਿਰਾਸੀਆਂ ਦੇ ਘਰ ਵਿੱਚ ਵਿਆਹ ਵਰਗਾ ਮਹੌਲ ਬਣ ਗਇਆ ਸੀ। ਪੁਰਾਣੇ ਸਮਿਆਂ 'ਚ ਲਾਮ ਤੇ ਗਇਆ ਜਦੋਂ ਲੰਮਾਂ ਸਮਾਂ ਬੰਦਾ ਘਰ ਨਾਂ ਪਰਤੇ ਨਾਂ ਮੰਨ ਲਿਆ ਜਾਂਦਾ ਸੀ ਕਿ ਉਹ ਚਲਾਣਾ ਕਰ ਗਇਆ ਹੈ। ਸੋ ਮਰਦਾਨੇ ਦਾ ਪਰਤਣਾ ਤਾਂ ਇੱਕ ਦੂਸਰਾ ਜੀਵਨ ਮਿਲਣ ਤੁਲ ਸੀ। ਪਿੰਡ ਦਾ ਹਰ ਜਗਿਆਸੂ ਬੱਚਾ ਬੁੱਢਾ ਮਰਦਾਨੇ ਦੇ ਘਰ ਪਹੁੰਚ ਗਇਆ ਸੀ।

ਮਾਤਾ ਤ੍ਰਿਪਤਾ ਤਾਂ ਇੱਕ ਪਲ ਤੋਂ ਪਹਿਲਾਂ ਮਰਦਾਨੇ ਦੇ ਘਰ ਸੀ। ਜਿਵੇ ਜਿਵੇਂ ਘਟਨਾਵਾਂ ਯਾਦ ਆ ਰਹੀਆਂ ਸਨ ਮਰਦਾਨੇ ਨੂੰ ਦਸ ਰਹੇ ਸਨ। "ਬੇਬੇ ਬਸ਼ੀਰਾਂ ਗੁਜਰ ਗਈ" "ਧੀ ਨਾਮੀ ਦੇ ਦੋ ਅੰਞਾਣੇ ਨੇ।" "ਆਹ ਸ਼ੈਤਾਨ ਸਾਦਿਕ ਦਾ ਪੋਤਰਾ ਈ!" ਰਾਇ ਬੁਲਾਰ ਦੇ ਫੌਤ ਹੋਣ ਦੀ ਖਬਰ ਦਿੰਦਿਆਂ ਹਰ ਕਿਸੇ ਦਾ ਚਿਹਰਾ ਗਮਗੀਨ ਹੋ ਗਿਆ। ਹਰ ਕਿਸੇ ਨੇ ਕਿਹਾ ਕਿ ਖੁਦਾ ਉਨੂੰ ਬਹਿਸ਼ਤਾਂ 'ਚ ਥਾਂ ਦੇਵੇ। "ਰਾਇ ਅੰਤ ਤੱਕ ਨਾਨਕ ਨੂੰ ਯਾਦ ਕਰ ਰਿਹਾ ਸੀ।"

ਓਧਰੋ ਇੱਕ ਬੱਚੇ ਨੇ ਆ ਕੇ ਮਾਤਾ ਤ੍ਰਿਪਤਾ ਨੂੰ ਕਿਹਾ ਕਿ ਬਾਪੂ ਤੈਨੂੰ ਸੱਦਦਾ ਪਿਆ ਈ। ਮਾਤਾ ਬੋਲੀ, "ਓਨੂੰ ਕਹਿ ਆਉਨੀ ਆਂ। ਓਨੂੰ ਹਮੇਸ਼ਾਂ ਛੇਤੀ ਪਈ ਰਹਿੰਦੀ ਆ।" "ਮਰਦਾਨਿਆ ਆ ਦੋ ਪਲ ਘਰ।" "ਮਹਿਤਾ ਤੈਨੂੰ ਵੇਖਣਾ ਚਾਹੁੰਦਾ ਈ।"

ਮਿਰਾਸਣ ਨੂੰ ਬੀਬੀ ਤੇ ਗੁੱਸਾ ਆ ਰਿਹਾ ਸੀ। ਪਰ ਕੁਝ ਬੋਲ ਨਹੀ ਸੀ ਸਕਦੀ। ਬੀਬੀ ਤ੍ਰਿਪਤਾ ਆਖਿਰ ਮਰਦਾਨੇ ਨੂੰ ਨਾਲ ਲੈ ਗਈ। ਮਹਿਤਾ ਕਾਲੂ ਨੇ ਮਰਦਾਨੇ ਨੂੰ ਪਿਆਰ ਦਿੱਤਾ ਤੇ ਕੋਲ ਬੈਠਾ ਲਿਆ। ਮਰਦਾਨੇ ਨੇ ਸਾਰੀ ਰਿਪੋਰਟ ਦਿੱਤੀ। ਬੀਬੀ ਤ੍ਰਿਪਤਾ

ਪੈੜ ਸਰੋਤ
⊙ਸਾਈਕਲ ਯਾਤਰੀ-261
◈ਗੁਰਧਾਮ ਸੰਗਰਹਿ-7, ਮੁਕਾਮੀ ਪ੍ਰੰਪਰਾ ਅਤੇ ਸਾਈਕਲ ਯਾਤਰੀ- 278



ਬੱਟ ਤੀਰਥ- ਅਬੋਹਰ ਇਲਾਕੇ ਦੇ ਸਟੇਸ਼ਨ ਪੰਜ ਕੋਸੀ ਤੋਂ ਪੱਛਮ ਵਲ ਇੱਕ ਕਿ. ਮੀ ਤੇ ਪਿੰਡ ਹਰੀ ਪੁਰ ਦੇ ਬਾਹਰ ਤਲਾਬ ਕਿਨਾਰੇ ਵੀ ਕਿਸੇ ਵੇਲੇ ਗੁਰੂ ਸਾਹਿਬ ਬਿਰਾਜੇ ਸਨ। ਉਪਰੰਤ ਦਸਮ ਪਾਤਸ਼ਾਹ ਦਾ ਆਉਣਾ ਵੀ ਲਿਖਿਆ ਮਿਲਦਾ ਹੈ। ਅੱਜ ਇਥੇ ਵੀ ਸ਼ਾਨਦਾਰ ਗੁਰਦੁਆਰਾ ਸ਼ੱਸ਼ੋਭਿਤ ਹੈ।

ਕਿਹਾ ਜਾਂਦਾ ਹੈ ਕਿ ਤਲਾਬ ਦੀ ਖੁਦਾਈ ਵੇਲੇ ਚਰਨ ਪਾਦੁਕਾ ਤੇ ਹੋਰ ਵਸਤੂਆਂ ਨਿਕਲੀਆਂ ਸਨ।

**ਅੱਜ ਗੁਰਦੁਆਰਾ ਸਾਹਿਬ ਅਕਾਲ ਗੜ੍ਹ ਕਹਾਉਦਾ ਹੈ।**⊙

ਦੁੱਧ ਦਾ ਗਿਲਾਸ ਭਰ ਲਿਆਈ।

ਜਦੋਂ ਮਹਿਤਾ ਕਾਲੂ ਨੇ ਕਿਹਾ ਕਿ ਨਾਨਕ ਨੂੰ ਆਪ ਲੈ ਕੇ ਆਉਨੇ ਹਾਂ ਤਾਂ ਮਰਦਾਨੇ ਨੇ ਮਨ੍ਹਾ ਕਰ ਦਿੱਤਾ ਕਿ ਗੁਰੂ ਸਾਹਿਬ ਖ਼ੁੱਦ ਇੱਕ ਦੋ ਦਿਨਾਂ ਵਿੱਚ ਆ ਜਾਣਗੇ। ਮਰਦਾਨੇ ਨੇ ਕਿਹਾ ਕਿ ਗੁਰੂ ਸਾਹਿਬ ਦੋ ਚਾਰ ਦਿਨਾਂ 'ਚ ਆਏ ਲਓ। ਜੇ ਤੁਸੀ ਚਲੇ ਵੀ ਗਏ ਤਾਂ ਤੁਹਾਡਾ ਮੇਲ ਨਹੀ ਹੋਣਾਂ ਉਹ ਕੀ ਪਤਾ ਕਿਹੜੇ ਰਸਤੇ ਤਲਵੰਡੀ ਆਉਣ। ਮਹਿਤਾ ਜੀ ਤੇ ਮਾਤਾ ਚੁੱਪ ਹੋ ਗਏ।

ਜਨਾਨੀਆਂ ਬੰਦੇ ਸਭ ਵਧਾਈਆਂ ਦੇ ਰਹੇ ਸਨ। ਹਰ ਆਏ ਗਏ ਦਾ ਮੂੰਹ ਮਿੱਠਾ ਕਰਵਾਇਆ ਜਾ ਰਿਹਾ ਸੀ। ਬੀਬੀ ਨੇ ਗਵਾਂਢ ਵਿੱਚ ਭਾਜੀ ਵੰਡਣ ਵਾਸਤੇ ਲਾਗਣਾਂ ਸੱਦ ਲਈਆਂ ਸਨ। ◈

----◈-----

## ਜਦੋਂ ਭੈਣ, ਰੱਬ ਰੂਪੀ ਭਰਾ ਦੇ ਗੱਲ ਲੱਗ ਰੋਈ •

ਸਾਉਣ ਦਾ ਮਹੀਨਾ ਸੀ। ਬੇਬੇ ਨਾਨਕੀ ਨੂੰ ਇੱਕ ਤਾਂ ਬਿਰਹਾ, ਦੂਜਾ ਤਪਸ਼ ਨੇ ਲੂਹਿਆ ਹੋਇਆ ਸੀ। ਚਾਣਚੱਕ 'ਸਤਿ ਕਰਤਾਰ' ਦੀ ਅਵਾਜ ਬੇਬੇ ਦੇ ਕੰਨਾਂ 'ਚ ਆ ਗੂੰਜੀ। ਬੇਬੇ ਚੀਕ ਉਠੀ, "ਨੀ ਤੁਲਸਾਂ ਥੱਲੇ ਵੇਖ, ਮੈਨੂੰ ਨਾਨਕ ਦੀ ਵਾਜ ਲੱਗਦੀ ਆ?" ਨੌਕਰਾਣੀ ਨੇ ਥੱਲੇ ਝਾਤੀ ਮਾਰੀ। ਸੱਚਮੁੱਚ ਨਾਨਕੀ ਦੇ ਘਰ ਉਹਦਾ ਰੱਬ ਨਾਨਕ ਵੀਰ ਸੀ। ਜਿਵੇ ਬਾਹਰ ਮੂੰਹ ਕੱਢ ਕੇ ਵੇਖਿਆ ਬੱਦਲਵਾਈ ਵੀ ਹੋ ਚੁੱਕੀ ਸੀ। ਮੀਂਹ ਵੀ ਬਾਬੇ ਦੇ ਨਾਲ ਹੀ ਸੁਲਤਾਨਪੁਰ ਆ ਪਹੁੰਚਾ।

"ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥" ਭੈਣ ਬਾਬੇ ਦੇ ਗੱਲ ਲੱਗ ਰੋਈ। "ਵੇ ਐਨਾ ਚਿਰ?" "ਤੂੰ ਕੋਈ ਸੁਖ ਸੁਨੇਹਾ ਹੀ ਭੇਜ ਦਿੱਤਾ ਹੁੰਦਾ।" ਅੱਗੋ ਵੀਰ ਕਹਿੰਦਾ ਕਿ ਬੇਬੇ ਜੀ! ਸੈਕੜੇ ਮੀਲ ਦੂਰ ਹੁੰਨਾ ਵਾਂ ਕਿਵੇ ਸੁਨੇਹਾ ਭੇਜਦਾ। ਓਥੇ ਕਿਹੜਾ ਕੋਈ ਵਾਕਫ ਹੁੰਦਾ ਹੈ, "ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ "

ਬੇਬੇ ਦੇ ਘਰ ਵਿੱਚ ਤਾਂ ਝੱਟ ਵਿਆਹ ਵਾਲਾ ਮਹੌਲ ਬਣ ਗਿਆ। ਜਿਹੜਾ ਵੀ ਸੁਣੇ ਦੌੜਾ ਆਏ। "ਬਾਬਾ ਨਾਨਕ ਆ ਗਿਆ।" "ਬਾਬਾ ਨਾਨਕ ਆ ਗਿਆ।" ਨੌਕਰਾਣੀ ਨੂੰ ਭੇਜ ਬੇਬੇ ਜੀ ਨੇ ਪਤਾਸਿਆ ਦੀਆਂ ਦੋ ਟੋਕਰੀਆਂ ਝੱਟ ਮੰਗਾ ਲਈਆਂ ਸਨ।

ਜ਼ਾਮੀਂ ਭਾਈਆ ਜੈ ਰਾਮ ਵੀ ਆ ਗਇਆ ਤੇ ਸਾਰੀ ਸੁੱਖ ਸਾਂਦ ਤੇ ਦੇਸਾਂ ਬਦੇਸਾਂ ਦੇ ਹਾਲ ਪੁੱਛੇ।

ਬੇਬੇ ਨੇ ਦੱਸਿਆ ਕਿ ਕਿਵੇ ਮੂਲਾ ਚੋਣੇ ਦੇ ਨਜਰੀਏ ਵਿਚ ਕੋਈ ਫਰਕ ਨਹੀ ਆਇਆ ਅਤੇ ਅਜੇ ਵੀ ਜਿੱਦਾਂ ਕਰਦਾ ਰਹਿੰਦਾ ਵਾ। ਲਖਮੀ ਚੰਦ ਦੀ ਘਰ ਵਾਲੀ ਦੇ ਗੁਜਰਨ ਦੀ ਗਲ ਦੱਸੀ। ਰਾਇ ਬੁਲਾਰ ਦੇ ਚਲਾਣੇ ਦੀ ਖਬਰ ਦਿੱਤੀ। ਬੇਬੇ ਨੇ ਬਾਬੇ ਨੂੰ ਹੁਕਮ ਕੀਤਾ ਕਿ ਤੂੰ ਆਪ ਹੁਣ ਪੱਖੋਕੇ ਜਾ। ਓਨਾਂ ਦਾ ਗੁੱਸਾ ਠੰਡਾ ਹੋਵੇ।

ਭੈਣ ਭਰਾ ਦੇ ਮੇਲ ਉਪਰੰਤ ਜਦੋਂ ਮਹੌਲ ਕੁਝ ਠੰਡਾ ਹੋਇਆ ਤਾਂ ਫਿਰ ਬਾਬੇ ਨੂੰ ਨਿਰੰਕਾਰ ਦੀ ਯਾਦ ਆਈ ਤਾਂ ਵਡਹੰਸ ਰਾਗ ਵਿੱਚ ਸ਼ਬਦ ਉਚਾਰਿਆ:-

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥ ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥ ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥ ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥ ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥ ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥ ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥

----◈-----

ਸੁਲਤਾਨਪੁਰ ਲੋਧੀ

## ਨਵਾਬ ਦੌਲਤ ਖਾਂ ਲੋਧੀ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਕੋਈ ਟਿਕਾਣਾ ਬਣਾ ਕੇ ਬਹਿ ਜਾਓ

ਨਵਾਬ ਨੂੰ ਜਿਵੇ ਪਤਾ ਲੱਗਾ ਕਿ ਨਾਨਕ ਆਇਆ ਹੈ ਉਸ ਨੇ ਤੁਰੰਤ ਸੁਨੇਹਾ ਭੇਜ ਦਿੱਤਾ ਕਿ ਨਾਨਕ ਨੂੰ ਕਹੋ ਕਿ ਨਵਾਬ ਤੇਰੇ ਦਰਸ਼ਨ ਕਰਨਾਂ ਲੋਚਦਾ ਹੈ। ਹੁਕਮ ਹੋਵੇ ਤਾਂ ਆਵਾਂ ?

ਪੈੜ ਸਫਾ

⊙ ਗੁਰਧਾਮ ਦੀਦਾਰ- 132

ਇਸ ਅਸਥਾਨ ਬਾਰੇ ਕੋਈ ਸਾਫ ਅੰਦਾਜ਼ੇ ਨਹੀ ਲਾਏ ਜਾ ਸਕੇ ਕਿ ਕਿਹੜੇ ਪਾਸਿਓ ਸਾਹਿਬ ਆਏ ਹੋਣਗੇ। ਮਾਤਰ ਸਹੂਲਤ ਲਈ ਅਸੀ ਇਸ ਅਸਥਾਨ ਦੂਜੀ ਉਦਾਸੀ ਵਿਚ ਰੱਖ ਲਿਆ ਹੈ।

◈ (ਸੋਢੀ 2- 607) ਮੁਤਾਬਿਕ ਮਰਦਾਨਾ ਤਲਵੰਡੀ ਹੁਸੰਗ ਗਇਆ ਸੀ। ਅਸੀ ਬਥੇਰੀ ਪੁੱਛ ਪੜਤਾਲ ਕੀਤੀ ਹੈ ਪਰ ਸਾਨੂੰ ਇਸ ਨਾਂ ਦਾ ਪਿੰਡ ਪਾਕਿਸਤਾਨ ਅਤੇ ਪੰਜਾਬ ਵਿਚ ਨਹੀ ਮਿਲ ਪਾਇਆ। ਭਵਿਖ ਦੇ ਖੋਜੀ ਧਿਆਨ ਵਿਚ ਰੱਖਣ।

●ਸੋਢੀ : 2 -182, ਅਨੁਸਾਰ ਗੁਰੂ ਸਾਹਿਬ ਸਾਵਣ ਦੇ ਮਹੀਨੇ ਪੱਟੀ ਪਹੁੰਚੇ ਸਨ। ਪਿੱਛੋਂ ਰਾਜਸਥਾਨ ਤੋਂ ਉਨਾਂ ਦੇ ਤੁਰਨ ਦਾ ਵੀ ਜੇ ਹਿਸਾਬ ਲਈਏ ਤਾਂ ਵੀ ਉਹ ਸਾਵਣ ਦੇ ਮਹੀਨੇ ਹੀ ਪੱਟੀ ਪਹੁੰਚਦੇ ਹਨ। ਇਸ ਸ਼ਬਦ ਵਿੱਚ ਵੀ ਸਾਵਣ ਤੇ ਭੈਣ ਦਾ ਹੀ ਜਿਕਰ ਹੈ। ਇੱਕ ਹੋਰ ਵੀ ਸਾਫ ਇਸ਼ਾਰਾ ਹੈ ਕਿ, " ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ "

ਸੋ ਸਰਾਇ ਨਾਗਾ ਤੋਂ ਚਲਦੇ ਹੋਏ ਲੋਕਾਈ ਦਾ ਉਧਾਰ ਕਰਦੇ ਗੁਰੂ ਸਾਹਿਬ ਸੁਲਤਾਨਪੁਰ ਆ ਪਹੁੰਚੇ। ਅਤੇ ਫਿਰ ਕੁਝ ਦਿਨਾਂ ਬਾਦ ਤਲਵੰਡੀ ਜਾਂਦੇ ਨੇ।

ਕਿਉਂਕਿ ਗੁਰੂ ਸਾਹਿਬ ਆਪਣੇ ਭਣਵੱਈਏ ਜੈਰਾਮ ਦੇ ਘਰ ਠਹਿਰੇ ਸਨ ਜੋ ਕਿ ਨਵਾਬ ਦੇ ਮੁਤਾਹਿਤ ਸੀ। ਨਵਾਬ ਦਾ ਜੈਰਾਮ ਦੇ ਘਰ ਜਾਣ ਤੇ ਪ੍ਰੋਟੋਕੋਲ ਲਾਗੂ ਹੋ ਜਾਂਦਾ ਸੀ ਜਿਸ ਕਾਰਨ ਨਵਾਬ ਸਿੱਧਾ ਗੁਰੂ ਨਾਨਕ ਨੂੰ ਮਿਲਣ ਨਹੀ ਸੀ ਆ ਸਕਦਾ। ਪਰ ਉਨੀ ਦਿਨੀ ਰਾਜੇ ਮਹਾਰਾਜੇ ਪੀਰਾਂ ਫਕੀਰਾਂ ਦੇ ਆਮ ਹੀ ਆਪ ਜਾਇਆ ਕਰਦੇ ਸਨ। ਪੀਰ ਫਕੀਰ ਦੇ ਪੱਕੇ ਟਿਕਾਣੇ ਨੂੰ ਦੇਹੁਰਾ ਕਿਹਾ ਜਾਂਦਾ ਸੀ।

ਸੁਨੇਹਾ ਮਿਲਣ ਤੇ ਗੁਰੂ ਸਾਹਿਬ ਆਪ ਬਿਨਾਂ ਦੇਰੀ ਦੇ ਨਵਾਬ ਨੂੰ ਮਿਲਣ ਗਏ। ਇਸ ਤੋਂ ਪਹਿਲਾਂ ਕਿ ਨਵਾਬ ਗੁਰੂ ਸਾਹਿਬ ਅੱਗੇ ਝੁਕਦਾ ਗੁਰੂ ਸਾਹਿਬ ਨੇ ਆਪ ਝੁੱਕ ਕੇ ਸਲਾਮ-ਇ-ਲੈਕਮ ਕੀਤਾ। ਨਵਾਬ ਨੇ ਗੁਰੂ ਸਾਹਿਬ ਨੂੰ ਜੱਫੀ ਵਿੱਚ ਲੈ ਲਿਆ। ਉਲਕ ਮੁੱਲਕ ਦੀਆਂ ਗੱਲਾਂ ਬਾਤਾਂ ਹੋਈਆਂ। ਨਵਾਬ ਨੇ ਬੜੇ ਸਾਗੀਰ (ਹਿੰਦੁਸਤਾਨ) ਦੇ ਰਾਜਿਆਂ ਦੇ ਹਾਲ ਚਾਲ ਪੁੱਛੇ। ਲੰਮਾ ਸਮਾਂ ਗੱਲਾਂ ਬਾਤਾਂ ਹੁੰਦੀਆਂ ਰਹੀਆਂ।

ਨਵਾਬ ਕਹਿਣ ਲੱਗਾ ਨਾਨਕ ਏਥੇ ਤੇਰੀਆਂ ਗੱਲਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਮੈਨੂੰ ਪਤਾ ਲੱਗਦਾ ਹੈ ਕਿ ਕਈ ਲੋਕ ਤੈਨੂੰ ਲੱਭਦੇ ਇਥੇ ਆਉਂਦੇ ਰਹਿੰਦੇ ਨੇ। ਮੇਰੀ ਗੁਜਾਰਿਸ਼ ਹੈ ਕਿ ਇਥੇ ਜਾਂ ਹੋਰ ਜਿੱਥੇ ਚਾਹੇ ਆਪਣਾ ਮੁਕਾਮ (ਦੇਹਰਾ, ਮਰਕਜ ਜਾਂ ਹੈਡਕੁਆਰਟਰ) ਬਣਾ ਲੈ। ਬਹੁਤ ਲੋਕ ਨਿਰਾਸ਼ ਪਰਤਦੇ ਹਨ। ਕੋਈ ਟਿਕਾਣਾ ਤਾਂ ਹੋਣਾ ਚਾਹੀਦਾ ਹੈ ਜਿਥੋਂ ਲੋਕਾਂ ਨੂੰ ਪਤਾ ਲੱਗ ਸਕੇ। ਜਦੋਂ ਲੋਕ ਇਥੇ ਆਉਂਦੇ ਹਨ ਤਾਂ ਕਈਆਂ ਨੂੰ ਕਹਿ ਦਿੱਤਾ ਜਾਂਦਾ ਹੈ ਕਿ ਹੋ ਸਕਦਾ ਨਾਨਕ ਤਲਵੰਡੀ ਹੋਵੇ। ਉਹ ਵਿਚਾਰੇ ਓਥੇ ਖੱਜਲ ਹੁੰਦੇ ਰਹਿੰਦੇ ਨੇ।

ਗੁਰੂ ਸਾਹਿਬ ਨੇ ਨਵਾਬ ਨੂੰ ਕਿਹਾ ਕਿ ਤੁਹਾਡੀ ਸਲਾਹ ਬਹੁਤ ਨੇਕ ਹੈ। ਗੁਰੂ ਜੀ ਗੱਲ ਨੂੰ ਬਹੁਤ ਡੂੰਘਾਈ ਤੱਕ ਲੈ ਗਏ। ਨਵਾਬ ਨੂੰ ਕਹਿਣ ਲੱਗੇ ਕਿ ਸਾਡਾ ਦੇਹਰਾ ਜਾਂ ਮੁਕਾਮ ਤਾਂ ਤਹਿ ਹੈ ਹੀ। ਅਸੀ ਸਾਰੇ ਖੁਦਾ ਦੀ ਪੈਦਾਇਸ਼ ਹਾਂ। ਸਾਡਾ ਸਭ ਦਾ ਅਸਲੀ ਤੇ ਆਖਰੀ ਟਿਕਾਣਾ ਓਹੀ ਹੈ। ਅਸੀ ਸਭ ਚੱਕਰ 'ਚ ਪਏ ਹੋਏ ਆ ਜਾ ਰਹੇ ਹਾਂ। ਉਂਜ ਹਰ ਕੋਈ ਇਥੇ ਆਪਣਾ ਮੁਕਾਮ ਸਾਜੀ ਬੈਠਾ ਹੈ ਪਰ ਪਤਾ ਨਹੀ ਕਦੋਂ ਉਹ ਮੁਕਾਮ ਛੱਡਣਾ ਪੈਣਾ ਹੈ। ਗੁਰੂ ਸਾਹਿਬ ਨੇ ਸ੍ਰੀ ਰਾਗ ਵਿੱਚ ਸ਼ਬਦ ਕਹਿ ਨਵਾਬ ਨੂੰ ਵੀ ਇਸ਼ਾਰਾ ਦਿੱਤਾ ਕਿ ਜਿਆਦਾ ਆਸਾਂ ਉਮੀਦਾਂ ਨਾਂ ਲਾ। ਛੇਤੀ ਹੀ ਤੈਨੂੰ ਵੀ ਉਸ ਅੰਤਮ ਮੁਕਾਮ ਲਈ ਰਵਾਨਾ ਹੋਣਾ ਪੈਣਾ ਹੈ।

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥ ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥੧॥ ਦੁਨੀਆ ਕੈਸਿ ਮੁਕਾਮੇ ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥ ਰਹਾਉ ॥ ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥ ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ ॥੨॥ ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ ॥ ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥੩॥ ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥ ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥੪॥ ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥ ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ ॥੫॥ ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥ ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥ ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥ ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥੮॥੧੭॥

ਹਾਲਾਂ ਮਰਦਾਨੇ ਨੇ ਪੱਕਾ ਕੀਤਾ ਸੀ ਕਿ ਬਾਬਾ ਤਲਵੰਡੀ ਛੇਤੀ ਆ ਜਾਵੀ ਨਹੀ ਤਾਂ ਬਜੁਰਗ ਮਾਤਾ ਪਿਤਾ ਨੂੰ ਤੁਹਾਡੇ ਵਲ ਦੌੜਨਾ ਪੈਂਦਾ ਹੈ ਫਿਰ ਵੀ ਗੁਰੂ ਸਾਹਿਬ ਨਵਾਬ ਦੇ ਕਹਿਣ ਤੇ ਕੋਈ 15 ਦਿਨ ਸੁਲਤਾਨਪੁਰ ਠਹਿਰ ਗਏ। ਰੋਜ ਸਤਸੰਗ ਲੱਗਦਾ ਸੀ ਜਿਸ ਵਿੱਚ ਨਵਾਬ ਹਾਜਰੀ ਭਰਦਾ ਸੀ। ਪਰ ਜਿੱਥੇ ਨਿਰੰਕਾਰ ਦੀ ਗੱਲ ਚਲਦੀ ਹੋਵੇ ਬਾਬਾ ਓਥੇ ਸਭ ਕੰਮ ਰਿਸਤੇ ਨਾਤੇ ਭੁੱਲ ਜਾਂਦਾ ਸੀ। ✚

----◈-----

## ਬਾਬਾ ਕਹਿੰਦਾ "ਬਾਬਾ ਅਲਹੁ ਅਗਮ ਅਪਾਰੁ"•

ਜਦੋਂ ਨਵਾਬ ਨੇ ਫਿਰ ਪੁੱਛਿਆ ਕਿ ਉਹ ਆਖਰੀ ਮੁਕਾਮ ਕਿਹੋ ਜਿਹਾ ਹੈ?

ਅਗਲੇ ਦਿਨ ਫਿਰ ਵੇਈ ਕੰਢੇ ਸੰਗਤ ਜੁੜੀ। ਨਵਾਬ ਵੀ ਆ ਗਿਆ। ਅੱਜ ਨਵਾਬ ਨੇ ਫਿਰ ਪਿੱਛਲੀ ਗੱਲ ਦੇ ਸਬੰਧ ਵਿੱਚ ਅਗਲਾ ਸਵਾਲ ਕਰ ਦਿੱਤਾ ਕਿ ਜੇ ਇਹ ਮੁਕਾਮ ਝੂਠੇ ਹਨ ਤੇ ਅਸਲੀ ਮੁਕਾਮ ਕਿਥੇ ਕਰਕੇ ਹੈ ਤੇ ਕਿਹੋ ਜਿਹਾ ਹੈ?

ਗੁਰੂ ਸਾਹਿਬ ਨੇ ਕਿਹਾ ਉਹ ਖੁੱਦਾ ਜਾਂ ਅੱਲਾਹ ਤਾਂ ਬੇਅੰਤ ਹੈ ਅਥਾਹ ਹੈ ਅਪਰੰਪਾਰ ਹੈ। ਅੱਜ ਤੱਕ ਉਸ ਤੱਕ ਕੋਈ ਨਹੀ ਅਪੜ ਸਕਿਆ। ਜੇਕਰ 100 ਲਿਖਾਰੀ ਇਕੱਠੇ ਹੋ ਜਾਣ। ਉਹਦੇ ਤਿੱਲ ਜਿੰਨੇ ਹਿੱਸੇ ਨੂੰ ਵੀ ਬਿਆਨ ਨਹੀ ਕਰ ਸਕਦੇ ਜਦੋਂ ਕਿ ਅਕਾਲ ਪੁਰਖ ਅਥਾਹ ਹੈ: ਕਈ ਸੂਰਜ ਕਈ ਚੰਦਰਮੇ ਕਈ ਧਰਤੀਆਂ ਅਤੇ ਅਨੇਕਾਂ ਕਿਸਮ ਦੀ ਇਨਾਂ ਤੇ ਰਚਨਾ।

ਮਰਦਾਨੇ ਦੀ ਗੈਰ ਹਾਜਰੀ ਵਿੱਚ ਵਜੰਤਰੀਆਂ ਦਾ ਇੰਤਜਾਮ ਬਾਬੇ ਨੇ ਕੀਤਾ ਸੀ। ਨਵਾਬ ਅਤੇ ਹੋਰ ਸੰਗਤ ਅੱਗੇ ਫਿਰ ਸ੍ਰੀ ਰਾਗ ਵਿੱਚ ਇਹ ਅਸ਼ਟਪਦੀ ਗਾਈ :-

ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥ ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥ ਬਾਬਾ ਅਲਹੁ ਅਗਮ ਅਪਾਰੁ ॥ ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥ ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥ ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥ ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥ ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥ ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥ ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥ ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥ ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥ ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥ ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥ ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥ ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥ ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥ ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥ ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥ ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥ ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥

----◈-----

ਗੁਰੂ ਸਾਹਿਬ ਨੇ ਨਵਾਬ ਨੂੰ ਜਵਾਬ ਦਿੱਤਾ ਕਿ,

## 'ਪ੍ਰਚਾਰ ਕਰਨਾ ਹੀ ਮੇਰੀ ਕਿਰਤ'

ਬੇਬੇ ਨਾਨਕੀ ਨੇ ਫਿਰ ਭਾਈਆ ਜੈਰਾਮ ਰਾਂਹੀ ਨਵਾਬ ਨੂੰ ਬੇਨਤੀ ਕੀਤੀ ਕਿ ਨਾਨਕ ਨੂੰ ਤਲਵੰਡੀ ਜਾਣ ਦਿੱਤਾ ਜਾਵੇ। ਮਾਪੇ ਉਡੀਕ ਕਰਦੇ ਹੋਣਗੇ। ਭਾਈਆ ਜੀ ਨੇ ਫਿਰ ਸਤਸੰਗ ਵਿੱਚ ਹਾਜਰ ਹੋ

ਕੇ ਨਵਾਬ ਨੂੰ ਗੁਜਾਰਿਸ਼ ਕੀਤੀ ਕਿ ਜਨਾਬ ਨਾਨਕ ਨੂੰ ਹੁਣ ਹੁਕਮ ਕਰੋ ਕਿ ਤਲਵੰਡੀ ਪਧਾਰੇ। ਨਹੀ ਤਾਂ ਬਜੁਰਗ ਮਾਪੇ ਇਧਰ ਨੂੰ ਦੌੜੇ ਆਉਣਗੇ। ਇਥੇ ਫਿਰ ਨਵਾਬ ਨੇ ਗੁਰੂ ਸਾਹਿਬ ਨੂੰ ਬੜੀ ਅਧੀਨਗੀ ਨਾਲ ਬੇਨਤੀ ਕੀਤੀ ਕਿ ਇੱਕ ਵਾਰੀ ਤਲਵੰਡੀ ਫੇਰਾ ਪਾ ਆਓ। ਤੁਸੀ 6 ਸਾਲਾਂ ਬਾਦ ਆਏ ਹੋ। ਮਾਪੇ ਉਡੀਕਦੇ ਹੋਣਗੇ।

ਇਹ ਗੱਲ ਜਦੋਂ ਸ਼ੁਰੂ ਹੋਈ ਤਾਂ ਸਾਰੀ ਸੰਗਤ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਆਪਣੇ ਟੱਬਰ ਦਾ ਵੀ ਕੁਝ ਸੋਚੋ। ਤੁਹਾਡੇ ਦੋ ਬੱਚੇ ਨੇ ਪਤਨੀ ਹੈ।

ਗੁਰੂ ਸਾਹਿਬ ਨੇ ਨਵਾਬ ਨੂੰ ਕਿਹਾ ਕਿ ਤੁਹਾਡੀਆਂ ਗੱਲਾਂ ਬਿਲਕੁਲ ਠੀਕ ਹਨ ਪਰ ਮੇਰਾ ਬੈਠ ਜਾਣਾ ਮੇਰੇ ਵੱਸ ਨਹੀ। ਕੁਦਰਤ ਨੇ ਹਰ ਕਿਸੇ ਨੂੰ ਕੋਈ ਨਾਂ ਕੋਈ ਕੰਮ ਦਿੱਤਾ ਹੁੰਦਾ ਹੈ। ਨਿਰੰਕਾਰ ਨੇ ਮੇਰੇ ਜਿੰਮੇ ਇਹੋ ਕੰਮ ਲਾਇਆ ਹੈ। ਜਿਵੇ ਉਹਦਾ ਹੁਕਮ ਹੋਵੇਗਾ ਕਰਾਂਗਾ। ਇਥੇ ਗੁਰੂ ਸਾਹਿਬ ਨੇ ਫਿਰ ਗਉੜੀ ਰਾਗ ਵਿੱਚ ਹੇਕ ਨਾਲ ਇਹ ਸ਼ਬਦ ਗਾਵਿਆ:

ਕਿਰਤੁ ਪਇਆ ਨਹ ਮੇਟੈ ਕੋਇ ॥ ਕਿਆ ਜਾਣਾ ਕਿਆ ਆਗੈ ਹੋਇ ॥ ਜੋ ਤਿਸੁ ਭਾਣਾ ਸੋਈ ਹੂਆ ॥ ਅਵਰੁ ਨ ਕਰਣੈ ਵਾਲਾ ਦੂਆ ॥੧॥ ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥ ਤੂ ਏਵਡੁ ਦਾਤਾ ਦੇਵਣਹਾਰੁ ॥ ਤੋਟਿ ਨਾਹੀ ਤੁਧੁ ਭਗਤਿ ਭੰਡਾਰ ॥ ਕੀਆ ਗਰਬੁ ਨ ਆਵੈ ਰਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੨॥ ਤੂ ਮਾਰਿ ਜੀਵਾਲਹਿ ਬਖਸਿ ਮਿਲਾਇ ॥ ਜਿਉ ਭਾਵੀ ਤਿਉ ਨਾਮੁ ਜਪਾਇ ॥ ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥ ਗੁਰਮਤਿ ਦੇਇ ਭਰੋਸੈ ਤੇਰੈ ॥੩॥ ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥ ਗੁਰ ਬਚਨੀ ਸਚੁ ਸਬਦਿ ਪਛਾਤਾ ॥ ਤੇਰਾ ਤਾਣੁ ਨਾਮ ਕੀ ਵਡਿਆਈ ॥ ਨਾਨਕ ਰਹਣਾ ਭਗਤਿ ਸਰਣਾਈ ॥੪॥੧੦॥

ਅਗਲੇ ਦਿਨ ਗੁਰੂ ਸਾਹਿਬ ਫਿਰ ਤਲਵੰਡੀ ਨੂੰ ਰਵਾਨਾ ਹੋ ਗਏ।

----◈-----

## ਬਾਬਾ ਤੂੰ ਸਾਡੇ ਵਲ ਕਿਓ ਟਿੱਕ ਟਿਕੀ ਲਾਈ ਤੱਕੀ ਜਾ ਰਿਹੈ? ਪੱਟੀ ਦੇ ਕਿਰਸਾਨਾਂ ਨੇ ਪੁਛਿਆ

ਸੁਲਤਾਨਪੁਰ ਤੋਂ ਰਵਾਨਾ ਹੋ ਬਿਆਸ ਪਾਰ ਕਰਕੇ, ਜਿੱਥੇ ਅੱਜ ਮੁੰਡਾਪਿੰਡ ਹੈ, ਜਾਮਾਰਾਇ, ਸਰਹਾਲੀ, ਹੁੰਦੇ ਹੋਏ ਪੱਟੀ ਦੇ ਇਲਾਕੇ ਵਿਚ ਪਹੁੰਚ ਚੁੱਕੇ ਸਨ।

ਗੁਰੂ ਸਾਹਿਬ ਪੱਟੀ ਦੇ ਚੜ੍ਹਦੇ ਪਾਸੇ ਕਿਸੇ ਛਾਂ ਥੱਲੇ ਬੈਠੇ ਸਨ ਕਿ ਨੇੜੇ ਚੜ੍ਹਦੇ ਪਾਸੇ ਕਿਸਾਨਾਂ ਦੇ ਦੋ ਹਲ੍ਹ ਵਗ ਰਹੇ ਸਨ। ਸਾਵਣ ਦਾ ਮਹੀਨਾ ਸੀ। ਗੁਰੂ ਸਾਹਿਬ ਟਾਹਲੀ ਥੱਲੇ ਖਲੋ ਟਿਕ ਟਿਕਾ ਲਾਈ ਉਨਾਂ ਕਿਰਸਾਨਾਂ ਨੂੰ ਵੇਖੀ ਵਿਸਮਾਦ ਹੋਈ ਜਾ ਰਹੇ ਸਨ। ਕਿਵੇ ਗਰਮੀ ਵਿੱਚ ਵਾਹੋ ਦਾਹੀ ਲੱਗੇ ਪਏ ਸਨ।

ਹਾਲੀਆਂ ਜਦੋਂ ਵੇਖਿਆ ਕਿ ਇੱਕ ਅਤੀਤ ਸਾਧੂ ਟਿਕ ਟਿਕੀ ਲਾਈ ਵੇਖੀ ਹੀ ਜਾ ਰਿਹਾ ਹੈ ਤਾਂ ਫਿਰ ਹਲ ਰੋਕ ਕੇ ਉਹ ਵੀ ਗੁਰੂ ਸਾਹਿਬ ਕੋਲ ਆ ਗਏ ਤੇ ਪੁੱਛਣ ਲੱਗੇ ਬਾਬਾ ਸਾਡੇ 'ਚ ਅਜਿਹਾ ਕੀ ਖਾਸ ਹੈ ਜੋ ਤੁਸੀ ਸਾਡੇ ਵਲ ਇਸ ਤਰਾਂ ਲਗਾਤਾਰ ਵੇਖ ਰਹੇ ਹੋ?

ਗੁਰੂ ਸਾਹਿਬ ਨੇ ਕਿਹਾ ਮੈਂ ਵੇਖ ਰਿਹਾ ਹਾਂ ਐਨੀ ਗਰਮੀ ਵਿੱਚ ਤੁਸੀ ਕਿੰਨੀ ਲਗਨ ਨਾਲ ਪੈਲੀ ਵਾਹ ਰਹੇ ਹੋ। ਦੁਪਿਹਰ ਹੋਣ ਤੇ ਬਾਕੀ ਹਾਲੀ ਜਾ ਚੁੱਕੇ ਹਨ। ਤੁਸੀ ਬੌਲਦਾਂ ਨੂੰ ਮਾਰ ਕੁੱਟ ਰਹੇ ਹੋ। ਐਨੀ ਮਿਹਨਤ ਕਾਹਦੇ ਵਾਸਤੇ ਕਰ ਰਹੇ ਹੋ?

ਅੱਗੋ ਕਿਰਸਾਨ ਕਹਿਣ ਲੱਗੇ ਕਿ ਵੇਖੋ ਜੀ ਅਸੀਂ ਵੱਧ ਮਿਹਨਤ ਇਸ ਕਰਕੇ ਕਰ ਰਹੇ ਹਾਂ ਕਿ ਸਾਡੇ ਧੀਆਂ ਪੁੱਤਰ ਕਲ ਨੂੰ ਐਸ਼ ਦੀ ਜਿੰਦਗੀ ਜੀਣ। ਸਾਡਾ ਮਾਂ ਬਾਪ ਸੁੱਖੀ ਹੋਵੇ। ਅਸੀ ਆਪਣੇ ਸ਼ਰੀਕਾਂ ਨਾਲੋਂ ਅੱਗੇ ਲੰਘਣਾਂ ਹੈ।

ਬਾਬਾ ਜੀ ਕਿਹਾ ਓਏ ਭੋਲਿਓ ਤੁਹਾਨੂੰ ਅਹਿਸਾਸ ਨਹੀ ਕਿ ਹਰ ਜੀਅ ਦੇ ਸਿਰ ਤੇ ਕਾਲ ਮੰਡਰਾਂ ਰਿਹਾ ਹੈ। ਜਿੰਨਾਂ ਮੋਹ ਤੁਸਾਂ ਵਧਾਇਆ ਹੋਇਆ ਹੈ ਤੁਸਾਂ ਨੂੰ ਚਿਤ ਚੇਤਾ ਹੀ ਨਹੀ ਕਿ ਇੱਕ ਦਿਨ ਇਹ ਸਭ ਕੁਝ ਛੱਡਣਾ ਪੈਣਾ ਹੈ। ਗੁਰੂ ਸਾਹਿਬ ਨੇ ਫਿਰ ਸ੍ਰੀ ਰਾਗ ਵਿੱਚ ਬਾਣੀ ਆਖੀ :

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ ॥ ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ ॥੧॥ ਕਾਹੇ ਗਰਬਸਿ ਮੂੜੇ ਮਾਇਆ ॥ ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ ॥ ਰਹਾਉ ॥ ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥ ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ ॥੨॥ ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ ॥ ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ ॥

ਕਿਰਸਾਨਾਂ ਦੀਆਂ ਤਾਂ ਜਿਵੇ ਅੱਖਾਂ ਖੁੱਲ ਜਾਂਦੀਆਂ ਹਨ। ਸੁਣ ਕੇ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਏ। ਕਹਿਣ ਲੱਗੇ ਦੱਸੋ ਬਾਬਾ ਜੀ ਫਿਰ ਕੀ ਕਰੀਏ। ਓਥੇ ਫਿਰ ਗੁਰੂ ਸਾਹਿਬ ਨੇ ਸ੍ਰੀ ਰਾਗ ਵਿੱਚ ਇੱਕ ਹੋਰ ਸ਼ਬਦ ਉਚਾਰ ਦਿੱਤਾ :

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥ ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥ ਮਤੁ ਜਾਣ ਸਹਿ ਗਲੀ ਪਾਇਆ ॥ ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥ ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥ ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥੨॥ ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥ ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥੩॥ ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ॥ ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥

ਭਾਈ ਨੇਕ ਅਮੂਲਾਂ ਦੇ ਧਾਰਨੀ ਬਣੋ। ਸੱਚ ਦੇ ਲੜ੍ਹ ਲੱਗ ਜਾਓ। ਸ਼ਬਦ ਦਾ ਸਹਾਰਾ ਲੈ ਕੇ ਨਿਰੰਕਾਰ ਦੇ ਦਰ ਪਹੁੰਚਣ ਲਈ ਯਤਨ ਅਰੰਭੋ।

ਇਸ ਤਰਾਂ ਪੱਟੀ ਦੀ ਲੋਕਾਈ ਨੂੰ ਨਿਰੰਕਾਰ ਦੇ ਲੜ ਲਾ ਗੁਰੂ ਸਾਹਿਬ ਅੱਗੇ ਨੂੰ ਜਾਹਮਣ, ਪਿੰਡ ਭੈਲ, ਛਾਂਗਾ ਮਾਂਗਾ ਹੁੰਦੇ ਹੋਏ ਤਲਵੰਡੀ ਪਹੁੰਚੇ।●

----◈-----

## ਮਾਤਾ ਤ੍ਰਿਪਤਾ ਨੂੰ ਜਾ ਮਿਲਿਆ ਤਲਵੰਡੀ

ਗੁਰੂ ਸਾਹਿਬ ਦੀ ਜਿਵੇ ਹੀ ਤਲਵੰਡੀ ਜਾਣ ਦੀ ਤਿਆਰੀ ਹੋਈ ਭਾਈਏ ਜੈਰਾਮ ਨੇ ਘੋੜਾ ਤਿਆਰ ਕਰ ਦਿੱਤਾ। ਪਰ ਨਵਾਬ ਨੇ ਜਿੱਦ ਕੀਤੀ ਕਿ ਗੁਰੂ ਸਾਹਿਬ ਨੂੰ ਟਾਂਗੇ ਤੇ ਤਲਵੰਡੀ ਛੱਡ ਕੇ ਆਇਆ ਜਾਏ। ਟਾਂਗੇ ਰਾਂਹੀ ਪੌਣੇ ਦੋ ਸੋ ਕਿਲੋ ਮੀਟਰ ਦਾ ਸਫਰ ਟਾਂਗੇ ਨੇ ਦੋ ਦਿਨਾਂ 'ਚ ਕੀਤਾ। ਐਂਤਕਾਂ ਗੁਰੂ ਸਾਹਿਬ ਸਿੱਧੇ ਘਰ ਗਏ। ਮਾਤਾ ਤ੍ਰਿਪਤਾ ਨੇ ਘੁੱਟ ਕੇ ਗੱਲ ਨਾਲ ਲਾ ਲਿਆ। ਮੱਥਾ

ਚੁੰਮਿਆ। "ਮਾਂ ਵਾਰੀ। ਮਾਂ ਸਦਕੇ। ਮੇਰਾ ਲਾਲ! ਐਨਾ ਵਿਛੋੜਾ। ਮਾਂ ਦੀ ਕਿਥੋਂ ਯਾਦ ਆਉਣੀ ਆ।"

ਬਾਬੇ ਦੇ ਵੀ ਅਥਰੂਆਂ ਵਾਲਾ ਨੱਕਾ ਟੁੱਟ ਗਿਆ। ਦੋਵੇ ਜੀਅ ਖੂਬ ਰੋਏ। ਦੁਨੀਆ ਪਈ ਵੇਖੇ।

ਏਨੇ ਨੂੰ ਮਹਿਤਾ ਜੀ ਵੀ ਆ ਗਏ। ਗੱਲ ਨਾਲ ਲਾਇਆ। "ਵੇਖੀ ਕੋਈ ਮੁਲਖ ਬਾਕੀ ਨਾਂ ਰਹਿ ਜਾਏ।" ਮਹਿਤਾ ਜੀ ਦੇ ਪਿਆਰ ਦੇ ਅੱਥਰੂਆਂ ਅੱਗੇ ਗੁੱਸਾ ਗਿਲਾ ਹਾਵੀ ਹੋ ਗਿਆ।

ਕਿਉਕਿ ਮਹਿਤਾ ਜੀ ਦੇ ਮੰਨ ਵਿੱਚ ਹਮੇਸ਼ਾਂ ਰਹੀ ਹੈ ਕਿ ਮੁੰਡਾ ਨਿੱਖਟੂ ਨਿਕਲਿਆ ਹੈ। ਔਖੇ ਸੌਖੇ ਵਿਆਹ ਵੀ ਕੀਤਾ ਸੀ। ਨਾਨਕ ਨੇ ਓਧਰ ਵੀ ਨਮੋਸ਼ੀ ਹੀ ਪੱਲੇ ਪੁਆਈ ਹੈ। ਅਗਲਿਆਂ ਦੀ ਧੀ ਘਰ ਬੈਠੀ ਹੈ। ਚੋਣੇ ਸੱਚੇ ਨੇ।

ਚਾਚੇ ਤਾਏ ਬਜੁਰਗ ਹਰ ਕੋਈ ਨਾਨਕ ਨੂੰ ਜੱਫੀ ਵਿੱਚ ਲੈ ਰਿਹਾ ਸੀ। ਫਿਰ ਵਾਰੀ ਚਾਚੀਆਂ ਤਾਈਆਂ ਦੀ ਆਈ। ਬੱਚੇ ਬਾਬਾ ਨਾਨਕ ਦੇ ਪੈਰੀ ਪੈ ਰਹੇ ਸਨ। ਫਿਰ ਚਾਨਣ ਸ਼ਾਹ ਨੇ ਮਾੜੀ ਖਬਰ ਬਾਬੇ ਨੂੰ ਦਿੱਤੀ, "ਤੇਰਾ ਯਾਰ ਵੀ ਗੁਜਰ ਗਇਆ ਈ : ਰਾਇ ਸਾਹਿਬ।" ਗੁਰੂ ਸਾਹਿਬ ਨੇ ਸੋਗ ਜ਼ਾਹਿਰ ਕਰਦੇ ਹੋਏ ਕਿਹਾ ਇਹ ਦੁਨੀਆ ਮੁਸਾਫਿਰਖਾਨਾ।

ਫਿਰ ਛੋਟੇ ਮੇਲ (ਕਮੀਆਂ) ਦੀ ਵਾਰੀ ਆਈ। ਬਾਬਾ ਵੱਡਿਆਂ ਨੂੰ ਜੱਫੀ ਵਿੱਚ ਲੈ ਕੇ ਮਿਲ ਰਿਹਾ ਸੀ। ਇਹ ਇਤਹਾਸ ਵਿੱਚ ਪਹਿਲੀ ਵਾਰ ਹੋ ਰਿਹਾ ਸੀ। ਉਸ ਜਮਾਨੇ ਵਿੱਚ ਜਦੋਂ ਕਿਸੇ ਕੰਮੀ ਨੂੰ ਛੂਹ ਜਾਣ ਤੇ ਨਹਾਉਣਾ ਪੈਂਦਾ ਸੀ। ਬਾਬੇ ਨਾਨਕ ਦੀ ਇਸ ਕਾਰਵਾਈ ਤੇ ਵੱਡੀਆਂ ਜਾਤਾਂ ਵਾਲਿਆਂ ਨੂੰ ਗੁੱਸਾ ਵੀ ਆ ਰਿਹਾ ਸੀ। ਹਰ ਕੋਈ ਕਹਿ ਰਿਹਾ ਸੀ "ਕਿਉਕਿ ਮਰਦਾਨਾ ਜੁ ਨਾਲ ਅੱਠੇ ਪਹਿਰ ਰਹਿੰਦਾ ਵਾ।"

ਹਨੇਰਾ ਹੋਣ ਤੇ ਫਿਰ ਮਾਤਾ ਤ੍ਰਿਪਤਾ ਨੇ ਅੰਵਾਨਿਆਂ ਨੂੰ ਡਾਟਣਾ ਸ਼ੁਰੂ ਕਰ ਦਿੱਤਾ ਕਿ ਜਾਓ ਹੁਣ ਘਰੋ ਘਰੀਂ। ਬੱਚਿਆਂ ਦੇ ਜਾਣ ਬਾਦ ਫਿਰ ਹੌਲੀ ਹੌਲੀ ਵੱਡੇ ਵੀ ਖਿਸਕ ਗਏ। ਮਾਤਾ ਬਾਬੇ ਨਾਨਕ ਦੀ ਮੰਜੀ ਤੇ ਬਹਿ ਗਈ। ਬਾਬੇ ਦੀਆਂ ਲੱਤਾਂ ਘੁਟਣੀਆਂ ਚਾਹੀਆਂ ਪਰ ਬਾਬੇ ਨੇ ਮਨ੍ਹਾਂ ਕਰ ਦਿੱਤਾ।

----◈-----

## ਜਦੋਂ ਮਾਤਾ ਵੀ ਬਾਬੇ ਦੇ ਨਾਲ ਹੀ ਜਾਗ ਉੱਠੀ

ਅੱਧੀ ਰਾਤ ਮਸਾਂ ਹੀ ਟੱਪੀ ਸੀ ਕਿ ਬਾਬਾ ਉੱਠ ਖੜਾ ਹੋਇਆ। ਖੜਕਾ ਸੁਣ ਕੇ ਬੀਬੀ ਦੀ ਵੀ ਅੱਖ ਖੁੱਲ ਗਈ। ਆਪ ਖੂਹੀ ਤੋਂ ਪਾਣੀ ਕੱਢ ਕੇ ਦਿੱਤਾ। ਗੁਰੂ ਸਾਹਿਬ ਨੇ ਇਸ਼ਨਾਨ ਕੀਤਾ।

ਗੁਰੂ ਸਾਹਿਬ ਨੂੰ ਜਿਵੇ ਪਾਣੀ ਦਾ ਗਿਲਾਸ ਪੀਣ ਨੂੰ ਦਿੱਤਾ ਮਾਤਾ ਫਿਰ ਬੋਲ ਉਠੀ, "ਕੀ ਸਾਡੀ ਕਦੀ ਤੈਨੂੰ ਯਾਦ ਨਾਂ ਆਈ?" "ਚਲੋ ਸਾਨੂੰ ਤਾਂ ਛੱਡ ਆਪਣੇ ਬਾਲ ਬੱਚਿਆਂ ਦਾ ਹੀ ਖਿਆਲ ਕਰ ਲਿਆ ਕਰ।"

ਗੁਰੂ ਸਾਹਿਬ ਨੇ ਆਸਾ ਰਾਗ ਵਿੱਚ ਸ਼ਬਦ ਲਾ ਦਿੱਤਾ। ਮਹਿਤਾ ਕਾਲੂ ਵੀ ਸਭ ਸੁਣ ਰਿਹਾ ਸੀ।

ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ ॥ ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ ॥ ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ ॥ ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ ॥ ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ ॥ ਨਾਨਕ ਗੁਰਮੁਖਿ ਸਬਦਿ ਪਛਾਣੈ ਅਹਿਨਿਸਿ ਨਾਮੁ ਧਿਆਈਐ ॥੧॥ ਮੇਰਾ ਮਨੋ ਮੇਰਾ ਮਨੁ ਮਾਨਿਆ ਨਾਮੁ ਸਖਾਈ ਰਾਮ ॥ ਹਉਮੈ ਮਮਤਾ ਮਾਇਆ ਸੰਗਿ ਨ ਜਾਈ ਰਾਮ ॥ ਮਾਤਾ ਪਿਤ ਭਾਈ ਸੁਤ ਚਤੁਰਾਈ ਸੰਗਿ ਨ ਸੰਪੈ ਨਾਰੇ ॥ ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ ਚਰਣ ਤਲੈ ਵੀਚਾਰੇ ॥ ਆਦਿ ਪੁਰਖਿ ਇਕੁ ਚਲਤੁ ਦਿਖਾਇਆ ਜਹ ਦੇਖਾ ਤਹ ਸੋਈ ॥ ਨਾਨਕ ਹਰਿ ਕੀ ਭਗਤਿ ਨ ਛੋਡਉ ਸਹਜੇ ਹੋਇ ਸੁ ਹੋਈ ॥੨॥ ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ ॥ ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ ॥ ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥ ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ ॥ ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥ ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥ ਸਚੁ ਅੰਜਨੋ ਅੰਜਨੁ ਸਾਰਿ ਨਿਰੰਜਨਿ ਰਾਤਾ ਰਾਮ ॥ ਮਨਿ ਤਨਿ ਰਵਿ ਰਹਿਆ ਜਗਜੀਵਨੋ ਦਾਤਾ ਰਾਮ ॥ ਜਗਜੀਵਨੁ ਦਾਤਾ ਹਰਿ ਮਨਿ ਰਾਤਾ ਸਹਜਿ ਮਿਲੈ ਮੇਲਾਇਆ ॥ ਸਾਧ ਸਭਾ ਸੰਤਾ ਕੀ ਸੰਗਤਿ ਨਦਰਿ ਪ੍ਰਭੂ ਸੁਖੁ ਪਾਇਆ ॥ ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ ਪਿਆਸਾ ॥ ਨਾਨਕ ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ ॥੪॥੩॥

ਗੁਰੂ ਸਾਹਿਬ ਨੇ ਫਿਰ ਮਾਤਾ ਨੂੰ ਇਨਾਂ ਰਿਸਤੇ ਨਾਤਿਆਂ ਦੀ ਅਸਲੀਅਤ ਸਮਝਾਈ ਕਿ ਇਨਾਂ ਨੇ ਨਾਲ ਨਹੀ ਜਾਣਾ। ਗੁਰੂ ਸਾਹਿਬ ਨੇ ਫਿਰ ਕਹਿ ਦਿੱਤਾ ਕਿ ਮੇਰਾ ਮੰਨ ਤਾਂ ਨਿਰੰਕਾਰ ਨਾਲ ਜੁੜ ਚੁੱਕਾ ਹੈ।

ਫਿਰ ਮਾਤਾ ਵੀ ਪੁੱਛਣ ਲੱਗੀ ਕਿ ਭਗਵਾਨ ਨਾਲ ਮੰਨ ਕਿਵੇ ਜੁੜੇ? ਗੁਰੂ ਸਾਹਿਬ ਨੇ ਕਿਹਾ ਕਿ ਉਹਦਾ ਜਰੀਆ 'ਸ਼ਬਦ' ਹੈ। ਅਕਾਲ ਪੁਰਖ ਦੀ ਉਸਤਤ, ਉਹਦਾ ਜੱਸ। ਬਾਬੇ ਨੇ ਕਿਹਾ ਕਿ ਉਨੂੰ ਤਾਂ ਹਰ ਜੀਅ ਵਿੱਚ ਨਿਰੰਕਾਰ ਦਾ ਹੀ ਰੂਪ ਨਜ਼ਰ ਪਿਆ ਆਉਦਾ ਹੈ।

ਸਵੇਰੇ ਗੁਰੂ ਸਾਹਿਬ ਰਾਇ ਬੁਲਾਰ ਦੇ ਘਰ ਮਕਾਣ ਤੇ ਗਏ।

ਪਿਤਾ ਮਹਿਤਾ ਕਾਲੂ ਫਿਰ ਗੁਰੂ ਸਾਹਿਬ ਦੇ ਦੁਆਲੇ ਹੋ ਗਇਆ ਕਿ ਓਏ ਆਪਣੇ ਟੱਬਰ ਦਾ ਵੀ ਕੁਝ ਸੋਚ"। ਇਹ ਭਾਦਰੋਂ ਦਾ ਮਹੀਨਾ ਸੀ: ਅਗਸਤ 1518 ਈ.।

----◈-----

## ਕਰਤਾਰਪੁਰ ਦੇ ਕੌਤਕ। ਭਾਗ-1

### ਦੋ ਦਰਿਆਵਾਂ ਦਾ ਮੇਲ

### ਪੱਖੋਕੇ ਪਹੁੰਚ ਗਇਆ ਬਾਬਾ

ਦੋ ਚਾਰ ਦਿਨ ਤਲਵੰਡੀ ਰਹਿ ਬਾਬਾ ਲਹੌਰ ਥਾਂਣੀ ਹੁੰਦਾ ਹੋਇਆ ਪੱਖੋਕੇ ਅਜਿੱਤੇ ਰੰਧਾਵੇ ਦੇ ਖੂਹ ਤੇ ਪਹੁੰਚ ਗਇਆ। ਇਥੇ ਤਾਂ ਇਕ ਦਮ ਮੇਲਾ ਹੀ ਲਗ ਗਇਆ। ਪਿੰਡ ਤੋਂ ਮਾਤਾ ਸੁਲੱਖਣੀ ਵੀ ਆ ਗਈ।

ਗੁਰੂ ਸਾਹਿਬ ਦੇ ਮੰਨ ਵਿਚ ਵੀ ਹੁਣ ਖਿਆਲ ਸੀ ਕਿ ਕੋਈ ਟਿਕਾਣਾ ਬਣਾ ਹੀ ਲਿਆ ਜਾਵੇ। ਹੌਲੀ ਹੌਲੀ ਅਜਿਤੇ ਵਾਲਾ ਖੂਹ ਧਰਮਸਾਲ ਦੀ ਸ਼ਕਲ ਲੈਣਾ ਸ਼ੁਰੂ ਹੋ ਗਇਆ ਸੀ। ਸਾਖੀਆਂ ਤੋਂ

ਪੈੜ ਸ੍ਰੋਤ

✚ ਸੋਢੀ-374, ● ਗਿਆਨੀ -184, ਸੋਢੀ-377

⊙ ਵੈਸਾਖੀ ਸੰਨ 1517 ਈ ਨੂੰ ਗੁਰੂ ਸਾਹਿਬ ਉਜੈਨ ਸਨ, ਕਿਉਕਿ ਨਵੰਬਰ 1517 ਨੂੰ ਸਿਕੰਦਰ ਲੋਧੀ ਦੇ ਮਰਨ ਵੇਲੇ ਆਪ ਪੁਸ਼ਕਰ ਸਨ। ਪੱਟੀ ਵਿਖੇ ਸਾਵਣ ਦਾ ਮਹੀਨਾ ਚਲ ਰਿਹਾ ਸੀ। ਸੋ ਸਾਵਣ ਸੰਨ 1574 ਬਿ. ਅਰਥਾਤ ਅਗਸਤ 1518 ਵਿਚ ਪੱਟੀ ਵਿਖੇ।

ਲਗਦਾ ਹੈ ਕਿ ਮਾਤਾ ਤ੍ਰਿਪਤਾ ਅਤੇ ਪਿਤਾ ਕਾਲੂ ਵੀ ਗੁਰੂ ਸਾਹਿਬ ਕੋਲ ਪਹੁੰਚ ਚੁੱਕੇ ਸਨ।

ਅਜਿੱਤੇ ਵਾਲੀ ਧਰਮਸਾਲ ਤੇ ਹੁਣ ਰੌਣਕਾਂ ਲੱਗੀਆਂ ਰਹਿੰਦੀਆਂ ਨੇ। ਲੰਗਰ ਚਲਦੇ ਨੇ।

----◈-----

## ਜਦੋਂ ਭੁੰਜੇ ਹੀ ਬੈਠਾ ਰਿਹਾ ਦੋ ਦਿਨ⊙

ਮਾਤਾ ਚੋਣੀ ਨੇ ਮਾਤਾ ਤ੍ਰਿਪਤਾ ਨੂੰ ਹੌਲੀ ਜਿਹੀ ਸ਼ਕਾਇਤ ਕੀਤੀ ਕਿ ਬਾਬਾ ਮੇਰੇ ਘਰ ਤਾਂ ਫੇਰਾ ਹੀ ਨਹੀ ਪਾਉਦੇ। ਇਥੇ ਆ ਕੇ ਵੀ ਬਸ ਸਾਧਾਂ ਸੰਤਾਂ ਧਾਰਮਿਕ ਬੰਦਿਆਂ ਨਾਲ ਇਨਾਂ ਦੀ ਗੱਲ ਗੋਸ਼ਟੀ ਚਲਦੀ ਰਹਿੰਦੀ ਆ। ਫਿਰ ਮਾਤਾ ਨੇ ਕਿਹਾ ਹੋਵੇਗਾ ਤੇ ਹੁਕਮ ਮੰਨ ਕੇ ਇੱਕ ਵੇਰਾਂ ਫਿਰ ਮਾਤਾ ਚੋਣੀ ਦੇ ਘਰ ਗਏ ਜੋ ਗੁਰੂ ਸਾਹਿਬ ਦੇ ਜੱਦੀ ਘਰ ਦੇ ਨਾਲ ਹੀ ਸੀ। (ਪਰ ਅਗਲੀ ਸਾਖੀ ਵਿੱਚ ਗੱਲ ਧਰਮਸਾਲ ਦੀ ਵੀ ਹੈ)

ਮਾਤਾ ਘੁੰਮੀ ਨੇ ਗੁਰੂ ਸਾਹਿਬ ਦਾ ਬਹੁਤ ਸਤਿਕਾਰ ਕੀਤਾ। ਗ੍ਰਿਸਤ ਦੀਆਂ ਗੱਲਾਂ ਬਾਤਾਂ ਸਹੁਰੇ ਸੱਸ ਦੀਆਂ ਸ਼ਕਾਇਤਾਂ ਚੁੱਗਲੀਆਂ ਵੀ ਲਾਈਆਂ ਹੋਣਗੀਆਂ। ਕੁਝ ਚਿਰ ਬਾਦ ਗੁਰੂ ਸਾਹਿਬ ਨੇ ਲਾਗੇ ਪਈ ਸਫ ਵਿਛਾਈ ਤੇ ਕੰਧ ਨਾਲ ਲੱਗ ਕੇ ਬਹਿ ਗਏ। ਗੁਰੂ ਸਾਹਿਬ ਜਿਓ ਬੈਠੇ ਅੱਠੇ ਪਹਿਰ ਏਸੇ ਅਵਸਥਾ ਵਿੱਚ ਬਿਰਾਜੇ ਰਹੇ। ਮਾਤਾ ਘੁੰਮੀ ਨੇ ਥੋੜਾ ਬਹੁਤ ਹਿਲਾਉਣ ਦੀ ਕੋਸ਼ਿਸ਼ ਕੀਤੀ ਪਰ ਗੁਰੂ ਸਾਹਿਬ ਨੇ ਇਸ਼ਾਰਾ ਕਰ ਦਿੱਤਾ ਕਿ ਸਾਨੂੰ ਛੇੜਿਆ ਨਾਂ ਜਾਏ।

ਹਾਰ ਮਾਤਾ ਘੁੰਮੀ ਜਾ ਸੱਸ ਕੋਲ ਫਰਿਆਦੀ ਹੋਈ ਕਿ ਬਾਬੇ ਦਾ ਆਉਣਾ ਨਾਂ ਆਉਣਾ ਸਭ ਬਰਾਬਰ ਹੈ। ਕਹਿਣ ਲੱਗੀ ਮਾਤਾ ਜੀ ਆ ਕੇ ਵੇਖੋ ਦੋ ਦਿਨਾਂ ਤੋਂ ਉਥੇ ਸੱਥਰ ਤੇ ਅਜਿਹੇ ਬੈਠੇ ਨੇ ਕੋਈ ਹਿਲ ਜੁਲ ਨਹੀ ਰਹੇ।

ਮਾਤਾ ਤੁਰੰਤ ਸੁਲੱਖਣੀ ਮਾਤਾ ਦੇ ਘਰ ਆਈ ਤੇ ਆ ਕੇ ਗੁਰੂ ਸਾਹਿਬ ਨੂੰ ਹਿਲਾਇਆ ਜੁਲਾਇਆ। ਸਾਹਿਬ ਨੂੰ ਟੁੰਬਿਆ ਕਿ ਕਦੀ ਸੌਂ ਵੀ ਜਾਇਆ ਕਰ। ਵੇਖ ਤੇਰੀਆਂ ਅੱਖਾਂ ਕਿਵੇ ਲਾਲ ਹੋਈਆਂ ਪਈਆਂ ਨੇ।

ਕਿਉਕਿ ਮਾਤਾ ਘੁੰਮੀ ਦੀ ਸ਼ਕਾਇਤ ਤੇ ਮਾਤਾ ਤ੍ਰਿਪਤਾ ਆਏ ਸਨ। ਗੁਰੂ ਸਾਹਿਬ ਨੇ ਕਿਹਾ ਕਿ ਮਾਤਾ ਦੱਸ ਮੈਂ ਕਿਵੇ ਕਰਾਂ ਮੇਰਾ ਪਤੀ ਜਾਗਦਾ ਪਿਆ ਮੈਂ ਕਿਵੇ ਸੌਂ ਜਾਵਾਂ। ਉਥੇ ਸਾਹਿਬ ਨੇ ਫਿਰ ਸੁਰ ਵਿੱਚ ਆ ਕੇ ਮਾਤਾ ਘੁੰਮੀ ਦੇ ਪ੍ਰਥਾਇ ਬਾਣੀ ਬੋਲੀ ਪਰ ਮੂਲ ਵਿੱਚ ਆਪਣੇ ਪਤੀ ਨਾਲ ਪਿਆਰ ਦੀ ਗੱਲ ਹੈ। ਵਿੱਚ ਵਿੱਚ ਕਿਤੇ ਮਾਤਾ ਘੁੰਮੀ ਦੀ ਸ਼ਕਾਇਤ ਜਾਂ ਵਿਅੰਗ ਵੀ ਹੈ। "ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ ॥ " :-

ਆਸਾ ਮਹਲਾ ੧ ॥ ਏਕ ਨ ਭਰੀਆ ਗੁਣ ਕਰਿ ਧੋਵਾ ॥ ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥੧॥ ਇਉ ਕਿਉ ਕੰਤ ਪਿਆਰੀ ਹੋਵਾ ॥ ਸਹੁ ਜਾਗੈ ਹਉ ਨਿਸ ਭਰਿ ਸੋਵਾ ॥੧॥ ਰਹਾਉ ॥ ਆਸ ਪਿਆਸੀ ਸੇਜੈ ਆਵਾ ॥ ਆਗੈ ਸਹ ਭਾਵਾ ਕਿ ਨ ਭਾਵਾ ॥੨॥ ਕਿਆ ਜਾਨਾ ਕਿਆ ਹੋਇਗਾ ਰੀ ਮਾਈ ॥ ਹਰਿ ਦਰਸਨ ਬਿਨੁ ਰਹਨੁ ਨ ਜਾਈ ॥੧॥ ਰਹਾਉ ॥ ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ ॥ ਗਇਆ ਸੁ ਜੋਬਨੁ ਧਨ ਪਛੁਤਾਨੀ ॥੩॥ ਅਜੈ ਸੁ ਜਾਗਉ ਆਸ ਪਿਆਸੀ ॥ ਭਈਲੇ ਉਦਾਸੀ ਰਹਉ ਨਿਰਾਸੀ ॥੧॥ ਰਹਾਉ ॥ ਹਉਮੈ ਖੋਇ ਕਰੇ ਸੀਗਾਰੁ ॥ ਤਉ ਕਾਮਣਿ ਸੇਜੈ ਰਵੈ ਭਤਾਰੁ ॥੪॥ ਤਉ ਨਾਨਕ ਕੰਤੈ ਮਨਿ ਭਾਵੈ ॥ ਛੋਡਿ ਵਡਾਈ ਅਪਣੇ ਖਸਮ ਸਮਾਵੈ ॥੧॥ ਰਹਾਉ ॥੨੬॥

----◈-----

## ਮਾਤਾ ਬੋਲੀ, "ਦੱਸ ਆ ਸ਼ਾਹਰੁਕ ਕੀ ਪਈ ਆਖਦੀ ਏ?"⊙

ਗੁਰੂ ਸਾਹਿਬ ਤਲਵੰਡੀ ਬਰਾਜਮਾਨ ਸਨ ਕਿ ਕੋਠੇ ਤੇ ਸ਼ਹਿਰਕ (ਗਟੱਾਰ ਜਾਂ ਲਾਲੀ ਜਾਂ ਦੇਸੀ ਮੈਨਾ) ਬੈਠੀ ਰੰਗ ਰੰਗ ਦੀ ਆਵਾਜਾਂ ਕੱਢ ਰਹੀ। ਸਾਰਿਆਂ ਦਾ ਧਿਆਨ ਸ਼ਹਿਰਕ ਵਲ ਹੋ ਗਿਆ। ਹਰ ਕੋਈ ਹੱਸ ਹੱਸ ਦੋਹਰਾ ਹੋ ਰਿਹਾ ਸੀ। ਮਾਤਾ ਤ੍ਰਿਪਤਾ ਨੇ ਝੱਟ ਗੁਰੂ ਸਾਹਿਬ ਨੂੰ ਅੜਾਉਣੀ ਪਾ ਦਿੱਤੀ। ਕਹਿਣ ਲੱਗੀ ਵੇ ਨਾਨਕਾ ਤੂੰ ਸਾਰਾ ਜਹਾਨ ਫਰਿਆਂ ਏਂ ਇਹ ਦੱਸ ਇਹ ਸ਼ਹਿਰਕ ਕੀ ਆਖ ਰਹੀ ਏ?

ਗੁਰੂ ਸਾਹਿਬ ਵੀ ਮਾਤਾ ਦਾ ਸਵਾਲ ਸੁਣ ਕੇ ਮੁਸਕਰਾ ਪਏ। ਕਹਿਣ ਲੱਗੇ ਮੈਂ ਬੰਦਾ ਹਾਂ ਮੈਂ ਕੋਈ ਪੰਛੀ ਥੋੜਾ ਹਾਂ ਜਿਹੜਾ ਜਾਨਵਰਾਂ ਦੀਆਂ ਗੱਲਾਂ ਸਮਝਾਂ। ਮਾਤਾ ਫਿਰ ਵਿਅੰਗ ਕੱਸਣ ਲੱਗ ਪਈ। ਤੇ ਨਾਲ ਹੀ ਕਹਿਣ ਲੱਗੀ ਨਾਨਕ ਨੂੰ ਸਾਰਾ ਪਤਾ ਹੈ। ਇਹ ਹਰ ਜੀਅ ਦੇ ਦਿਲ ਦੀ ਗੱਲ ਜਾਣਦਾ ਹੈ।

ਗੁਰੂ ਸਾਹਿਬ ਨੇ ਫਿਰ ਨਾਂਹ ਕੀਤੀ ਪਰ ਮਾਤਾ ਜਿੱਦ ਤੇ ਆ ਗਈ।

ਲਾਗੇ ਭਾਈ ਦਾਸ ਭੱਟ (ਕਿਤੇ ਨਾਂ ਦਾਸੂ ਵੀ ਆਉਂਦਾ ਹੈ) ਬੈਠਾ ਸੀ। ਗੁਰੂ ਸਾਹਿਬ ਨੇ ਭਾਈ ਦਾਸ ਨੂੰ ਕਿਹਾ ਕਿ ਦਾਸ ਤੂੰ ਹੀ ਦੱਸ ਦੇ ਕਿ ਇਹ ਸ਼ਹਿਰਕ ਕੀ ਕਹਿ ਰਹੀ ਹੈ? ਭਾਈ ਦਾਸ ਨੇ ਹੱਥ ਜੋੜੇ ਤਾਂ ਕਿਹਾ ਕਿ ਗੁਰੂ ਜੀ ਸਾਡੀ ਏਨੀ ਔਕਾਤ ਕਿਥੇ। ਗੁਰੂ ਸਾਹਿਬ ਨੇ ਦਾਸ ਦੇ ਸਿਰ ਤੇ ਹੱਥ ਰੱਖਿਆ ਤੇ ਭਾਈ ਦਾਸ ਦੇ ਸਾਰੇ ਬੰਦ ਕਿਵਾੜ ਖੁੱਲ ਗਏ। ਗੁਰੂ ਸਾਹਿਬ ਨੇ ਕਿਹਾ ਭਾਈ ਦਾਸ ਹੁਣ ਦੱਸ ਇਹ ਪੰਛੀ ਕੀ ਕਹਿ ਰਿਹਾ ਹੈ?

ਭਾਈ ਦਾਸ ਸ਼ੁਰੂ ਹੋ ਗਿਆ। ਕਹਿਣ ਲੱਗਾ ਜੀ ਸ਼ਹਿਰਕ ਮੈਨੂੰ ਸੁਨੇਹਾ ਦੇ ਰਹੀ ਹੈ ਕਿ ਦਾਸ ਤੂੰ ਸਭ ਭੁੱਲ ਭੁਲਾ ਕੇ ਬੈਠਾ ਏ ਤੇਰਾ ਵਕਤ ਨੇੜੇ ਆ ਗਇਆ ਏ ਤੂੰ ਸਿਰਫ ਅੱਠ ਦਿਨ ਹੋਰ ਜਿੰਦਗੀ ਜੀਅ ਲੈ।

ਹੁਣ ਸਾਰਾ ਹਾਸਾ ਗਮ ਵਿੱਚ ਤਬਦੀਲ ਹੋ ਗਿਆ। ਗੁਰੂ ਸਾਹਿਬ ਨੇ ਭਾਈ ਦਾਸ ਨੂੰ ਦਿਲਾਸਾ ਦਿੱਤਾ ਕਿ ਇਥੇ ਹਰ ਜੀਅ ਦੇ ਸਿਰ

ਪੈੜ ਸਰੋਤ

⊙ ਸੋਢੀ 2-315, ਇਥੇ ਇਹ ਵੀ ਜਿਕਰ ਮਿਲਦਾ ਹੈ ਕਿ ਗੁਰੂ ਸਾਹਿਬ 12-13 ਸਾਲ ਬਾਦ ਘਰ ਪਰਤੇ ਹਨ।

ਇਸ ਸਾਖੀ ਤੋਂ ਲੱਗਦਾ ਹੈ ਕਿ ਗੁਰੂ ਕੇ ਮਹਿਲ ਵੀ ਤਲਵੰਡੀ ਆ ਗਏ ਸਨ ਤੇ ਤਲਵੰਡੀ ਉਨਾਂ ਦਾ ਵਖਰਾ ਕਮਰਾ ਜਾਂ ਘਰ ਸੀ।

ਬੇਦੀ ਸਹਿਬਜਾਦਿਆਂ ਦਾ ਤਾਂ ਇਹੋ ਮੰਨਣਾ ਹੈ ਕਿ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਦੀ ਪਾਲਣਾ ਤਲਵੰਡੀ ਹੀ ਹੋਈ। (ਦੇਖੋ ਬਾਬਾ ਸ੍ਰੀ ਚੰਦ- ਬਾਬਾ ਦਿਲਜੀਤ ਸਿੰਘ ਬੇਦੀ : ਭਾਸ਼ਾ ਵਿਭਾਗ)

ਕੁਝ ਵੀ ਹੋਵੇ ਕੁਝ ਸਮੇਂ ਬਾਦ ਮਾਤਾ ਚੋਣੀ ਪੱਖੋਕੇ ਆ ਗਏ ਸਨ। ਫਿਰ ਇਥੇ ਧਰਮਸਾਲ ਦਾ ਵੀ ਜਿਕਰ ਹੈ। ਸੋ ਇਹੋ ਕਹਿਣਾ ਪਵੇਗਾ ਕਿ ਅਜਿਤੇ ਰੰਧਾਵੇ ਦੇ ਖੂਹ ਤੇ 1518 ਵਿੱਚ ਹੀ ਆ ਗਏ ਸਨ।

ਤੇ ਮੌਤ ਕੂਕਦੀ ਹੈ। ਸਭ ਨੇ ਜਾਣਾ ਹੈ ਤੇ ਤੂੰ ਭਾਗਾਂ ਵਾਲਿਆ ਨਿਕਲਿਓ ਜਿਸ ਨੇ ਆਪਣਾ ਆਉਣ ਵਾਲਾ ਸਮਾਂ ਵੇਖ ਲਿਆ ਹੈ।

ਦਾਸ ਭੱਟ ਦਾ ਵੀ ਵੈਰਾਗ ਛੁੱਟ ਗਿਆ। ਕਹਿਣ ਲੱਗਾ ਬਾਬਾ ਤੂੰ ਹੀ ਮੇਰਾ ਮਾਤਾ ਹੈ ਤੂੰ ਹੀ ਮੇਰਾ ਪਿਤਾ ਹੈ। ਮੈਨੂੰ ਇਹ ਅੱਠੇ ਦਿਨ ਆਪਣੇ ਚਰਨਾਂ ਨਾਲ ਲਾਈ ਰੱਖ। ਗੁਰੂ ਸਾਹਿਬ ਨੇ ਕਿਹਾ ਨਹੀ ਪੁਰਖਾ ਤੂੰ ਆਪਣੇ ਘਰ ਪਹੁੰਚ। ਆਪਣੇ ਪੁੱਤਰਾਂ ਧੀਆਂ ਪਰਵਾਰ ਦੇ ਹੱਥੀ ਰਵਾਨਾ ਹੋਣਾਂ।

ਦਾਸ ਕਹਿਣ ਲੱਗਾ ਬਾਬਾ ਜੀ ਮੇਰੀ ਇੱਕ ਪ੍ਰਾਰਥਨਾ ਹੈ। ਮੇਰੇ ਕੋਲ ਕੋਈ ਲੱਖ ਟਕਾ ਇਕੱਠਾ ਹੋਇਆ ਪਿਆ ਹੈ। ਮੇਰੇ ਪੁੱਤਰ ਸਭ ਕਮਾਉਦੇ ਖਾਂਦੇ ਨੇ। ਕਿਸੇ ਚੀਜ਼ ਦੀ ਕੋਈ ਤੋਟ ਨਹੀ। ਮੇਰੀ ਭੱਟ ਰਾਣੀ ਤੇ ਤੁਹਾਡਾ ਅਸ਼ੀਰਵਾਦ ਭਰਿਆ ਹੱਥ ਰਹੇਗਾ। ਕਿਰਪਾ ਕਰੋ ਮੈਂ ਉਹ ਲੱਖ ਟਕੇ ਧਰਮਸਾਲ ਦੇ ਲੇਖੇ ਲਾ ਦਿਆਂ।

ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਤੇਰੇ ਪੈਸੇ ਤੇ ਤੇਰੇ ਪ੍ਰਵਾਰ ਦਾ ਹੱਕ ਹੈ। ਇਸ ਪ੍ਰਕਾਰ ਦਾਸ ਭੱਟ ਦੇ ਜਿਆਦਾ ਜਿੱਦ ਕਰਨ ਤੇ ਕੁਝ ਰਕਮ ਗੁਰੂ ਘਰ ਦੀ ਧਰਮਸਾਲ ਵਾਸਤੇ ਲੈਣ ਲਈ ਸਤਿਗੁਰੂ ਜੀ ਰਾਜੀ ਹੋ ਗਏ।

ਦਾਸ ਭੱਟ ਨੇ ਫਿਰ ਗੁਰੂ ਸਾਹਿਬ ਦਾ ਰਚਿਆ ਸ਼ਬਦ ਬਾਬਾ ਜੀ ਦੇ ਸਨਮੁਖ ਹੋ ਸ਼ਬਦ ਗਾਵਿਆ:

ਗਉੜੀ ਚੇਤੀ ਮਹਲਾ ੧ ॥ ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥ ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥ ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥ ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥ ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥ ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥੨॥ ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥ ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥ ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥੪॥ ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥ ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥ ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥

ਗੁਰੂ ਸਾਹਿਬ ਤੋਂ ਅਸ਼ੀਰਵਾਦ ਲੈ ਫਿਰ ਭਾਈ ਦਾਸ ਆਪਣੇ ਪਿੰਡ ਨੂੰ ਰਵਾਨਾ ਹੋ ਗਿਆ।

ਮਾਤਾ ਤ੍ਰਿਪਤਾ ਦਾਸ ਭੱਟ ਤੇ ਗੁਰੂ ਸਾਹਿਬ ਦੀ ਸਾਰੀ ਗੱਲ ਬਾਤ ਸੁਣਦੀ ਰਹੀ। ਗੁਰੂ ਸਾਹਿਬ ਵਿੱਚ ਹੁਣ ਉਸ ਦਾ ਭਰੋਸਾ ਬੱਝ ਚੁੱਕਾ ਸੀ ਕਿ ਉਸਦਾ ਪੁੱਤਰ ਨਿਰੰਕਾਰ ਦਾ ਰੂਪ ਹੈ। ਪਰ ਕਿਹਾ ਜਾਂਦਾ ਹੈ ਕਿ ਉਹ ਮਾਇਆ ਮੋਹ ਤੋਂ ਉਪਰ ਨਹੀ ਸੀ ਉਠ ਪਾਈ।

----◈-----

ਪੈੜ ਸਰੋਤ

⊙ ਸੋਢੀ 2- 319. ਲਗਦਾ ਹੈ ਕਿ ਗੁਰੂ ਘਰ ਨਾਲ ਭੱਟਾਂ ਦਾ ਜੋ ਰਿਸ਼ਤਾ ਬਣਦਾ ਹੈ ਉਹ ਇਸੇ ਦਾਸ ਭੱਟ ਕਰਕੇ ਹੀ ਹੋਂਦ ਵਿੱਚ ਆਉਦਾ ਹੈ।

ਜਨਮ ਸਾਖੀ ਅਨੁਸਾਰ ਭਾਈ ਮਰਦਾਨਾ ਵੀ ਮੌਜੂਦ ਹੁੰਦਾ ਹੈ। ਜਿਸਦਾ ਮਤਲਬ ਹੈ ਗੱਲ 1518 ਦੀ ਹੀ ਲੱਗਦੀ ਹੈ। ਧਰਮਸਾਲ ਪੱਖੋਕੇ। ਸੋਢੀ 2 -329/330 ਤੇ ਤਾਂ ਸਾਫ ਹੀ ਲਿਖਿਆ ਹੈ ਕਿ ਰਾਵੀ ਦੇ ਕਿਨਾਰੇ ਬੈਠਾ ਸੀ ਤੇ 12 ਸਾਲੀ ਆਇਆ ਹੈ।

◈ ਸੋਢੀ 2-326। ✚ਸੋਢੀ 2 -329/330 ਤੇ ਤਾਂ ਸਾਫ ਹੀ ਲਿਖਿਆ ਹੈ ਕਿ ਰਾਵੀ ਦੇ ਕਿਨਾਰੇ ਬੈਠਾ ਸੀ ਤੇ 12 ਸਾਲੀ ਆਇਆ ਹੈ। ਮਤਲਬ ਕਿ ਸਾਹਿਬ ਤਲਵੰਡੀ ਵੀ ਗਏ ਤੇ ਪੱਖੋਕੇ ਵੀ।

## 'ਬਿਨੁ ਦਮ ਕੇ ਸਉਦਾ ਨਹੀ ਹਾਟ॥'◈

ਇਨਾਂ ਹੀ ਦਿਨਾਂ ਵਿੱਚ ਇਲਾਕੇ ਵਿੱਚ ਕੋਈ ਸਾਧੂ ਹੱਠ ਕਰਕੇ ਗੁਜਰ ਗਿਆ। ਅਕਸਰ ਹੀ ਸਾਧੂ ਇਹ ਕੁਝ ਕਰ ਲਿਆ ਕਰਦੇ ਸਨ। ਕੋਈ ਖਾਣਾ ਪੀਣਾ ਛੱਡ ਦਿੰਦਾ ਸੀ ਕੋਈ ਉੱਚੀ ਥਾਂ ਤੋਂ ਛਾਲ ਮਾਰ ਦਿੰਦਾ ਸੀ ਕੋਈ ਜੀਂਦੇ ਜੀਅ ਭੋਰੇ ਵਿੱਚ ਬੰਦ ਹੋ ਜਾਂਦਾ ਸੀ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਨਿਰੰਕਾਰ ਨਾਲ ਤੁਸੀ ਇਹੋ ਜਿਹੀ ਜਿੱਦ ਨਹੀ ਕਰ ਸਕਦੇ। ਰੱਬ ਦੇ ਮਿਲਾਪ ਵਿੱਚ ਜੋਰ ਜਾਂ ਹੱਠ ਸਹਾਈ ਨਹੀ ਹੁੰਦਾ। ਇਸ ਨਾਲ ਨਿਰੰਕਾਰ ਦੀ ਖੁਸ਼ੀ ਪ੍ਰਾਪਤ ਨਹੀ ਹੁੰਦੀ ਸਗੋਂ ਹੁਕਮ ਅਦੂਲੀ ਹੁੰਦੀ ਹੈ। ਉਹਦੇ ਹੁਕਮ ਵਿੱਚ ਚਲਣਾ ਹੀ ਉਹਦੀ ਪ੍ਰਾਪਤੀ ਦਾ ਸਾਧਨ ਹੈ।

ਬਾਕੀ ਗੁਰੂ ਸਾਹਿਬ ਨੇ ਕਿਹਾ ਕਿ ਪੈਸੇ ਬਿਨਾਂ ਸੌਦਾ ਨਹੀ ਹੁੰਦਾ। ਏਸੇ ਪ੍ਰਕਾਰ ਗੁਰੂ ਬਿਨਾਂ ਗਤੀ ਨਹੀ ਹੈ।

ਗਉੜੀ ਮਹਲਾ ੧ ॥ ਹਠੁ ਕਰਿ ਮਰੈ ਨ ਲੇਖੈ ਪਾਵੈ ॥ ਵੇਸ ਕਰੈ ਬਹੁ ਭਸਮ ਲਗਾਵੈ ॥ ਨਾਮੁ ਬਿਸਾਰਿ ਬਹੁਰਿ ਪਛੁਤਾਵੈ ॥੧॥ ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ ॥ ਨਾਮੁ ਬਿਸਾਰਿ ਸਹਹਿ ਜਮ ਦੂਖ ॥੧॥ ਰਹਾਉ ॥ ਚੋਆ ਚੰਦਨ ਅਗਰ ਕਪੂਰਿ ॥ ਮਾਇਆ ਮਗਨੁ ਪਰਮ ਪਦੁ ਦੂਰਿ ॥ ਨਾਮਿ ਬਿਸਾਰਿਐ ਸਭੁ ਕੂੜੋ ਕੂਰਿ ॥੨॥ ਨੇਜੇ ਵਾਜੇ ਤਖਤਿ ਸਲਾਮੁ ॥ ਅਧਕੀ ਤ੍ਰਿਸਨਾ ਵਿਆਪੈ ਕਾਮੁ ॥ ਬਿਨੁ ਹਰਿ ਜਾਚੇ ਭਗਤਿ ਨ ਨਾਮੁ ॥੩॥ ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ ॥ ਮਨੁ ਦੇ ਪਾਵਹਿ ਨਾਮੁ ਸੁਹੇਲਾ ॥ ਦੂਜੈ ਭਾਇ ਅਗਿਆਨੁ ਦੁਹੇਲਾ ॥੪॥ ਬਿਨੁ ਦਮ ਕੇ ਸਉਦਾ ਨਹੀ ਹਾਟ ॥ ਬਿਨੁ ਬੋਹਿਥ ਸਾਗਰ ਨਹੀ ਵਾਟ ॥ ਬਿਨੁ ਗੁਰ ਸੇਵੇ ਘਾਟੇ ਘਾਟਿ ॥੫॥ ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥ ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥ ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥੬॥ ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥ ਗੁਰ ਸਬਦੀ ਮਥਿ ਅੰਮ੍ਰਿਤੁ ਪੀਉ ॥ ਨਾਮ ਵਡਾਈ ਤੁਧੁ ਭਾਣੈ ਦੀਉ ॥੭॥ ਨਾਮ ਬਿਨਾ ਕਿਉ ਜੀਵਾ ਮਾਇ ॥ ਅਨਦਿਨੁ ਜਪਤੁ ਰਹਉ ਤੇਰੀ ਸਰਣਾਇ ॥ ਨਾਨਕ ਨਾਮਿ ਰਤੇ ਪਤਿ ਪਾਇ ॥੮

----◈-----

## ਮਾਤਾ ਨੂੰ ਆਖਿਆ ਕਿ ਮੋਹ ਛੱਡ ਦੇ ✚

ਗੁਰੂ ਸਾਹਿਬ ਇੱਕ ਦਿਨ ਰਾਵੀ ਦੇ ਕੰਢੇ ਜਾ ਬਿਰਾਜੇ ਤੇ ਸ਼ਾਮ ਤੱਕ ਬਿਨਾ ਕੁਝ ਖਾਧੇ ਪੀਤੇ ਬੈਠੇ ਰਹੇ। ਸ਼ਾਮੀ ਮਾਤਾ ਤ੍ਰਿਪਤਾ ਨੂੰ ਚਿੰਤਾ ਹੋਈ ਤੇ ਉਸ ਪੁੱਛਣਾ ਕੀਤੀ ਕਿ ਕਿਸੇ ਨੇ ਬਾਬੇ ਨੂੰ ਵੇਖਿਆ ਹੋਵੇ ਤਾਂ ਇੱਕ ਕਿਸਾਨ ਨੇ ਦੱਸਿਆ ਕਿ ਬਾਬਾ ਤਾਂ ਰਾਵੀ ਕੰਢੇ ਬੈਠਾ ਹੋਇਆ ਹੈ। ਮਾਤਾ ਉਸ ਕਿਸਾਨ ਨੂੰ ਲੈ ਕੇ ਗਈ ਤੇ ਜਾ ਕੇ ਗੁਰੂ ਸਾਹਿਬ ਦੇ ਸਾਹਮਣੇ ਬਹੁਤ ਰੋਈ ਪਿੱਟੀ ਕਿ ਤੂੰ ਆਪਣਾ ਧਿਆਨ ਨਹੀ ਰੱਖਦਾ। ਕਿਸਾਨ ਵੀ ਬਾਬੇ ਨੂੰ ਕਹਿਣ ਲੱਗਾ ਕਿ ਕੁਝ ਤਾਂ ਖਿਆਲ ਕਰਿਆ ਕਰੋ ਮਾ ਦਾ, ਇਹ ਮਰ ਮਰ ਜਾ ਰਹੀ ਹੈ। ਗੁਰੂ ਸਾਹਿਬ ਨੇ ਕਿਹਾ ਕਿ ਮਾਤਾ ਮੋਹ ਵਿੱਚ ਫਸੀ ਪਈ ਹੈ। ਗੁਰੂ ਸਾਹਿਬ ਨੇ ਦੱਸਿਆ ਕਿ ਮੋਹ ਵੀ ਵੱਡੀ ਪੁਆੜੇ ਦੀ ਜੜ੍ਹ ਹੈ। ਮੋਹ ਕਰਕੇ ਹੀ ਬੰਦਾ ਕਈ ਬੁਰਾਈਆਂ ਵੀ ਕਰ ਜਾਂਦਾ ਹੈ। ਸਾਹਿਬ ਨੇ ਰਾਵੀ ਕੰਢੇ ਸ਼ਬਦ ਉਚਾਰਿਆ ਤੇ ਉੱਚੀ ਸੁਰ ਵਿੱਚ ਗਾਇਆ:

ਆਸਾ ਮਹਲਾ ੧ ਪੰਚਪਦੇ ॥ ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥ ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥ ਸਚੁ ਨਾਮੁ ਜਾ ਨਵ ਨਿਧਿ ਪਾਈ ॥ ਰੋਵੈ ਪੂਤੁ ਨ ਕਲਪੈ ਮਾਈ ॥੨॥ ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰਿ ॥੩॥ ਏਤੁ ਮੋਹਿ ਫਿਰਿ ਜੂਨੀ ਪਾਹਿ ॥ ਮੋਹੇ ਲਾਗਾ ਜਮ ਪੁਰਿ ਜਾਹਿ ॥੪॥ ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥ ਨਦਰਿ ਕਰੇ ਤਾ ਏਹੁ ਮੋਹੁ ਜਾਇ ॥ ਨਾਨਕ ਹਰਿ ਸਿਉ ਰਹੈ ਸਮਾਇ ॥